ਸੋਲਵਾਂ ਸਾਲ

PARDES TIMES

16th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)

www.pardestimes.com

ਮਾਂ ਬੋਲੀ ਨੂੰ ਸਮਰਪਿਤ

pardestimes

ਰਣਜੀਤ ਕੰਦੋਲਾ ਐਮ. ਬੀ. ਏ. ਮੈਨੇਜਿੰਗ ਐਡੀਟਰ

VOL- 16 | No. 397 | May 11, 2022 | E-mali : info@pardestimes.com | Ph 510-938-7771, 510-516-3536


## ਸ਼ਾਹੀ ਪਰਿਵਾਰ ਤੇ ਕਾਂਗਰਸ ਦਾ ਰਿਸ਼ਤਾ ਖ਼ਤਮ ਹੁੰਦਿਆਂ ਹੀ ਸੁੰਨਸਾਨ ਹੋਇਆ ਮੋਤੀ ਮਹਿਲ

ਪਟਿਆਲਾ- ਕਿਸੇ ਵੇਲੇ ਪੰਜਾਬ ਦੀ ਸਿਆਸਤ ਅਤੇ ਕਾਂਗਰਸ ਪਾਰਟੀ ਦਾ ਧੁਰਾ ਮੰਨੇ ਜਾਂਦੇ ਮੋਤੀ ਮਹਿਲ ਦੀ ਚਮਕ ਦਿਨੋ ਦਿਨ ਫਿੱਕੀ ਹੁੰਦੀ ਜਾ ਰਹੀ ਹੈ। ਕਾਂਗਰਸ ਪਾਰਟੀ ਨੇ ਕੈਪਟਨ ਅਮਰਿੰਦਰ ਸਿੰਘ ਤੋਂ ਬਾਅਦ ਹੁਣ ਪ੍ਰਨੀਤ ਕੌਰ ਨੂੰ ਵੀ ਆਪਣੇ ਤੋਂ ਵੱਖ ਕਰ ਦਿੱਤਾ ਹੈ। ਦਿਲਚਸਪ ਹੈ ਕਿ ਕਾਂਗਰਸ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਲੋਂ ਪ੍ਰਨੀਤ ਕੌਰ ਨੂੰ ਪਾਰਟੀ ਦਾ ਹਿੱਸਾ ਨਾ ਹੋਣ ਦੀ ਗੱਲ ਪਟਿਆਲਾ ਜ਼ਿਲ੍ਹੇ 'ਚ ਕੀਤੇ ਦੌਰਿਆਂ ਤੋਂ ਬਾਅਦ ਕੀਤਾ ਹੈ। ਪਰਨੀਤ ਕੌਰ ਵਲੋਂ ਵਿਧਾਨ ਸਭਾ ਚੋਣਾਂ ਵੀ ਦੌਰਾਨ ਮੋਤੀ ਮਹਿਲ ਵਿਚ ਬੈਠ ਕੇ ਕਾਂਗਰਸ



ਦੀ ਬਜਾਏ ਆਪਣੇ ਪਤੀ ਕੈਪਟਨ ਅਮਰਿੰਦਰ ਸਿੰਘ ਦੀ ਮਦਦ ਕੀਤੀ ਜਾਂਦੀ ਰਹੀ ਹੈ। ਜਿਸ ਬਾਰੇ ਕਾਂਗਰਸ ਪਾਰਟੀ ਵਲੋਂ ਪ੍ਰਨੀਤ ਕੌਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਸੀ। ਪ੍ਰਨੀਤ ਕੌਰ ਨੇ ਇਸ ਪੱਤਰ ਦਾ ਜਵਾਬ ਦੇਣ ਦੀ ਬਜਾਏ ਪੰਜਾਬ ਲੋਕ ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਦਾ ਸਾਥ ਦਿੰਦੇ ਰਹੇ ਹਨ। ਕਾਂਗਰਸ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਲੋਂ ਪਿਛਲੇ ਦਿਨਾਂ 'ਚ ਪਟਿਆਲਾ ਜ਼ਿਲ੍ਹੇ ਦੇ ਵੱਖ-ਵੱਖ ਹਲਕਿਆਂ 'ਚ ਸੀਨੀਅਰ ਆਗੂਆਂ ਨਾਲ ਬੈਠਕਾਂ ਕੀਤੀਆਂ ਗਈਆਂ ਹਨ। ਪ੍ਰਨੀਤ ਕੌਰ ਕਾਂਗਰਸ ਪ੍ਰਧਾਨ ਦੇ ਇਨਾਂ ਦੌਰਿਆਂ ਤੋਂ ਵੀ ਦੂਰ ਰਹੇ ਹਨ। ਬੀਤੇ ਦਿਨ ਮੋਤੀ ਮਹਿਲ ਦੇ ਬਿਲਕੁੱਲ ਸਾਹਮਣੇ ਰਹਿੰਦੇ ਸਾਬਕਾ ਮੰਤਰੀ ਬ੍ਰਹਮ ਮੋਹਿੰਦਰਾ ਦੇ ਘਰ ਵੀ ਪੁੱਜੇ ਸਨ। ਜਿਸ ਤੋਂ ਅਗਲੇ ਦਿਨ ਹੀ ਪ੍ਰਧਾਨ ਵਲੋਂ ਪ੍ਰਨੀਤ ਕੌਰ ਸਬੰਧੀ ਖੁੱਲ੍ਹ ਕੇ ਬਿਆਨ ਦਿੱਤਾ ਹੈ। ਕੈਪਟਨ ਅਮਰਿੰਦਰ ਸਿੰਘ ਵਲੋਂ ਪਾਰਟੀ ਛੱਡਣ ਤੋਂ ਬਾਅਦ ਕਾਂਗਰਸ ਨੂੰ ਵਿਧਾਨ ਸਭਾ ਚੋਣਾਂ ਵਿਚ ਵੀ ਨੁਕਸਾਨ ਝੱਲਣਾ ਪਿਆ ਹੈ। ਪਾਰਟੀ ਦੀ ਮਜਬੂਤੀ ਲਈ ਪਾਰਟੀ ਪ੍ਰਧਾਨ ਰਾਜਾ ਵੜਿੰਗ ਵਲੋਂ ਪਟਿਆਲਾ ਜ਼ਿਲ੍ਹੇ ਦੇ ਆਗੂਆਂ ਤੇ ਵਰਕਰਾਂ ਨਾਲ ਮੁਲਾਕਾਤ ਦੀ ਵਿਸ਼ੇਸ਼ ਮੁਹਿੰਮ ਵਿੱਢੀ ਗਈ ਹੈ ਜਿਸ ਤਹਿਤ ਉਹ ਹਲਕਾ ਸਮਾਣਾ, ਪਾਤੜਾਂ, ਨਾਭਾ ਤੇ ਘਨੌਰ ਦੇ ਸੀਨੀਅਰ ਆਗੂਆਂ ਤੇ ਸਾਬਕਾ ਵਿਧਾਇਕਾਂ ਨਾਲ ਬੈਠਕਾਂ ਕੀਤੀਆਂ ਗਈਆਂ ਹਨ। ਮੰਨਿਆ ਜਾ ਰਿਹਾ ਹੈ ਕਿ ਇਨਾਂ ਬੈਠਕਾਂ ਦੌਰਾਨ ਆਗੂਆਂ ਤੋਂ ਮਿਲੇ ਸੁਝਾਵਾਂ ਤੋਂ ਬਾਅਦ ਪਾਰਟੀ ਪ੍ਰਧਾਨ ਦੇ ਪ੍ਰਨੀਤ ਕੌਰ ਦਾ ਪਾਰਟੀ ਨਾਲ ਕੋਈ ਰਿਸ਼ਤਾ ਨਾ ਹੋਣ ਦਾ ਗੱਲ ਕਹੀ ਹੈ।

# ਰੂਸ-ਯੂਕਰੇਨ ਜੰਗ ਕਾਰਨ ਔਖੀ ਹੋਈ ਦੁਨੀਆਂ

## ਸ਼ਾਂਤੀ ਸਥਾਪਤ ਕਰਨ ਲਈ ਜਰਮਨੀ ਤੇ ਫਰਾਂਸ ਵਿਚੋਲਗੀ ਕਰਨ ਲਈ ਤਿਆਰ

ਬਰਲਿਨ – ਫਰਾਂਸ ਅਤੇ ਜਰਮਨੀ ਨੇ ਯੂਕਰੇਨ ਵਿੱਚ ਤੁਰੰਤ ਜੰਗਬੰਦੀ ਦੀ ਅਪੀਲ ਕੀਤੀ ਹੈ। ਦੋਵਾਂ ਦੇਸ਼ਾਂ ਨੇ ਕੀਵ ਅਤੇ ਮਾਸਕੋ ਵਿਚਾਲੇ ਸ਼ਾਂਤੀ ਵਾਰਤਾ 'ਚ ਵਿਚੋਲੇ ਦੀ ਭੂਮਿਕਾ ਨਿਭਾਉਣ ਦੀ ਪੇਸ਼ਕਸ਼ ਵੀ ਕੀਤੀ ਹੈ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਦਾ ਕਹਿਣਾ ਹੈ ਕਿ ਉਹ ਦੋਹਾਂ ਦੇਸ਼ਾਂ ਵਿਚਾਲੇ ਤਣਾਅ ਨੂੰ ਘੱਟ ਕਰਨ ਅਤੇ ਸ਼ਾਂਤੀ ਸਥਾਪਿਤ ਕਰਨ ਲਈ ਆਪਣੀ ਅਹਿਮ ਭੂਮਿਕਾ ਨਿਭਾਉਣ ਲਈ ਤਿਆਰ ਹਨ। ਇਸ ਦੇ ਨਾਲ ਹੀ ਜਰਮਨੀ ਦੇ ਚਾਂਸਲਰ ਓਲਾਫ ਸਕੋਲਜ਼ ਨੇ ਯੂਕਰੇਨ ਤੋਂ ਰੂਸੀ ਫੌਜਾਂ ਨੂੰ ਵਾਪਸ ਬੁਲਾਉਣ ਲਈ ਕਦਮ ਚੁੱਕਣ ਦੀ ਗੱਲ ਕੀਤੀ ਹੈ। ਉਸ ਦਾ ਇਹ ਵੀ ਕਹਿਣਾ ਹੈ ਕਿ ਇਸ ਤੋਂ ਪਹਿਲਾਂ ਦੋਵਾਂ ਵਫ਼ਦਾਂ ਦਾ ਸ਼ਾਂਤੀ ਕਾਇਮ ਕਰਨ ਬਾਰੇ ਗੱਲਬਾਤ ਕਰਨਾ ਬਹੁਤ ਜ਼ਰੂਰੀ ਹੈ। ਮੈਕਰੋਨ ਅਤੇ ਓਲਾਫ ਨੇ ਇੱਕ ਸੰਯੁਕਤ ਪ੍ਰੈਸ ਕਾਨਫਰੰਸ ਵਿੱਚ ਇਹ ਗੱਲ ਕਹੀ। ਦੋਵਾਂ ਦਾ ਕਹਿਣਾ ਹੈ ਕਿ ਇਸ ਜੰਗ ਦਾ ਹੱਲ ਗੱਲਬਾਤ ਰਾਹੀਂ ਹੀ ਲੱਭਿਆ ਜਾ ਸਕਦਾ ਹੈ। ਇਸ ਦੇ ਲਈ ਰੂਸ ਅਤੇ ਯੂਕਰੇਨ ਦੋਵਾਂ ਨੂੰ ਗੱਲਬਾਤ ਦੀ ਮੇਜ਼ 'ਤੇ ਆਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮਕਸਦ ਸਿਰਫ ਦੋਹਾਂ ਦੇਸ਼ਾਂ ਵਿਚਾਲੇ ਸ਼ਾਂਤੀ ਸਥਾਪਿਤ ਕਰਕੇ ਜੰਗ ਨੂੰ ਰੋਕਣਾ ਹੈ। ਇਸ ਦੇ ਲਈ ਉਹ ਗੱਲਬਾਤ ਲਈ ਸ਼ਰਤਾਂ ਅਤੇ ਨੁਕਤੇ ਤੈਅ ਕਰਨ ਵਿੱਚ ਯੂਕਰੇਨ ਦੀ ਮਦਦ ਕਰ ਸਕਦੇ ਹਨ। ਇਸ ਪ੍ਰੈਸ ਕਾਨਫਰੰਸ ਵਿੱਚ ਮੈਕਰੋਨ ਨੇ ਕਿਹਾ ਕਿ ਉਹ ਜਲਦੀ ਹੀ ਇੱਕ ਨਵਾਂ ਯੂਰਪੀਅਨ ਭਾਈਚਾਰਾ ਬਣਾਉਣ ਦੇ ਮੁੱਦੇ ਉੱਤੇ ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਨਾਲ ਗੱਲ ਕਰਨਗੇ। ਉਸਨੇ ਇਸ ਬਾਰੇ ਓਲਾਫ ਨਾਲ ਵੀ ਗੱਲ ਕੀਤੀ।

ਮੈਕਰੋਨ ਨੇ ਪਹਿਲਾਂ ਕਿਹਾ ਸੀ ਕਿ ਯੂਕਰੇਨ ਨੂੰ ਯੂਰਪੀ ਸੰਘ ਦਾ ਮੈਂਬਰ ਬਣਨ ਲਈ ਕੁਝ ਸਾਲ ਤੋਂ ਦਹਾਕਿਆਂ ਤਕ ਦਾ ਸਮਾਂ ਲੱਗ ਸਕਦਾ ਹੈ। ਇਹ ਯੂਰਪੀਅਨ ਯੂਨੀਅਨ ਦੇ ਆਪਣੇ ਮਿਆਰ ਨੂੰ



ਪੂਰਾ ਕਰਨ ਤੋਂ ਬਾਅਦ ਦਾ ਸਮਾਂ ਵੀ ਹੈ। ਜ਼ਿਕਰਯੋਗ ਹੈ ਕਿ ਰੂਸ ਅਤੇ ਯੂਕਰੇਨ ਵਿਚਾਲੇ ਗੱਲਬਾਤ ਦੀ ਸ਼ੁਰੂਆਤ ਫਰਵਰੀ ਦੇ ਆਖਰੀ ਦਿਨਾਂ 'ਚ ਹੋਈ ਸੀ। ਦੋਵਾਂ ਦੇਸ਼ਾਂ ਦੇ ਪ੍ਰਤੀਨਿਧਾਂ ਵਿਚਾਲੇ ਇਹ ਗੱਲਬਾਤ ਬੇਲਾਰੂਸ ਦੀ ਸਰਹੱਦ 'ਤੇ ਹੋਈ। ਇਸ ਗੱਲਬਾਤ 'ਚ ਦੋਵਾਂ ਦੇਸ਼ਾਂ ਨੇ ਇਸ ਨੂੰ ਅੱਗੇ ਜਾਰੀ ਰੱਖਣ 'ਤੇ ਸਹਿਮਤੀ ਜਤਾਈ ਸੀ। ਮਾਰਚ ਦੇ ਆਖਰੀ ਦਿਨਾਂ 'ਚ ਦੋਹਾਂ ਦੇਸ਼ਾਂ ਦੇ ਵਫਦ ਦੀ ਤੁਰਕੀ 'ਚ ਮੁਲਾਕਾਤ ਹੋਈ ਸੀ, ਜਿਸ 'ਚ ਯੂਕਰੇਨ ਵਾਲੇ ਪਾਸੇ ਜੰਗਬੰਦੀ ਦਾ ਪ੍ਰਸਤਾਵ ਰੱਖਿਆ ਗਿਆ ਸੀ।

ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰਾਂ ਨੇ ਰੂਸ ਅਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਦਰਮਿਆਨ ਇਕ ਰਿਪੋਰਟ ਜਾਰੀ ਕੀਤੀ ਹੈ। ਯੂਕਰੇਨ ਲਈ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਦੇ ਨਿਗਰਾਨ ਮਿਸ਼ਨ ਦੇ ਮੁਖੀ ਨੇ ਮੰਗਲਵਾਰ ਨੂੰ ਕਿਹਾ ਕਿ ਯੁੱਧ ਕਾਰਨ ਹੋਈਆਂ ਮੌਤਾਂ ਦੇ ਅਧਿਕਾਰਤ ਅੰਕੜੇ ਅੱਧ-ਸੱਚ ਹਨ। ਦਰਅਸਲ ਅਧਿਕਾਰਤ ਅੰਕੜਿਆਂ ਮੁਤਾਬਕ ਰੂਸ ਅਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਦੌਰਾਨ 3,381 ਨਾਗਰਿਕ ਮਾਰੇ ਜਾ ਚੁੱਕੇ ਹਨ। ਯੂਕਰੇਨ ਵਿੱਚ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਨਿਗਰਾਨੀ ਮਿਸ਼ਨ ਦੀ ਮੁਖੀ, ਮਾਟਿਲਡਾ ਬੋਗਨਰ ਨੇ ਇੱਕ ਪ੍ਰੈਸ ਬ੍ਰੀਫਿੰਗ ਵਿੱਚ ਕਿਹਾ ਕਿ ਅਸੀਂ ਇਸ ਸਮੇਂ ਮਰਨ ਵਾਲਿਆਂ ਦੀ ਗਿਣਤੀ ਦਾ ਅੰਦਾਜ਼ਾ ਲਗਾ ਰਹੇ ਹਾਂ, ਪਰ ਮੈਂ ਸਿਰਫ ਇੰਨਾ ਹੀ ਕਹਿ ਸਕਦਾ ਹਾਂ ਕਿ ਅਸੀਂ ਤੁਹਾਨੂੰ ਮੌਤ ਦੇ ਅਧਿਕਾਰਤ ਅੰਕੜਿਆਂ ਤੋਂ ਲਗਭਗ ਹਜ਼ਾਰਾਂ ਤੋਂ ਵੱਧ ਦੱਸਿਆ ਹੈ। ਲੋਕ ਜੰਗ ਵਿੱਚ ਮਾਰੇ ਗਏ ਹਨ। ਉਨ੍ਹਾਂ ਅੱਗੇ ਕਿਹਾ ਕਿ ਮਾਰੀਉਪੋਲ ਸ਼ਹਿਰ ਵਿੱਚ ਕਿੰਨੇ ਲੋਕਾਂ ਦੀ ਮੌਤ ਹੋਈ ਹੈ, ਇਸ ਦਾ ਅੰਕੜਾ ਦੱਸਣਾ ਬਹੁਤ ਮੁਸ਼ਕਲ ਹੈ। ਸੰਯੁਕਤ ਰਾਸ਼ਟਰ ਦੀ ਟੀਮ, ਜਿਸ ਵਿੱਚ ਯੂਕਰੇਨ ਵਿੱਚ 55 ਮਾਨੀਟਰ ਸ਼ਾਮਲ ਹਨ, ਨੇ ਕਿਹਾ ਹੈ ਕਿ ਜ਼ਿਆਦਾਤਰ ਮੌਤਾਂ ਮਿਜ਼ਾਈਲਾਂ ਅਤੇ ਹਵਾਈ ਹਮਲੇ ਵਰਗੇ ਵਿਆਪਕ ਪ੍ਰਭਾਵ ਵਾਲੇ ਵਿਸਫੋਟਕ ਹਥਿਆਰਾਂ ਦੀ ਵਰਤੋਂ ਕਾਰਨ ਹੋਈਆਂ ਹਨ। ਸੰਯੁਕਤ ਰਾਸ਼ਟਰ ਦੀ ਰਿਪੋਰਟ ਮੁਤਾਬਕ ਯੁੱਧ ਦੌਰਾਨ 3,381 ਬੇਕਸੂਰ ਨਾਗਰਿਕ ਮਾਰੇ ਗਏ ਹਨ ਅਤੇ 3,680 ਲੋਕ ਜ਼ਖਮੀ ਹੋਏ ਹਨ। ਤੁਹਾਨੂੰ ਦੱਸ ਦੇਈਏ ਕਿ ਰੂਸੀ ਫੌਜ ਨੇ ਸ਼ਨੀਵਾਰ ਨੂੰ ਦੱਖਣੀ ਯੂਕਰੇਨ ਦੇ ਸ਼ਹਿਰ ਓਡੇਸਾ 'ਚ ਕਰੂਜ਼ ਮਿਜ਼ਾਈਲਾਂ ਦਾਗੀਆਂ ਅਤੇ ਮਾਰੀਉਪੋਲ 'ਚ ਘੇਰੇ ਹੋਏ ਸਟੀਲ ਪਲਾਂਟ 'ਤੇ ਬੰਬਾਰੀ ਕੀਤੀ।

ਨਿਊਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਕ ਯੂਕਰੇਨ ਵਿੱਚ 7000 ਤੋਂ ਵੱਧ ਰੂਸੀ ਸੈਨਿਕ ਮਾਰੇ ਗਏ ਹਨ। ਸੰਯੁਕਤ ਰਾਸ਼ਟਰ ਦੇ ਮਾਨਵਤਾਵਾਦੀ ਦਫਤਰ ਦੇ ਮੁਖੀ ਨੇ ਕਿਹਾ ਕਿ ਯੁੱਧ ਕਾਰਨ 11.3 ਮਿਲੀਅਨ ਯੂਕਰੇਨੀ ਨਾਗਰਿਕਾਂ ਨੂੰ ਆਪਣੇ ਘਰ ਛੱਡਣੇ ਪਏ ਹਨ।




















# ਧਰਮ ਦੇ ਨਾਂ 'ਤੇ ਨਫ਼ਰਤ ਦਾ ਵਪਾਰ ਅਤੇ ਰਾਜਨੀਤੀ



ਅਵਿਜੀਤ ਪਾਠਕ

ਪਿਛਲੇ ਦਿਨੀਂ ਮੈਂ ਖ਼ਾਸ ਤੌਰ 'ਤੇ ਮੁਸਲਿਮ ਬਹੁਗਿਣਤੀ ਵਾਲੇ ਮੰਨੇ ਜਾਂਦੇ ਇਲਾਕੇ ਜਿਸ ਨੂੰ ਪੁਰਾਣੀ ਦਿੱਲੀ ਆਖਿਆ ਜਾਂਦਾ ਹੈ, ਦੀਆਂ ਭੀੜੀਆਂ ਗਲੀਆਂ ਵਿਚੋਂ ਲੰਘ ਰਿਹਾ ਸਾਂ, ਉਹ ਵੀ ਰਮਜ਼ਾਨ ਦੇ ਮਹੀਨੇ, ਤੇ ਇਸ ਮੌਕੇ ਮੈਂ ਜ਼ੋਰਦਾਰ ਅੰਦਰੂਨੀ ਮੰਥਨ ਵਿਚੋਂ ਗੁਜ਼ਰਿਆ। ਮੇਰੇ ਸਾਹਮਣੇ ਆਪਣੇ ਲਈ ਹੀ ਪ੍ਰੇਸ਼ਾਨ ਕਰਨ ਵਾਲੇ ਸਵਾਲਾਂ ਦੀ ਪੂਰੀ ਲੜੀ ਖੜ੍ਹੀ ਹੋ ਗਈ। ਮੈਂ ਕੌਣ ਹਾਂ? ਕੀ ਮੈਂ ਮਹਿਜ਼ 'ਹਿੰਦੂ' ਹਾਂ ਜਿਹੜਾ ਮੁਸਲਿਮ ਭਾਈਚਾਰੇ ਨੂੰ ਅਲਹਿਦਾ ਕਰਨ ਅਤੇ ਉਨ੍ਹਾਂ ਨੂੰ ਕੁਝ ਖ਼ਾਸ ਰੂੜ੍ਹੀਵਾਦੀ ਰਿਵਾਜ਼ਾਂ ਜਿਵੇਂ ਕਬਾਬ ਤੇ ਬਰਿਆਨੀ, ਦਾੜ੍ਹੀ ਤੇ ਹਿਜਾਬ ਜਾਂ ਅੱਲ੍ਹਾ-ਹੂ-ਅਕਬਰ ਦੇ ਨਾਅਰਿਆਂ ਰਾਹੀਂ ਦੇਖਣ ਵਿਚ ਮਸ਼ਗੂਲ ਹਾਂ? ਜਾਂ ਫਿਰ ਕੀ ਮੈਂ ਇਕ ਸੱਭਿਆਚਾਰਕ ਮਾਨਵਵਿਗਿਆਨੀ ਵਰਗਾ ਹਾਂ ਜਿਹੜਾ ਕਿਸੇ ਦੂਰ-ਦੁਰਾਡੀ ਥਾਂ ਫੀਲਡ ਵਰਕ (ਜ਼ਮੀਨੀ ਪੱਧਰ 'ਤੇ ਕੰਮ) ਕਰ ਰਿਹਾ ਹੋਵਾਂ? ਇਸੇ ਤਰ੍ਹਾਂ, ਕੀ ਮੈਂ ਇਨ੍ਹਾਂ ਮੁਸਲਮਾਨ ਲੋਕਾਂ ਦੀ ਭੀੜ ਵਿਚ ਖ਼ੁਦ ਨੂੰ ਡਰੇ ਅਤੇ ਘਬਰਾਏ ਹੋਏ ਕਿਸੇ ਅਜਨਬੀ ਵਾਂਗ ਦੇਖ ਰਿਹਾ ਹਾਂ? ਜਾਂ ਮੈਂ ਆਪਣੇ ਆਪ ਨੂੰ ਲੋਕਾਂ ਨਾਲ ਮਿਲਾ ਰਿਹਾ ਹਾਂ ਜਿਥੇ ਅਮੀਰ ਤੇ ਗ਼ਰੀਬ, ਮੰਗਤੇ ਤੇ ਫ਼ਕੀਰ, ਸਾਡੇ ਸਾਂਝੇ ਇਤਿਹਾਸ ਤੇ ਇਨਸਾਨੀਅਤ ਦਾ ਅਹਿਸਾਸ ਕਰ ਰਹੇ ਹਨ ਅਤੇ ਨਾਲ ਹੀ ਹੋਰ ਬਹੁਤ ਸਾਰੀਆਂ ਘਟਨਾਵਾਂ ਦੀ ਅਹਿਮੀਅਤ ਨੂੰ ਤਸਲੀਮ ਕਰ ਰਹੇ ਹਨ, ਜਿਵੇਂ 1946 ਦੌਰਾਨ ਨੋਆਖਲੀ ਵਿਚ ਗਾਂਧੀ ਜਾਂ ਕੋਲਕਾਤਾ ਦੀਆਂ ਸੜਕਾਂ ਉਤੇ ਮਦਰ ਟੈਰੇਸਾ।

ਮੈਂ ਜਿਸ ਜਜ਼ਬਾਤੀ ਸਫ਼ਰ 'ਚੋਂ ਗੁਜ਼ਾਰਿਆ, ਉਸ ਨੂੰ ਮਹਿਜ਼ ਨਿਜੀ ਤਜਰਬੇ ਵਜੋਂ ਨਹੀਂ ਦੇਖਿਆ ਜਾ ਸਕਦਾ ਸਗੋਂ ਇਹ ਸਮਾਜ ਸ਼ਾਸਤਰ ਨਾਲ ਜੁੜਿਆ ਹੈ। ਇਸ ਬਾਰੇ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਆਓ ਅਸੀਂ ਇਸ ਵਕਤ ਬਾਰੇ ਸੋਚ-ਵਿਚਾਰ ਕਰੀਏ ਜਿਸ ਵਿਚ ਅਸੀਂ ਜੀਅ ਰਹੇ ਹਾਂ। ਜਿਉਂ ਜਿਉਂ ਕਿਸੇ ਦੇ ਧਾਰਮਿਕ ਰੀਤੀ-ਰਿਵਾਜ਼ ਹੋਰ ਜ਼ਿਆਦਾ ਸ਼ੋਰ ਭਰੇ ਤੇ ਦਿਖਾਵੇ ਵਾਲੇ ਹੋ ਰਹੇ ਹਨ, ਉਸੇ ਦੌਰਾਨ ਅਸੀਂ ਹਿੰਸਕ ਕਾਰਵਾਈਆਂ ਦੇ ਪ੍ਰਗਟਾਵੇ ਦੀ ਲੜੀ ਦੇਖ ਰਹੇ ਹਾਂ। ਜਿਵੇਂ ਸ਼ੋਰ-ਸ਼ਰਾਬੇ ਭਰੀ ਰਾਮ ਨੌਮੀ ਦੀ ਸੋਭਾ ਯਾਤਰਾ ਜਾਂ 'ਹਨੂੰਮਾਨ ਚਾਲੀਸਾ' ਦੇ ਪਾਠ ਨੂੰ ਮਹਿਜ਼ ਸਿਆਸੀ ਬਿਆਨ ਤੱਕ ਸੁੰਗੇੜ ਦੇਣਾ ਅਤੇ ਨਾਲ ਹੀ ਅਜਿਹੇ ਹਾਵਾਂ-ਭਾਵਾਂ ਤੇ ਪ੍ਰਤੀਕਾਂ ਦਾ ਮੁਜ਼ਾਹਰਾ ਜਿਹੜੇ ਸਾਡੇ ਅੰਦਰੂਨੀ ਸੰਸਾਰ ਨੂੰ, ਭਾਵ ਸਾਨੂੰ ਆਤਮਿਕ ਤੌਰ 'ਤੇ ਸਾਫ਼ ਤੇ ਨਿਰਮਲ ਕਰਨ ਦੀ ਥਾਂ ਉਲਟਾ ਵਿਆਪਕ ਪੱਧਰ 'ਤੇ ਪਾਗਲਪਣ ਵਰਗੇ ਜਨੂਨ, ਡਰ ਤੇ ਬੇਚੈਨੀ ਪੈਦਾ ਕਰਨ ਦਾ ਕਾਰਨ ਬਣ ਰਹੇ ਹਨ। ਹੈਰਾਨੀ ਦੀ ਗੱਲ ਨਹੀਂ ਹੈ ਕਿ ਅੱਜ ਦਿੱਲੀ ਤੋਂ ਲੈ ਕੇ ਗੁਜਰਾਤ ਤੱਕ ਅਜਿਹੇ ਇਕ ਤਰ੍ਹਾਂ ਦੇ ਦਿਖਾਵਾਕਾਰੀ ਧਾਰਮਿਕ ਕਰਮਾਂ-ਕਾਂਡਾਂ ਨੂੰ ਫ਼ਿਰਕੂ ਸਿਆਸਤ ਤੋਂ ਨਿਖੇੜਨਾ ਔਖਾ ਹੋ ਰਿਹਾ ਹੈ। ਇਨ੍ਹਾਂ ਜ਼ਖ਼ਮਾਂ ਉਤੇ ਅਗਾਂਹ ਲੂਣ ਛਿੜਕਣ ਵਾਲੀ ਗੱਲ ਹੁੰਦੀ ਹੈ, ਉਹ ਹਮਾਇਤ ਲੁਕਵੀਂ ਜਾਂ ਜ਼ਾਹਰਾ ਜਿਹੜੀ ਇਸ ਤਰ੍ਹਾਂ ਦੇ ਸ਼ੋਰੀਲੇ ਅਤੇ ਅਸੱਭਿਅਕ ਪ੍ਰਗਟਾਵਿਆਂ ਨੂੰ ਸਥਾਪਤੀ ਤੋਂ ਮਿਲਦੀ ਹੈ। ਧਾਰਮਿਕ ਇਕੱਤਰਤਾਵਾਂ ਵਿਚ ਨਫ਼ਰਤੀ ਭਾਸ਼ਣਾਂ ਤੇ ਪ੍ਰਗਟਾਵਿਆਂ ਦੇ ਮਕਬੂਲ ਹੁੰਦੇ ਜਾਣ ਅਤੇ ਨਾਲ ਹੀ 'ਬੁਲਡੋਜ਼ਰ ਸਿਆਸਤ' ਦੇ ਹੁਣ ਆਮ ਗੱਲ ਬਣ ਜਾਣ ਦੌਰਾਨ ਅਸੀਂ ਪਿਆਰ ਦੀ ਧਾਰਮਿਕਤਾ ਦੀ ਮੌਤ ਅਤੇ ਇਸ ਦੇ ਸਿੱਟੇ ਵਜੋਂ ਧਰਮ ਨੂੰ ਫੁੱਟ-ਪਾਊ ਵਲਗਣਾਂ ਖੜ੍ਹੀਆਂ ਕਰਨ ਵਾਲੀ ਸਖ਼ਤ ਪਛਾਣ ਦੇ ਦਾਅਵੇ ਵਜੋਂ ਦੇਖਣ ਲਈ ਮਜਬੂਰ ਹਾਂ।

ਸਿਆਸੀ ਤੌਰ 'ਤੇ ਅਸੀਂ ਇੰਤਹਾਪਸੰਦ ਰਾਸ਼ਟਰਵਾਦ ਦੇ ਵਿਖਿਆਨ ਦੇ ਆਦੀ ਹੋ ਰਹੇ ਹਾਂ। ਮਿਸਾਲ ਵਜੋਂ, ਹਿੰਦੂਤਵ ਦੇ ਵਿਚਾਰਵਾਨ ਸਾਰੇ ਹਿੰਦੂਆਂ ਨੂੰ ਉਨ੍ਹਾਂ ਦੇ ਜਾਤ ਜਾਂ ਜਮਾਤ ਆਧਾਰਿਤ ਵਖਰੇਵਿਆਂ ਦੇ ਬਾਵਜੂਦ ਇਕਮੁੱਠ ਕਰਨਾ ਚਾਹੁੰਦੇ ਹਨ ਅਤੇ ਨਾਲ ਹੀ ਉਹ ਹਿੰਦੂ ਪ੍ਰੰਪਰਾਵਾਂ ਤੇ ਪੁਰਾਣਿਕ ਮਿਥਿਹਾਸਕ ਕਥਾਵਾਂ ਦੇ ਅਖੰਡ ਪਾਠਾਂ ਰਾਹੀਂ ਅਤਿ ਮਰਦਾਵੇਂ/ਦਬਦਬੇ ਵਾਲੇ/ਫ਼ੌਜੀ ਦਾਬੇ ਵਾਲੀ ਸਟੇਟ/ਰਿਆਸਤ ਦੀਆਂ ਸੱਭਿਆਚਾਰਕ ਨੀਹਾਂ



ਮਜ਼ਬੂਤ ਕਰਨਾ ਚਾਹੁੰਦੇ ਹਨ। ਦੂਜੇ ਪਾਸੇ ਇੰਝ ਜਾਪਦਾ ਹੈ ਕਿ ਉਦਾਰਵਾਦੀ/ਖੱਬੇਪੱਖੀ ਵਿਖਿਆਨ ਦਾ ਧਰਮ ਨਿਰਪੱਖਤਾ ਵਾਲਾ ਤਰਕ ਹਿੰਦੂਤਵ ਦੀ ਮਾਨਸਿਕ ਤੇ ਜਜ਼ਬਾਤੀ ਖਿੱਚ ਦਾ ਟਾਕਰਾ ਕਰਨ ਵਿਚ ਨਾਕਾਮ ਸਾਬਤ ਹੋਇਆ ਹੈ ਅਤੇ ਹਿੰਦੂਤਵ ਦੇ ਜ਼ੋਰਦਾਰ ਹਾਵ-ਭਾਵ, ਇਸ ਦੇ ਸ਼ਾਨਦਾਰ ਪੂਜਾ-ਪਾਠ ਤੇ ਕਰਮ-ਕਾਂਡ, ਇਸ ਦੇ 'ਮਸੀਹਾ' ਦਾ ਨਾਟਕੀ ਪ੍ਰਦਰਸ਼ਨ ਅਤੇ ਇਸ ਸਭ ਕਾਸੇ ਤੋਂ ਵੱਧ ਜਿਵੇਂ ਇਹ ਧਰਮ ਦੇ ਵਿਰੋਧੀਆਂ ਮੁਸਲਮਾਨ, ਨਾਸਤਿਕ, ਔਰਤ ਪੱਖੀ, ਗਾਂਧੀਵਾਦੀ ਅਤੇ ਮਾਰਕਸਵਾਦੀ ਨੂੰ ਘੜਨ ਅਤੇ ਪਛਾਨਣ ਲਈ ਸਾਜ਼ਿਸ਼ ਦੇ ਸਿਧਾਂਤ ਦੀ ਸਿਰਜਣਾ ਕਰਦਾ ਹੈ, ਉਸ ਦਾ ਕੋਈ ਜਵਾਬ ਨਹੀਂ ਹੈ।

ਇੰਨਾ ਹੀ ਨਹੀਂ, ਹਿੰਦੂਆਂ ਨੂੰ ਉਨ੍ਹਾਂ ਦੇ ਬਹੁਗਿਣਤੀ ਰੁਤਬੇ ਦੇ ਬਾਵਜੂਦ ਮਨੋਵਿਗਿਆਨਕ ਤੌਰ 'ਤੇ ਅਸੁਰੱਖਿਅਤ ਮਹਿਸੂਸ ਕਰਨ ਲਾ ਦਿੱਤਾ ਗਿਆ ਹੈ। ਹਿਜਾਬ ਪਹਿਨਣ ਵਾਲੀ ਕੋਈ ਮੁਸਲਮਾਨ ਕੁੜੀ, ਕਿਸੇ ਮੁਸਲਮਾਨ ਮੁੰਡੇ ਨਾਲ ਵਿਆਹ ਕਰਾਉਣ ਵਾਲੀ ਹਿੰਦੂ ਕੁੜੀ, ਸ਼ਹਿਰ ਦੇ ਵਿਚਕਾਰ ਹੋ ਰਿਹਾ ਕੋਈ ਇਸਲਾਮੀ ਸਮਾਗਮ ਜਾਂ ਇਥੋਂ ਤੱਕ ਕਿ ਤੁਹਾਨੂੰ ਜੇ ਕ੍ਰਿਕਟ ਦਾ ਕੌਮਾਂਤਰੀ ਮੈਚ ਦੇਖਦਿਆਂ ਕਿਸੇ ਪਾਕਿਸਤਾਨੀ ਤੇਜ਼ ਗੇਂਦਬਾਜ਼ ਦੀ ਖੇਡ ਪਸੰਦ ਆ ਜਾਂਦੀ ਹੈ ਤੇ ਇਸ ਸੂਰਤ ਵਿਚ ਉਸ ਦੀ ਸ਼ਲਾਘਾ ਵਿਚ ਤੁਹਾਡੇ ਵੱਲੋਂ ਲਿਖੀ ਕੋਈ ਟਿੱਪਣੀ, ਭਾਵ ਅਜਿਹਾ ਕੁਝ ਵੀ ਸਾਨੂੰ ਪ੍ਰੇਸ਼ਾਨ ਕਰ ਸਕਦਾ ਹੈ ਤੇ ਸਾਨੂੰ ਅਸੁਰੱਖਿਅਤ ਮਹਿਸੂਸ ਕਰਨ ਲਾ ਦਿੰਦਾ ਹੈ। ਜਦੋਂ ਅਸੀਂ ਖ਼ਤਰੇ ਵਿਚ ਹਾਂ ਤਾਂ ਜ਼ਰੂਰੀ ਹੈ ਕਿ ਅਸੀਂ ਆਪਣੇ ਧਰਮ ਦੀ ਰਾਖੀ ਲਈ ਧਰਮ ਦੇ ਜੰਗਜੂ ਯੋਧਿਆਂ ਵਾਂਗ ਵਿਹਾਰ ਕਰੀਏ। ਦੂਜੇ ਲਫ਼ਜ਼ਾਂ ਵਿਚ ਅਸੀਂ ਆਪਣੇ ਮਨ ਅਤੇ ਚੌਗਿਰਦੇ ਨੂੰ ਨਾਜ਼ੀ ਦੌਰ ਵਾਲੀਆਂ ਖ਼ਾਸ ਬਸਤੀਆਂ ਬਣਾਉਣ ਵਾਲੀ ਪਹੁੰਚ ਵਿਚ ਜਕੜ ਲਿਆ ਹੈ।

ਕਹਿਣ ਦਾ ਇਹ ਵੀ ਮਤਲਬ ਨਹੀਂ ਕਿ ਇਸ ਤਰ੍ਹਾਂ ਦੀ ਤਾਨਾਸ਼ਾਹ ਸੋਚ ਮਹਿਜ਼ ਹਿੰਦੂਤਵ ਤੱਕ ਮਹਿਦੂਦ ਹੈ। ਇਸਲਾਮੀ ਬੁਨਿਆਦਪ੍ਰਸਤੀ ਨੂੰ ਕੌਣ ਨਜ਼ਰਅੰਦਾਜ਼ ਕਰ ਸਕਦਾ ਹੈ ਜਿਥੇ ਸੋਚ ਦਾ ਇਕ ਤਰ੍ਹਾਂ ਤਾਲਿਬਾਨੀਕਰਨ ਹੋ ਜਾਂਦਾ ਹੈ? ਫਿਰ, ਹਿੰਦੂ-ਮੁਸਲਮਾਨ ਰਿਸ਼ਤਿਆਂ ਦੇ ਗੁੰਝਲਦਾਰ ਅਤੇ ਪਰਤਦਾਰ ਇਤਿਹਾਸ ਦੀਆਂ ਖ਼ੂਬੀਆਂ ਵਾਲੇ ਸਾਡੇ ਵਰਗੇ ਬਰ-ਏ-ਸਗ਼ੀਰ ਵਿਚ, ਇਲਜ਼ਾਮ ਤਰਾਸ਼ੀਆਂ ਵਿਚ ਉਲਝ ਜਾਣਾ ਜਾਂ ਫਿਰ ਦੂਜੇ ਭਾਈਚਾਰੇ ਨੂੰ ਬਹੁਤ ਹੀ ਭਿਆਨਕ ਬਣਾ ਕੇ ਪੇਸ਼ ਕੀਤੇ ਜਾਣ ਦੇ ਹਮੇਸ਼ਾ ਹੀ ਆਸਾਰ ਰਹਿੰਦੇ ਹਨ ਪਰ ਜਿਵੇਂ ਸਾਨੂੰ ਇਤਿਹਾਸ ਨੇ ਦਿਖਾਇਆ ਹੈ, ਇਸ ਤਰ੍ਹਾਂ ਖ਼ਾਸ ਬਸਤੀਆਂ ਵਾਲੀ ਪਹੁੰਚ ਨੇ ਕਿਸੇ ਦਾ ਵੀ ਕੋਈ ਭਲਾ ਨਹੀਂ ਕੀਤਾ; ਇਸ ਦੇ ਉਲਟ ਇਸ ਨੇ ਸਾਡੇ ਅੰਦਰਲੀ ਇਨਸਾਨੀਅਤ ਨੂੰ ਮਾਰਿਆ ਹੈ ਅਤੇ ਨਾਲ ਹੀ ਇਸ ਨੇ ਸਾਡੀ ਦਰਦ ਤੇ ਜ਼ਖਮ ਦੀ ਸਾਂਝੀ ਯਾਦ ਨੂੰ ਨਵੀਂ ਸ਼ੁਰੂਆਤ ਵਿਚ ਬਦਲ ਦੇਣ ਅਤੇ ਜ਼ਖ਼ਮਾਂ ਨੂੰ ਸੰਵਾਦ, ਪਿਆਰ, ਸਮਝ ਅਤੇ ਸੁਲ੍ਹਾ-ਸਫ਼ਾਈ ਰਾਹੀਂ ਠੀਕ ਕਰ ਦੇਣ ਦੇ ਇਲਾਜ ਵਾਲੇ ਢੰਗ-ਤਰੀਕਿਆਂ ਨੂੰ ਬਿਲਕੁਲ ਨਾਮੁਮਕਿਨ ਬਣਾ ਦਿੱਤਾ ਹੈ। ਖ਼ੈਰ, ਅਸੀਂ ਵੰਡ ਦੇ ਸਦਮੇ ਦੇ ਬਾਵਜੂਦ ਸਿਆਸੀ-ਸੱਭਿਆਚਾਰਕ ਖੁੱਲ੍ਹ ਦਾ ਸੁਪਨਾ ਦੇਖਿਆ ਸੀ ਜਿਥੇ ਆਪਣੇ ਅਕੀਦੇ, ਨਸਲ ਆਦਿ ਦੇ ਬਾਵਜੂਦ ਹਰ ਕੋਈ ਨਵਾਂ ਮੁਲਕ ਬਣਾਉਣ ਲਈ ਆਪਣਾ ਬਰਾਬਰ ਯੋਗਦਾਨ ਪਾਉਣ ਦੇ ਯੋਗ ਹੋ ਸਕੇ ਪਰ ਤ੍ਰਾਸਦੀ ਇਹ ਹੈ ਕਿ ਸਾਡੇ ਸਿਆਸੀ-ਸੱਭਿਆਚਾਰਕ ਇਤਿਹਾਸ ਦੇ ਇਸ ਮੌਕੇ ਉਤੇ ਅਸੀਂ ਇਸ ਖ਼ਾਹਿਸ਼ ਦੀ ਅਹਿਮੀਅਤ ਨੂੰ ਨਕਾਰ ਰਹੇ ਹਾਂ ਅਤੇ ਇਸ ਦੀ ਥਾਂ ਪਿਛਲ-ਮੋੜਾ ਕੱਟ ਰਹੇ ਹਾਂ। ਇਸ ਫ਼ਿਰਕੂ ਜਨੂਨ ਅਤੇ ਧਾਰਮਿਕ ਕੱਟੜਤਾ ਦਾ ਕਿਤੇ ਕੋਈ ਅੰਤ ਹੁੰਦਾ ਨਹੀਂ ਜਾਪਦਾ। ਨਵ-ਉਦਾਰਵਾਦ ਅਤੇ ਤਕਨੀਕੀ-ਸੰਸਾਰੀਕਰਨ ਦੀ ਚਮਕ-ਦਮਕ ਅਤੇ 'ਸਬ ਕਾ ਸਾਥ ਸਬ ਕਾ ਵਿਕਾਸ' ਦੇ ਨਾਅਰਿਆਂ ਦੀ ਬਿਆਨਬਾਜ਼ੀ ਦੇ ਬਾਵਜੂਦ ਔਸਤ ਚੇਤਨਾ ਜ਼ਹਿਰੀ ਬਣੀ ਹੋਈ ਹੈ ਜਾਂ ਇਹ ਜਾਤ ਤੇ ਧਰਮ ਦੀਆਂ ਸੀਮਤ ਪਛਾਣਾਂ ਤੱਕ ਹੀ ਮਹਿਦੂਦ ਹੈ। ਦਰਅਸਲ, ਤਲਖ਼ ਹਕੀਕਤ ਇਹੋ ਹੈ ਕਿ ਅਸੀਂ ਹਿੰਸਾ ਨੂੰ ਪਿਆਰ ਕਰਨ ਲੱਗ ਪਏ ਹਾਂ; ਉਹ ਵੀ ਧਰਮ ਦੇ ਨਾਂ 'ਤੇ ਹੋ ਰਹੀ ਹਿੰਸਾ ਨੂੰ। ਕੀ ਕਦੇ ਪਿਆਰ ਦੀ ਧਾਰਮਿਕਤਾ ਨਾਲ ਇਸ ਤਰ੍ਹਾਂ ਦੀ ਹਿੰਸਾ ਦਾ ਟਾਕਰਾ ਕਰਨਾ ਮੁਮਕਿਨ ਹੋ ਸਕਦਾ ਹੈ? ਕਿਸੇ ਸੋਚ-ਵਿਚਾਰ ਤੋਂ ਸੱਖਣੇ ਧਾਰਮਿਕ ਆਗੂਆਂ ਅਤੇ ਜਥੇਬੰਦ ਧਰਮਾਂ ਦੇ ਰੂੜ੍ਹੀਵਾਦੀ ਫਰਮਾਨਾਂ ਤੋਂ ਪਰੇ ਪਿਆਰ ਦੀ ਧਾਰਮਿਕਤਾ ਦਾ ਸਬੰਧ ਧਰਮ ਨਿਰਪੱਖਤਾ ਤੇ ਪਵਿੱਤਰਤਾ, ਅਸਾਧਾਰਨਤਾ ਤੇ ਉੱਤਮਤਾ ਅਤੇ ਤਲਾਅ ਤੇ ਸਮੁੰਦਰ ਦੇ ਮੇਲ ਨਾਲ ਹੈ। ਇਹ ਜੁੜਾਓ ਦਾ ਲੈਅਬੱਧ ਸੰਗੀਤ ਹੈ, ਹਰ ਚੀਜ਼ ਵਿਚ ਬ੍ਰਹਮ ਦੀ ਮੌਜੂਦਗੀ ਦਾ ਅਹਿਸਾਸ, ਇਹ ਭਾਵੇਂ ਵਗਦੀ ਨਦੀ ਹੋਵੇ, ਕੋਈ ਛੋਟਾ ਜਿਹਾ ਨੀਲਾ ਫੁੱਲ ਹੋਵੇ, ਗੇਂਦ ਨਾਲ ਖੇਡਦੀ ਕੋਈ ਬੱਚੀ, ਆਪਣੇ ਬਿਮਾਰ ਪਿਤਾ ਦਾ ਖ਼ਿਆਲ ਰੱਖ ਰਹੀ ਕੋਈ ਧੀ, ਜਾਂ ਫਿਰ ਕੋਈ ਨੌਜਵਾਨ ਵਿਦਿਆਰਥੀ ਜਿਹੜਾ ਦੰਗਾ ਪੀੜਤਾਂ ਨੂੰ ਰਾਹਤ ਪਹੁੰਚਾਉਣ ਲਈ ਆਪਣਾ ਪੂਰਾ ਤਾਣ ਲਾ ਰਿਹਾ ਹੋਵੇ। ਪਿਆਰ, ਸੰਵਾਦ ਅਤੇ ਦਿਆਲਤਾ ਇਸ ਧਾਰਮਿਕਤਾ ਦੇ ਪ੍ਰਤੀਕ ਹਨ ਇਹੋ ਇਸ ਦੀ ਬਾਈਬਲ ਹੈ, ਕੁਰਾਨ ਹੈ ਤੇ ਇਹੋ ਉਪਨਿਸ਼ਦ ਹਨ।

ਰੂਮੀ ਇਸ ਦੁਨੀਆ ਤੋਂ ਜਾ ਚੁੱਕੇ ਹਨ; ਕਬੀਰ ਵੀ ਹੁਣ ਜ਼ਿੰਦਾ ਨਹੀਂ ਹਨ; ਗਾਂਧੀ ਵੀ ਮਰ ਚੁੱਕੇ ਹਨ ਪਰ ਮੈਨੂੰ ਅਤੇ ਤੁਹਾਨੂੰ ਸਭ ਨੂੰ ਮਿਲ ਕੇ ਉਨ੍ਹਾਂ ਨੂੰ ਇਕ ਵਾਰੀ ਮੁੜ ਜ਼ਿੰਦਾ ਕਰਨ ਦੀ ਕੋਸ਼ਿਸ਼ ਜ਼ਰੂਰ ਕਰਨੀ ਚਾਹੀਦੀ ਹੈ। ਕੀ ਇਸ ਕੂੜ ਪਸਾਰੇ ਦੇ ਦੌਰ ਵਿਚ ਇਹ ਸਾਡੀ ਸਾਂਝੀ ਅਰਦਾਸ/ਪ੍ਰਾਰਥਨਾ ਹੋ ਸਕਦੀ ਹੈ?

# ਹਵਾ, ਪਾਣੀ ਤੇ ਆਲਮੀ ਤਪਸ਼ ਦੇ ਮਸਲੇ

ਨਰਾਇਣ ਦੱਤ

ਮੁਲਕ ਦੇ ਖੇਤੀ ਮੰਤਰੀ ਨਰਿੰਦਰ ਤੋਮਰ ਨੇ ਨੀਤੀ ਆਯੋਗ ਦੇ ਇੱਕ ਪ੍ਰੋਗਰਾਮ ਵਿਚ ਖੇਤੀ ਸੰਕਟ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਦਿਆਂ ਪੰਜਾਬ ਦੇ ਕਿਸਾਨਾਂ ਨੂੰ ਨਿਸ਼ਾਨੇ 'ਤੇ ਲਿਆ ਅਤੇ ਕਿਹਾ ਕਿ ਪੰਜਾਬ ਦਾ ਕਿਸਾਨ ਜਿਹੜੀ ਕਣਕ ਪੈਦਾ ਕਰਦਾ ਹੈ, ਉਹ ਖਾਂਦਾ ਨਹੀਂ। ਖੇਤੀਬਾੜੀ ਮੰਤਰੀ ਦਾ ਇਹ ਬਿਆਨ ਹਕੀਕਤ ਤੋਂ ਕੋਹਾਂ ਦੂਰ ਹੈ। ਜੇ ਪੰਜਾਬ ਦਾ ਕਿਸਾਨ ਕਣਕ ਸਿਰਫ ਪੈਦਾ ਕਰਦਾ ਹੈ, ਖਾਂਦਾ ਨਹੀਂ ਤਾਂ ਫਿਰ ਸਵਾਲ ਹੈ ਕਿ ਕਿਸਾਨ ਫਿਰ ਖਾਂਦਾ ਕੀ ਹੈ? ਢਿੱਡ ਕਾਹਦੇ ਨਾਲ ਭਰਦਾ ਹੈ? ਅੱਜ ਵੀ ਸ਼ਹਿਰਾਂ ਦੇ ਮੁਕਾਬਲੇ ਪਿੰਡਾਂ ਵਿਚ ਰਹਿੰਦੇ ਕਿਸਾਨਾਂ ਮਜ਼ਦੂਰਾਂ ਵਿਚ ਕੈਂਸਰ, ਪੀਲੀਆ, ਟੀਬੀ ਵਰਗੀਆਂ ਬਿਮਾਰੀਆਂ ਤੋਂ ਪੀੜਤ ਲੋਕਾਂ ਦੀ ਗਿਣਤੀ ਕਿਤੇ ਵਧੇਰੇ ਹੈ। ਖੇਤੀ ਮੰਤਰੀ ਦੇ ਬਿਆਨ ਮੁਤਾਬਿਕ ਫਿਰ ਤਾਂ ਪੰਜਾਬ ਦੇ ਪਿੰਡਾਂ ਵਿਚ ਵਸਦੇ ਕਿਸਾਨਾਂ ਮਜ਼ਦੂਰਾਂ ਨੂੰ ਤਾਂ ਅਜਿਹੀਆਂ ਨਾਮੁਰਾਦ ਬਿਮਾਰੀਆਂ ਦਾ ਸ਼ਿਕਾਰ ਹੀ ਹੋਣਾ ਨਹੀਂ ਸੀ ਚਾਹੀਦਾ!

ਹਕੀਕਤ ਇਹ ਹੈ ਕਿ ਪੰਜਾਬ ਅੰਦਰ ਪੰਜ ਏਕੜ ਤੋਂ ਘੱਟ ਛੋਟੀਆਂ ਜੋਤਾਂ ਦੇ ਮਾਲਕ 83% ਹਨ। ਇਹ ਛੋਟੇ ਕਿਸਾਨ ਹੀ ਕਰਜ਼ੇ ਦੇ ਦੈਂਤ ਦਾ ਸ਼ਿਕਾਰ ਹਨ। ਖੇਤੀ ਮੰਤਰੀ ਦੇ ਬਿਆਨ ਦਾ ਮਤਲਬ ਤਾਂ ਇਹ ਹੋਇਆ ਕਿ ਪੰਜਾਬ ਦਾ ਕਿਸਾਨ ਕਿਤੋਂ ਹੋਰ ਮੁੱਲ ਖਰੀਦ ਕੇ ਕਣਕ ਖਾਂਦਾ ਹੈ। ਅਸਲ ਵਿਚ, ਖੇਤੀ ਮੰਤਰੀ ਨਰਿੰਦਰ ਤੋਮਰ ਨੇ ਇੱਕ ਤੀਰ ਨਾਲ ਕਈ ਨਿਸ਼ਾਨੇ ਫੁੰਡਣ ਦੀ ਕੋਸ਼ਿਸ਼ ਕੀਤੀ ਹੈ। ਮਿੱਟੀ, ਪਾਣੀ, ਆਲਮੀ ਤਪਸ਼ ਦੇ ਅਸਲ ਕਾਰਨਾਂ ਦੀ ਨਿਸ਼ਾਨਦੇਹੀ ਕਰਨ ਅਤੇ ਇਸ ਨੂੰ ਰੋਕਣ ਦੇ ਸੰਜੀਦਾ ਯਤਨਾਂ ਦੀ ਥਾਂ ਪੰਜਾਬ ਦੇ ਕਿਸਾਨਾਂ ਨੂੰ ਜ਼ਿੰਮੇਵਾਰ ਠਹਿਰਾ ਕੇ ਉਸ ਪ੍ਰਬੰਧ ਜਿਸ ਨੇ ਇਨ੍ਹਾਂ ਨੀਤੀਆਂ ਨੂੰ ਲਾਗੂ ਕਰਕੇ ਹਵਾ, ਪਾਣੀ, ਵਾਤਾਵਰਨ ਨੂੰ ਤਬਾਹ ਕੀਤਾ, ਨੂੰ ਸੁਰਖਰੂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

1950ਵਿਆਂ ਅੰਦਰ ਸਾਡਾ ਮੁਲਕ ਅੰਨ ਪੱਖੋਂ ਵੱਡੀ ਥੁੜ੍ਹ ਦਾ ਸਾਹਮਣਾ ਕਰ ਰਿਹਾ ਸੀ, ਵਾਰ ਵਾਰ ਅਕਾਲ ਪੈਂਦੇ ਸਨ। ਹਾਕਮ ਵਿਕਸਤ ਅਮੀਰ ਮੁਲਕਾਂ ਅੱਗੇ ਠੂਠਾ ਅੱਡਣ ਲਈ ਮਜਬੂਰ ਸਨ। ਵੱਡੀ ਪੱਧਰ 'ਤੇ ਮੁਲਕ ਨੂੰ ਅਨਾਜ ਬਾਹਰੋਂ ਮੰਗਵਾਉਣਾ ਪੈਂਦਾ ਸੀ। ਉਸ ਸਮੇਂ ਮੁਲਕ ਦੇ ਵੱਖ ਵੱਖ ਹਿੱਸਿਆਂ ਵਿਚ ਹਰੇ ਇਨਕਲਾਬ ਦੇ ਖਿੱਤੇ ਉਸਾਰੇ ਗਏ। ਪੰਜਾਬ ਨੂੰ ਤਰਜੀਹੀ ਸੂਬਾ ਚੁਣਿਆ ਗਿਆ। ਹਰੇ ਇਨਕਲਾਬ ਦਾ ਇਹ ਮਾਡਲ ਸਾਮਰਾਜੀ ਮੁਨਾਫਾਖੋਰ ਮਾਡਲ ਹੀ ਸੀ/ਹੈ। ਉਸ ਸਮੇਂ ਤੱਕ ਪੰਜਾਬ ਅੰਦਰ ਕੁਦਰਤੀ ਢੰਗ ਨਾਲ ਖੇਤੀ ਕੀਤੀ ਜਾਂਦੀ ਸੀ। ਫਸਲੀ ਵੰਨ-ਸਵੰਨਤਾ ਵੀ ਸੀ। ਪੰਜਾਬ ਦੇ ਖੇਤਾਂ ਵਿਚ ਹਰ ਫਸਲ-ਕਪਾਹ, ਨਰਮਾ, ਮੂੰਗਫਲੀ, ਸਰੋਂ, ਜੌਂ, ਮੱਕੀ, ਛੋਲੇ, ਅਰਹਰ, ਕਮਾਦ, ਤੇਲ ਬੀਜ, ਦਾਲਾਂ, ਸਬਜ਼ੀਆਂ ਆਦਿ ਪੈਦਾ ਕੀਤੀਆਂ ਜਾਂਦੀਆਂ ਸਨ। ਹਰੇ ਇਨਕਲਾਬ ਦੇ ਕਾਰਨ ਕੁਦਰਤੀ ਪ੍ਰਬੰਧ ਅਤੇ ਫਸਲੀ ਵੰਨ-ਸਵੰਨਤਾ ਖਤਮ ਕਰਕੇ ਪੰਜਾਬ ਦੇ ਕਿਸਾਨਾਂ ਨੂੰ ਕਣਕ, ਝੋਨੇ ਦੇ ਫਸਲੀ ਚੱਕਰ ਵੱਲ ਧੱਕਿਆ ਗਿਆ। ਕੁਦਰਤੀ ਆਤਮ-ਨਿਰਭਰਤਾ ਦਾ ਭੱਠਾ ਬਿਠਾ ਦਿੱਤਾ। ਆਪਣੀ ਤਕਨੀਕ, ਰੇਹ, ਤੇਲ, ਬੀਜ, ਮਸ਼ੀਨਰੀ, ਨਦੀਨਨਾਸ਼ਕ, ਕੀਟਨਾਸ਼ਕ ਵੇਚਣ ਰਾਹੀਂ ਲੁੱਟ ਨਵੇਂ ਸਿਰਿਓਂ ਸ਼ੁਰੂ ਕਰ ਦਿੱਤੀ ਸੀ। ਇਹ ਤਕਨੀਕ ਨਾ ਕੁਦਰਤ ਪੱਖੀ, ਨਾ ਵਾਤਾਵਰਨ ਪੱਖੀ ਅਤੇ ਨਾ ਹੀ ਮਨੁੱਖਤਾ ਪੱਖੀ ਸੀ/ਹੈ। ਇਹ ਸਾਮਰਾਜ ਪੱਖੀ ਅੰਨ੍ਹੇ ਮੁਨਾਫੇ ਦੀ ਹੋੜ ਵਿਚੋਂ ਪੈਦਾ ਹੋਇਆ ਕੁਦਰਤ, ਵਤਾਤਾਵਰਨ ਅਤੇ ਮਨੁੱਖਤਾ ਦੇ ਵਿਨਾਸ਼ ਵਾਲਾ ਕਾਰਪੋਰੇਟੀ ਵਿਕਾਸ ਮਾਡਲ ਸੀ/ਹੈ। ਖਾਦਾਂ, ਮਸ਼ੀਨਰੀ, ਕੀਟਨਾਸ਼ਕ, ਨਦੀਨਨਾਸ਼ਕ, ਉੱਲੀਨਾਸ਼ਕ ਦਵਾਈਆਂ ਦੀ ਸਿਫਾਰਿਸ਼ ਖੇਤੀ ਮਾਹਿਰਾਂ, ਯੂਨੀਵਰਸਿਟੀਆਂ ਨੇ ਕੀਤੀ। ਮਿੱਟੀ, ਪਾਣੀ, ਆਲਮੀ ਤਪਸ਼ ਨੂੰ ਖਰਾਬ ਕਰਨ ਲਈ ਇਹ ਮਾਡਲ ਜ਼ਿੰਮੇਵਾਰ ਹੈ।

ਸੰਸਾਰ ਪੱਧਰ 'ਤੇ 14785 ਮਿਲੀਅਨ ਡਾਲਰ ਦੀ ਬੀਜ ਦੀ ਦੋ-ਤਿਹਾਈ ਮੰਡੀ ਉੱਪਰ ਦਸ ਬੀਜ ਕਾਰਪੋਰੇਟ ਕਾਬਜ਼ ਹਨ। ਇਹੋ ਹਾਲ ਕੀਟਨਾਸ਼ਕ, ਨਦੀਨ-ਨਾਸ਼ਕ, ਉੱਲੀਨਾਸ਼ਕ ਦਵਾ ਕੰਪਨੀਆਂ ਦਾ ਹੈ। ਰੇਹ, ਤੇਲ, ਮਸ਼ੀਨਰੀ ਉੱਪਰ ਵੀ ਦੇਸੀ ਵਿਦੇਸ਼ੀ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਹੈ। ਸੰਸਾਰ ਵਪਾਰ ਸੰਸਥਾ ਵਰਗੀਆਂ ਸੰਸਥਾਵਾਂ ਜਿਹੜੀਆਂ ਦੇਸੀ ਵਿਦੇਸ਼ੀ ਕਾਰਪੋਰੇਟ ਘਰਾਣਿਆਂ ਨੂੰ ਮੁਨਾਫਾ ਬਖ਼ਸ਼ਣ ਵਾਲੀਆਂ ਪਹਿਲੀਆਂ ਨੀਤੀਆਂ ਨਾਲ ਲੈਸ ਹਨ, ਦੀ ਨੀਤੀਆਂ ਹੀ ਮੌਜੂਦਾ ਕੇਂਦਰ ਸਰਕਾਰ ਲਾਗੂ ਕਰ ਰਹੀ ਹੈ। ਇਸ ਲਈ ਹਵਾ ਤੇ ਪਾਣੀ ਨੂੰ ਪਲੀਤ ਕਰਨ ਅਤੇ ਆਲਮੀ ਤਪਸ਼ ਵਧਾਉਣ ਲਈ ਸੰਸਾਰੀਕਰਨ, ਉਦਾਰੀਕਰਨ ਤੇ ਨਿੱਜੀਕਰਨ ਦੀਆਂ ਇਹ ਨੀਤੀਆਂ ਹੀ ਹਨ; ਪੰਜਾਬ ਦਾ ਕਿਸਾਨ ਇਸ ਸਭ ਕਾਸੇ ਲਈ ਕਿਸੇ ਵੀ ਸੂਰਤ ਵਿਚ ਜ਼ਿੰਮੇਵਾਰ ਨਹੀਂ। ਇਸ ਤਰ੍ਹਾਂ ਖੇਤੀਬਾੜੀ ਮੰਤਰੀ ਨੇ ਇਨ੍ਹਾਂ ਹਾਲਾਤ ਲਈ ਜ਼ਿੰਮੇਦਾਰ ਅਸਲ ਕਾਰਕਾਂ ਵੱਲ ਉਂਗਲ ਕਰਨ ਦੀ ਥਾਂ ਕਿਸਾਨਾਂ ਨੂੰ ਹੀ ਜ਼ਿੰਮੇਵਾਰ ਠਹਿਰਾ ਦਿੱਤਾ। ਇੱਕ ਪੱਖ ਹੋਰ ਹੈ ਜਿਸ ਨੂੰ ਖੇਤੀਬਾੜੀ ਮੰਤਰੀ ਨੇ ਛੂਹਣ ਦੀ ਕੋਸ਼ਿਸ਼ ਵੀ ਨਹੀਂ ਕੀਤੀ, ਉਹ ਹੈ ਸਨਅਤੀ ਪ੍ਰਦੂਸ਼ਨ ਜੋ ਦਿਨ ਰਾਤ ਧਰਤੀ ਹੇਠਾਂ ਜ਼ਹਿਰੀਲਾ ਪਾਣੀ ਅਤੇ ਮਣਾਂ ਮੂੰਹੀਂ ਜ਼ਹਿਰੀਲੀਆਂ ਗੈਸਾਂ ਛੱਡ ਕੇ ਮੁਲਕ ਦੇ ਬਸ਼ਿੰਦਿਆਂ ਨੂੰ ਮੌਤ ਦੇ ਮੂੰਹ ਧੱਕ ਰਿਹਾ ਹੈ। ਦੁਨੀਆ ਦੇ ਖੇਤੀਬਾੜੀ ਮਾਹਿਰ ਅਤੇ ਅਰਥ ਸ਼ਾਸਤਰੀ ਤੱਥਾਂ ਸਹਿਤ ਸਾਬਤ ਕਰ ਚੁੱਕੇ ਹਨ ਕਿ ਖੇਤੀ ਸੰਕਟ ਲਈ ਦੇਸੀ ਵਿਦੇਸ਼ੀ ਕਾਰਪੋਰੇਟ ਘਰਾਣਿਆਂ ਦੇ



ਹਿੱਤ ਵਿਚ ਲਾਗੂ ਕੀਤੀਆਂ ਜਾ ਰਹੀਆਂ ਕਾਰਪੋਰੇਟ ਘਰਾਣਿਆਂ ਪੱਖੀ ਨੀਤੀਆਂ ਵਾਲਾ ਮਾਡਲ ਹੀ ਜ਼ਿੰਮੇਵਾਰ ਹੈ।

ਖੇਤੀ ਮੰਤਰੀ ਦਾ ਬਿਆਨ ਦੁਨੀਆ ਅੰਦਰ ਪੰਜਾਬ ਦੇ ਕਿਸਾਨਾਂ ਨੂੰ ਬਦਨਾਮ ਕਰਨ ਅਤੇ ਪੰਜਾਬ ਦੇ ਸੰਘਰਸ਼ਸ਼ੀਲ ਕਿਸਾਨਾਂ ਦੀ ਜੁਝਾਰੂ ਵਿਰਾਸਤ ਉੱਪਰ ਹਮਲਾ ਹੈ ਕਿਉਂਕਿ ਮੌਜੂਦਾ ਹਕੂਮਤ ਦੇ ਲਿਆਂਦੇ ਖੇਤੀ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਦਾ ਮੁੱਢ ਪੰਜਾਬ ਦੀ ਜੁਝਾਰੂ ਕਿਸਾਨ ਲਹਿਰ ਨੇ ਹੀ ਬੰਨ੍ਹਿਆ ਸੀ। ਪੰਜਾਬ ਦੇ ਕਿਸਾਨਾਂ ਨੇ ਮੁਲਕ ਭਰ ਦੇ ਕਿਸਾਨਾਂ ਅਤੇ ਹੋਰ ਮਿਹਨਤੀ ਹਿੱਸਿਆਂ ਨੂੰ ਨਾਲ ਲੈ ਕੇ ਖੇਤੀ ਵਿਰੋਧੀ ਤਿੰਨੇ ਕਾਨੂੰਨ ਰੱਦ ਕਰਨ ਲਈ ਕੇਂਦਰੀ ਸਰਕਾਰ ਨੂੰ ਮਜਬੂਰ ਕੀਤਾ ਸੀ। ਪੰਜਾਬ ਹਰੇ ਇਨਕਲਾਬ ਤੋਂ ਪਹਿਲਾਂ ਕੁਦਰਤ, ਮਨੁੱਖ ਅਤੇ ਵਾਤਾਵਰਨ ਪੱਖੀ ਖੇਤੀ ਕਰਦਾ ਸੀ। ਹੁਣ ਵੀ ਜੇ ਕੇਂਦਰੀ ਹਕੂਮਤ ਇੰਨੀ ਹੀ ਫ਼ਿਕਰਮੰਦ ਹੈ ਤਾਂ ਸੰਸਾਰ ਵਪਾਰ ਸੰਸਥਾ ਵਿਚੋਂ ਬਾਹਰ ਆ ਕੇ ਕਾਰਪੋਰੇਟੀ ਖੇਤੀ ਮਾਡਲ ਰੱਦ ਕਰਕੇ ਨਵਾਂ ਕੁਦਰਤ, ਮਨੁੱਖ ਅਤੇ ਵਾਤਾਵਰਨ ਪੱਖੀ ਮਾਡਲ ਵਿਕਸਤ ਕੀਤਾ ਜਾਵੇ। ਪੰਜਾਬ ਦੇ ਕਿਸਾਨਾਂ ਨੂੰ ਆਪਣੀ ਜੁਝਾਰੂ ਵਿਰਾਸਤ ਕਾਇਮ ਰੱਖਦਿਆਂ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿਚ ਸੰਘਰਸ਼ ਦੀ ਧਾਰ ਕੇਂਦਰੀ ਸਰਕਾਰ ਨੂੰ ਸੰਸਾਰ ਵਪਾਰ ਸੰਸਥਾ ਵਿਚੋਂ ਬਾਹਰ ਆਉਣ ਖਿਲਾਫ ਸੇਧਤ ਕਰਨ ਦੀ ਲੋੜ ਹੈ।

# ਯੂਕਰੇਨ 'ਚ ਰੂਸ ਦੀ ਫ਼ੌਜੀ ਕਾਰਵਾਈ, ਪੱਛਮੀ ਦੇਸ਼ਾਂ ਦੀਆਂ ਨੀਤੀਆਂ ਦਾ ਜਵਾਬ- ਪੁਤਿਨ

ਮਾਸਕੋ – ਰੂਸ ਦੇ ਰਾਸ਼ਟਰਪਤੀ ਪੁਤਿਨ ਨੇ ਯੂਕਰੇਨ ਵਿੱਚ ਮਾਸਕੋ ਦੀ ਫ਼ੌਜੀ ਕਾਰਵਾਈ ਨੂੰ ਪੱਛਮੀ ਦੱਸਿਆ ਹੈ। ਨਾਜ਼ੀਆਂ 'ਤੇ ਦੂਜੇ ਵਿਸ਼ਵ ਯੁੱਧ ਦੀ ਜਿੱਤ ਨੂੰ ਦਰਸਾਉਂਦੇ ਹੋਏ ਸੋਮਵਾਰ ਨੂੰ ਜਿੱਤ ਦਿਵਸ ਦੀ ਫੌਜੀ ਪਰੇਡ 'ਤੇ ਬੋਲਦਿਆਂ, ਪੁਤਿਨ ਨੇ ਨਾਜ਼ੀ ਫੌਜਾਂ ਵਿਰੁੱਧ ਲਾਲ ਫ਼ੌਜ ਦੀ ਲੜਾਈ ਅਤੇ ਯੂਕਰੇਨ ਵਿੱਚ ਰੂਸੀ ਫੌਜ ਦੀਆਂ ਕਾਰਵਾਈਆਂ ਵਿਚਕਾਰ ਸਮਾਨਤਾਵਾਂ ਖਿੱਚੀਆਂ। ਉਨ੍ਹਾਂ ਕਿਹਾ ਕਿ ਰੂਸੀ ਸੈਨਿਕ ਯੂਕਰੇਨ ਵਿੱਚ ਦੇਸ਼ ਦੀ ਸੁਰੱਖਿਆ ਲਈ ਲੜ ਰਹੇ ਹਨ। ਇਸ ਦੌਰਾਨ ਪੁਤਿਨ ਨੇ ਜੰਗ ਵਿੱਚ ਸ਼ਹੀਦ ਹੋਏ ਸੈਨਿਕਾਂ ਦੇ ਸਨਮਾਨ ਵਿੱਚ ਇੱਕ ਮਿੰਟ ਦਾ ਮੌਨ ਰੱਖਿਆ।

iVctory Day 'ਤੇ, ਰਾਸ਼ਟਰਪਤੀ ਪੁਤਿਨ ਨੇ ਕਿਹਾ ਕਿ ਯੂਕਰੇਨ ਵਿੱਚ ਰੂਸੀ ਫੌਜਾਂ ਖ਼ਤਰੇ ਤੋਂ ਉਨ੍ਹਾਂ ਦੇ ਵਤਨ ਦੀ ਰੱਖਿਆ ਕਰ ਰਹੀਆਂ ਹਨ। ਇਹ ਵੀ ਕਿਹਾ ਕਿ ਯੂਕਰੇਨ ਵਿੱਚ ਰੂਸੀ ਫੌਜਾਂ ਨਾਜ਼ੀਵਾਦ ਵਿਰੁੱਧ ਲੜਾਈ ਜਾਰੀ ਰੱਖ ਰਹੀਆਂ ਹਨ।

ਇਸ ਦੇ ਮੌਕੇ 'ਤੇ ਸੋਮਵਾਰ ਨੂੰ ਰੈਡ ਸਕੁਏਅਰ ਤੋਂ ਮਿਲਟਰੀ ਪਰੇਡ ਦਾ ਆਯੋਜਨ ਕੀਤਾ ਗਿਆ। ਇਹ ਸਮਾਗਮ ਹਰ ਸਾਲ ਕਰਵਾਇਆ ਜਾਂਦਾ ਹੈ। ਟੈਂਕ, ਬਖਤਰਬੰਦ ਵਾਹਨ, ਵਿਸ਼ਾਲ ਅੰਤਰ-ਮਹਾਂਦੀਪੀ ਬੈਲਿਸਟਿਕ ਮਿਜ਼ਾਈਲਾਂ ਲੈ ਕੇ ਜਾਣ ਵਾਲੇ ਵਾਹਨ ਫੌਜੀ ਪਰੇਡ ਵਿੱਚ ਦੇਖੇ ਗਏ।



ਰੂਸੀ ਰਾਸ਼ਟਰਪਤੀ ਪੁਤਿਨ ਇੱਕ ਫ਼ੌਜੀ ਪਰੇਡ ਵਿੱਚ ਬੋਲਦੇ ਹੋਏ, ਨੇ ਆਪਣੇ ਹਮਲੇ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ, ਇਹ ਦਾਅਵਾ ਕੀਤਾ ਕਿ ਇੱਕ ਬਿਲਕੁਲ ਅਸਵੀਕਾਰਨਯੋਗ ਖ਼ਤਰਾ (ਨਾਟੋ) ਸਾਡੀ ਸਰਹੱਦਾਂ ਦੇ ਬਿਲਕੁਲ ਕੋਲ ਮੌਜੂਦ ਹੈ। ਪੁਤਿਨ ਨੇ ਵਾਰ-ਵਾਰ ਦੋਸ਼ ਲਾਇਆ ਹੈ ਕਿ ਯੂਕਰੇਨ ਰੂਸ 'ਤੇ ਹਮਲਾ ਕਰਨ ਦੀ ਯੋਜਨਾ ਬਣਾ ਰਿਹਾ ਸੀ, ਜਿਸ ਦਾ ਕੀਵ ਨੇ ਜ਼ੋਰਦਾਰ ਖੰਡਨ ਕੀਤਾ ਹੈ।

ਇਸ ਸਾਲ iVctory Day 'ਤੇ ਫ਼ੌਜ ਅਤੇ ਹਥਿਆਰ ਜ਼ਿਆਦਾ ਨਹੀਂ ਦੇਖੇ ਗਏ ਕਿਉਂਕਿ ਇਸ ਸਮੇਂ ਯੂਕਰੇਨ 'ਚ ਰੂਸ ਦੀ ਫ਼ੌਜੀ ਕਾਰਵਾਈ ਚੱਲ ਰਹੀ ਹੈ ਅਤੇ ਇਸ ਦੀਆਂ ਜ਼ਿਆਦਾਤਰ ਫ਼ੌਜਾਂ ਤੇ ਹਥਿਆਰ ਯੂਕਰੇਨ ਤੇ ਇਸ ਦੀਆਂ ਸਰਹੱਦਾਂ 'ਤੇ ਤਾਇਨਾਤ ਹਨ।

## ਪੰਜਾਬ ਦੀ ਸ਼ਾਨ ਮੁੜ ਬਹਾਲ ਕਰਨ ਲਈ ਹਰ ਕਦਮ ਚੁੱਕਾਂਗੇ- ਮੁੱਖ ਮੰਤਰੀ

ਨਾਗਪੁਰ- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਨਾਂ ਦੀ ਸਰਕਾਰ ਵੱਲੋਂ ਸੂਬੇ ਦੀ ਸ਼ਾਨ ਨੂੰ ਬਹਾਲ ਕਰਨ ਲਈ ਹਰੇਕ ਖੇਤਰ ਵਿੱਚ ਸਾਰੇ ਕਦਮ ਚੁੱਕੇ ਜਾਣਗੇ।ਮੁੱਖ ਮੰਤਰੀ ਨੇ ਐਤਵਾਰ ਨੂੰ ਇੱਥੇ ਪ੍ਰਮੁੱਖ ਅਖਬਾਰ ਲੋਕਮਤ ਦੀ ਗੋਲਡਨ ਜੁਬਲੀ ਮੌਕੇ ਕਰਵਾਏ ਸਮਾਗਮ ਦੌਰਾਨ ਕਿਹਾ ਕਿ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਨਸ਼ਿਆਂ ਦੀ ਲਾਹਣਤ ਅਤੇ ਪ੍ਰਦੂਸ਼ਣ ਦੇ ਖਾਤਮੇ ਦੇ ਨਾਲ ਨਾਲ ਰੁਜ਼ਗਾਰ, ਖੇਡਾਂ ਅਤੇ ਉਦਯੋਗਿਕ ਵਿਕਾਸ ਵਿੱਚ ਤੇਜ਼ੀ ਲਿਆਉਣ ਲਈ ਪੂਰੇ ਸੁਹਿਰਦ ਯਤਨ ਕੀਤੇ ਜਾਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਸੂਬੇ ਨੂੰ ਬੜੀ ਬੇਰਹਿਮੀ ਨਾਲ ਲੁੱਟਿਆ ਹੈ ਜਿਸ ਕਾਰਨ ਸੂਬਾ ਕਦੇ ਫੌਜ ਵਿੱਚ ਆਪਣੇ ਯੋਧਿਆਂ ਦੇ ਸੂਰਮਗਤੀ ਲਈ, ਖੇਡਾਂ ਵਿੱਚ ਮਰਹੂਮ ਦਾਰਾ ਸਿੰਘ ਵਰਗੇ ਖਿਡਾਰੀਆਂ ਦੀ ਖੇਡ ਅਤੇ ਮਿੱਠੇ- ਸ਼ੀਰੇ ਪਾਣੀ ਲਈ ਜਾਣਿਆ ਜਾਂਦਾ ਪੰਜਾਬ ਬਹੁਤ ਪੱਛੜ ਗਿਆ ਹੈ। ਉਨਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਅਣਗਹਿਲੀ ਕਾਰਨ ਸੂਬੇ ਵਿੱਚ ਨਸ਼ਿਆਂ ਨੇ ਬਹੁਤ ਪੈਰ ਪਸਾਰੇ ਹਨ, ਪਰ ਸਾਡੀ ਸਰਕਾਰ ਇਨਾਂ ਸਾਰੀਆਂ ਲਾਹਣਤਾਂ ਨੂੰ ਠੱਲ ਪਾ ਕੇ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਵੇਗੀ।

ਮੁੱਖ ਮੰਤਰੀ ਨੇ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਦੀ ਲੋੜ 'ਤੇ ਜੋਰ ਦਿੰਦੇ ਹੋਏ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ 'ਨਸ਼ਿਆਂ ਦੀਆਂ ਸਰਿੰਜਾਂ' ਨੂੰ 'ਟਿਫਨ ਬਾਕਸ' ਨਾਲ ਬਦਲਣ ਦੀ ਲੋੜ ਹੈ। ਉਨਾਂ ਕਿਹਾ ਕਿ ਕੋਈ ਵੀ ਵਿਅਕਤੀ ਜੋ ਲਾਹੇਵੰਦ ਰੋਜ਼ਗਾਰ ਨਾਲ ਜੁੜਿਆ ਹੋਵੇ ਉਹ ਦਫਤਰ ਵਿੱਚ ਟਿਫਿਨ ਬਾਕਸ ਲੈ ਕੇ ਜਾਂਦਾ ਹੈ ਅਤੇ ਉਸ ਕੋਲ ਨਸ਼ਾ ਕਰਨ ਦਾ ਕੋਈ ਸਮਾਂ ਹੀ ਨਹੀਂ ਹੁੰਦਾ। ਮਾਨ ਨੇ ਕਿਹਾ ਕਿ ਉਨਾਂ ਦੀ ਸਰਕਾਰ ਨੇ ਮਹਿਜ਼ 50 ਦਿਨਾਂ ਦੇ ਅੰਦਰ ਸੂਬੇ ਦੇ ਨੌਜਵਾਨਾਂ ਨੂੰ ਪਾਰਦਰਸ਼ੀ, ਨਿਰਪੱਖ ਅਤੇ ਮੈਰਿਟ ਅਧਾਰਤ ਵਿਧੀ ਰਾਹੀਂ ਸਰਕਾਰੀ ਨੌਕਰੀਆਂ ਪ੍ਰਦਾਨ ਕਰਨ ਸਬੰਧੀ ਪ੍ਰਕਿਰਿਆ ਨੂੰ ਹਰੀ ਝੰਡੀ ਦੇ ਦਿੱਤੀ ਹੈ। ਵੰਡਪਾਊ ਰਾਜਨੀਤੀ ਕਰਨ ਵਾਲੀਆਂ ਸਿਆਸੀ ਪਾਰਟੀਆਂ ਨੂੰ ਕਰੜੇ ਹੱਥੀਂ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਵੰਡੀਆਂ ਪਾਉਣ ਵਾਲੀਆਂ ਕੋਝੀਆਂ ਚਾਲਾਂ ਚੱਲਣ ਵਾਲਿਆਂ ਦੇ ਵਿਰੁੱਧ ਦੇਸ਼ ਨੂੰ ਇੱਕਜੁੱਟ ਹੋਣ ਦੀ ਲੋੜ ਹੈ। ਉਨਾਂ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਪੇਸ਼ ਕੀਤਾ ਗਿਆ ਲੋਕ ਭਲਾਈ ਅਤੇ ਵਿਕਾਸ ਅਧਾਰਤ ਏਜੰਡਾ ਹੀ ਫੁੱਟ ਪਾਊ ਰਾਜਨੀਤੀ ਨੂੰ ਠੱਲ ਪਾਉਣ ਦਾ ਇੱਕੋ ਇੱਕ ਹਥਿਆਰ ਹੈ। ਮਾਨ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਦੇਸ਼ ਵਾਸੀਆਂ ਨੂੰ ਇੱਕਜੁੱਟ ਹੋ ਕੇ ਸਮਾਜ ਵਿੱਚ ਅਜਿਹੇ ਫਿਰਕੂ ਬੀਜ ਬੀਜਣ ਵਾਲੀਆਂ ਪਾਰਟੀਆਂ ਦਾ ਸਫਾਇਆ ਕਰ ਦੇਣਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ 'ਤੇ ਰਾਜ ਕਰਨ ਵਾਲੀਆਂ ਸਿਆਸੀ ਪਾਰਟੀਆਂ ਨੇ ਬਰਤਾਨਵੀ ਸ਼ਾਸਨ ਦੇ 200 ਸਾਲਾਂ ਦੇ ਮੁਕਾਬਲੇ ਨਾਲੋਂ ਵੀ ਪੰਜਾਬ ਨੂੰ ਬੇਰਹਿਮੀ ਨਾਲ ਲੁੱਟਿਆ ਹੈ।ਉਨਾਂ ਕਿਹਾ ਕਿ ਪੰਜਾਬੀਆਂ ਨੇ ਉਨਾਂ ਦੀ ਸਰਕਾਰ ਨੂੰ ਵੱਡੇ ਫਤਵੇ ਨਾਲ ਸੱਤਾ ਸੌਂਪ ਕੇ ਬਹੁਤ ਮਾਣ ਦਿੱਤਾ ਹੈ ਅਤੇ ਉਹ ਸੂਬੇ ਨੂੰ ਮੁੜ ਵਿਕਾਸ ਦੀ ਲੀਹ 'ਤੇ ਲਿਆਉਣ ਲਈ ਵਚਨਬੱਧ ਹਨ। ਮਾਨ ਨੇ ਕਿਹਾ ਕਿ ਇਸ ਫਤਵੇ ਨਾਲ ਬਹੁਤ ਸਾਰੀਆਂ ਜਿੰਮੇਵਾਰੀਆਂ ਵੀ ਜੁੜੀਆਂ ਹਨ ਅਤੇ ਉਹ ਖੁਸ਼ਕਿਸਮਤ ਹਨ ਕਿ ਉਨਾਂ ਨੂੰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਰਗਾ ਰਾਹ-ਦਸੇਰਾ ਮਿਲਿਆ ਹੈ ਜਿਨਾਂ ਕੋਲ ਅਜਿਹੀਆਂ ਵੱਡੀਆਂ ਜਿੰਮੇਵਾਰੀਆਂ ਨਿਭਾਉਣ ਦੀ ਮੁਹਾਰਤ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉਨਾਂ ਦੀ ਸਰਕਾਰ ਨੇ ਪਹਿਲਾਂ ਹੀ ਭ੍ਰਿਸ਼ਟਾਚਾਰ ਵਿਰੋਧੀ ਹੈਲਪਲਾਈਨ, ਇੱਕ ਵਿਧਾਇਕ ਇੱਕ ਪੈਨਸ਼ਨ, ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਵਿੱਤੀ ਸਹਾਇਤਾ ਵਰਗੀਆਂ ਹੋਰ ਅਹਿਮ ਪਹਿਲਕਦਮੀਆਂ ਕੀਤੀਆਂ ਹਨ ਜੋ ਪੰਜਾਬ ਨੂੰ ਮੁੜ ਸੁਰਜੀਤ ਕਰਨ ਵਿੱਚ ਸਹਾਈ ਹੋਣਗੀਆਂ। ਉਨਾਂ ਕਿਹਾ ਕਿ ਸੂਬੇ ਦੀ ਤਰੱਕੀ ਅਤੇ ਲੋਕਾਂ ਦੀ ਖੁਸ਼ਹਾਲੀ ਨੂੰ ਯਕੀਨੀ ਬਣਾਉਣ ਲਈ ਆਉਣ ਵਾਲੇ ਦਿਨਾਂ ਵਿੱਚ ਵੀ ਕਈ ਹੋਰ ਫੈਸਲੇ ਲਏ ਜਾਣਗੇ। ਮਾਨ ਨੇ ਕਿਹਾ ਕਿ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

## ਸ਼੍ਰੀਲੰਕਾ ਦੇ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸ਼ੇ ਨੇ ਦਿੱਤਾ ਅਸਤੀਫ਼ਾ

ਕੋਲੰਬੋ – ਸ਼੍ਰੀਲੰਕਾ ਦੇ ਪ੍ਰਧਾਨ ਮੰਤਰੀ ਨੇ ਅਸਤੀਫ਼ਾ ਦੇ ਦਿੱਤਾ ਹੈ। ਸ਼੍ਰੀਲੰਕਾ 'ਚ ਆਰਥਿਕ ਸੰਕਟ ਦੇ ਨਾਲ-ਨਾਲ ਹੁਣ ਉੱਥੇ ਸਿਆਸੀ ਸੰਕਟ ਵੀ ਡੂੰਘਾ ਹੁੰਦਾ ਜਾ ਰਿਹਾ ਹੈ। ਅੱਜ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸ਼ੇ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਪ੍ਰਧਾਨ ਮੰਤਰੀ ਮਹਿੰਦਾ ਨੇ ਰਾਸ਼ਟਰ-ਪਤੀ ਗੋਟਾਬਾਯਾ ਰਾਜਪਕਸ਼ੇ ਦੀ ਬੇਨਤੀ ਤੋਂ ਬਾਅਦ ਇਹ ਫੈਸਲਾ ਲਿਆ ਹੈ। ਐਮਰਜੈਂਸੀ ਦੀ ਸਥਿਤੀ ਤੋਂ ਬਾਅਦ ਡੂੰਘੇ ਆਰਥਿਕ ਸੰਕਟ ਕਾਰਨ ਉਸ ਨੂੰ ਅਹੁਦਾ ਛੱਡਣ ਦੀ ਬੇਨਤੀ ਕੀਤੀ ਗਈ ਸੀ।



ਪੀਐਮ ਮਹਿੰਦਾ ਨੇ ਆਪਣੇ ਅਸਤੀਫ਼ੇ ਬਾਰੇ ਸ਼੍ਰੀਲੰਕਾ ਦੀ ਕੈਬਨਿਟ ਨੂੰ ਪਹਿਲਾਂ ਹੀ ਸੂਚਿਤ ਕਰ ਦਿੱਤਾ ਸੀ। ਇਸ ਦੇ ਨਾਲ ਹੀ ਉਨ੍ਹਾਂ ਦੇ ਅਸਤੀਫੇ ਨਾਲ ਮੰਤਰੀ ਮੰਡਲ 'ਚ ਵੀ ਵਿਗਾੜ ਆਵੇਗਾ, ਜਿਸ ਕਾਰਨ ਉਥੇ ਸੰਕਟ ਹੋਰ ਡੂੰਘਾ ਹੋ ਸਕਦਾ ਹੈ। ਦੱਸ ਦੇਈਏ ਕਿ ਮਹਿੰਦਾ ਰਾਜਪਕਸ਼ੇ ਪਹਿਲਾਂ ਵੀ ਕਈ ਵਾਰ ਕਹਿ ਚੁੱਕੇ ਹਨ ਕਿ ਜੇਕਰ ਉਨ੍ਹਾਂ ਦਾ ਅਸਤੀਫਾ ਹੀ ਸ਼੍ਰੀਲੰਕਾ ਦੇ ਆਰਥਿਕ ਸੰਕਟ ਦਾ ਇੱਕੋ ਇੱਕ ਹੱਲ ਹੈ ਤਾਂ ਉਹ ਅਜਿਹਾ ਕਰਨ ਲਈ ਤਿਆਰ ਹਨ।

ਇਸ ਦੌਰਾਨ ਰਾਜਧਾਨੀ ਕੋਲੰਬੋ 'ਚ ਅੱਜ ਸੱਤਾਧਾਰੀ ਪਾਰਟੀ ਦੇ ਸਮਰਥਕਾਂ ਨੇ ਸਰਕਾਰ ਦਾ ਵਿਰੋਧ ਕਰ ਰਹੇ ਲੋਕਾਂ 'ਤੇ ਹਮਲਾ ਕਰ ਦਿੱਤਾ। ਸਰਕਾਰ ਸਮਰਥਕਾਂ ਦੀ ਪੁਲਿਸ ਨਾਲ ਝੜਪ ਦੀਆਂ ਵੀ ਖ਼ਬਰਾਂ ਹਨ, ਜਿਸ ਤੋਂ ਬਾਅਦ ਪੁਲਿਸ ਨੇ ਉਨ੍ਹਾਂ 'ਤੇ ਅੱਥਰੂ ਗੈਸ ਦੇ ਗੋਲੇ ਛੱਡੇ ਅਤੇ ਵਾਟਰ ਕੈਨਰ ਛੱਡੇ। ਧਿਆਨ ਯੋਗ ਹੈ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੇ ਸਭ ਤੋਂ ਭੈੜੇ ਵਿੱਤੀ ਸੰਕਟ ਦੇ ਵਿਚਕਾਰ, ਆਮ ਲੋਕ ਰਾਸ਼ਟਰਪਤੀ ਗੋਟਾਬਾਯਾ ਰਾਜਪਕਸ਼ੇ ਦੇ ਖਿਲਾਫ ਪ੍ਰਦਰਸ਼ਨ ਕਰ ਰਹੇ ਹਨ।

ਸੋਮਵਾਰ ਨੂੰ ਸੱਤਾਧਾਰੀ ਪਾਰਟੀ ਦੇ ਸੈਂਕੜੇ ਸਮਰਥਕਾਂ ਨੇ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸ਼ੇ ਦੀ ਸਰਕਾਰੀ ਰਿਹਾਇਸ਼ ਦੇ ਬਾਹਰ ਰੈਲੀ ਕੀਤੀ। ਸਰਕਾਰ ਸਮਰਥਕਾਂ ਨੇ ਗੋਤਾ ਗੋ ਗਾਮਾ ਪ੍ਰਦਰਸ਼ਨ ਵਾਲੀ ਥਾਂ 'ਤੇ ਪ੍ਰਦਰਸ਼ਨਕਾਰੀਆਂ 'ਤੇ ਲੋਹੇ ਦੀਆਂ ਸੋਟੀਆਂ ਨਾਲ ਹਮਲਾ ਕੀਤਾ। ਮਾਰਚ ਦੇ ਅਖੀਰ ਵਿੱਚ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨ ਸ਼ੁਰੂ ਹੋਣ ਤੋਂ ਬਾਅਦ ਸਰਕਾਰ ਪੱਖੀ ਅਤੇ ਸਰਕਾਰ ਵਿਰੋਧੀ ਲੋਕਾਂ ਵਿਚਕਾਰ ਇਹ ਪਹਿਲੀ ਝੜਪ ਹੈ। ਇਸ ਝੜਪ 'ਚ ਘੱਟੋ-ਘੱਟ 20 ਲੋਕ ਗੰਭੀਰ ਰੂਪ ਨਾਲ ਜ਼ਖਮੀ ਹੋ ਗਏ ਹਨ। ਇਸ ਦੇ ਨਾਲ ਹੀ ਝੜਪ ਵਾਲੇ ਖੇਤਰ 'ਚ ਨੀਮ ਫੌਜੀ ਬਲਾਂ ਨੂੰ ਤਾਇਨਾਤ ਕੀਤਾ ਗਿਆ ਹੈ ਅਤੇ ਕੋਲੰਬੋ ਸਮੇਤ ਸ਼੍ਰੀਲੰਕਾ ਦੇ ਪੱਛਮੀ ਸੂਬੇ 'ਚ ਕਰਫਿਊ ਲਗਾ ਦਿੱਤਾ ਗਿਆ ਹੈ।

## ਪਟਿਆਲਾ ਹਿੰਸਾ ਮਾਮਲੇ 'ਚ ਪੁਲਿਸ ਦੀ ਕਾਰਗੁਜ਼ਾਰੀ ਵੀ ਆਈ ਜਾਂਚ ਦੇ ਘੇਰੇ 'ਚ!

ਪਟਿਆਲਾ – ਸ਼੍ਰੀ ਕਾਲੀ ਮਾਤਾ ਮੰਦਰ ਦੇ ਬਾਹਰ ਵਾਪਰੀ ਹਿੰਸਕ ਘਟਨਾ ਅੱਜ ਵੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਇਸ ਮਾਮਲੇ 'ਚ ਜਿੱਥੇ ਕਈ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਉਥੇ ਹੀ ਉਸ ਦਿਨ ਪੁਲਿਸ ਦੇ ਕੰਮ ਨੂੰ ਵੀ ਜਾਂਚ ਦੇ ਘੇਰੇ 'ਚ ਰੱਖਿਆ ਗਿਆ ਹੈ। ਪੁਲਿਸ ਪ੍ਰਬੰਧਾਂ ਨਾਲ ਸਾਰੀ ਘਟਨਾ ਨੂੰ ਟਾਲਿਆ ਜਾ ਸਕਦਾ ਸੀ, ਪਰ ਪੁਲਿਸ ਸਮੇਂ ਸਿਰ ਹਰਕਤ ਵਿਚ ਕਿਉਂ ਨਹੀਂ ਆਈ ਅਤੇ ਇਸ ਪੂਰੇ ਮਾਮਲੇ ਦਾ ਮਾਸਟਰ ਮਾਈਂਡ ਕੌਣ ਸੀ, ਇਸ ਤੋਂ ਇਲਾਵਾ ਹੋਰ ਵੀ ਕਈ ਸਵਾਲਾਂ ਦਾ ਪਤਾ ਲਗਾਉਣ ਲਈ ਵਿਸ਼ੇਸ਼ ਜਾਂਚ ਟੀਮ ਜੁੱਟੀ ਹੋਈ ਹੈ।

ਘਟਨਾ ਤੋਂ ਅਗਲੇ ਦਿਨ ਹੀ ਆਈਜੀ ਅਤੇ ਐੱਸਐੱਸਪੀ ਨਾਨਕ ਸਿੰਘ ਦਾ ਤਬਾਦਲਾ ਕਰ ਦਿੱਤਾ ਗਿਆ ਸੀ, ਪਰ ਹੋਰ ਮਾਮਲਿਆਂ ਦੀ ਜਾਂਚ ਲਈ ਨਵੇਂ ਪੁਲਿਸ ਅਧਿਕਾਰੀ ਨਿਯੁਕਤ ਕਰ ਦਿੱਤੇ ਗਏ ਸਨ। ਨਵੇਂ ਅਧਿਕਾਰਿਆਂ ਵੱਲੋਂ ਬਣਾਈ ਜਾਂਚ ਟੀਮ ਵਿਚ ਦੋ ਹੋਰ ਮੈਂਬਰ ਸ਼ਾਮਲ ਕੀਤੇ ਗਏ ਹਨ, ਜਿਨ੍ਹਾਂ ਵਿਚ ਇਕ ਡੀਏ ਲੀਗਲ ਵਿਸ਼ਾਲ ਖੁੱਲਰ ਅਤੇ ਡਿਪਟੀ ਡੀਏ ਲੀਗਲ ਰਮਨ ਮਾਨ ਸ਼ਾਮਲ ਹਨ। ਹੁਣ ਇਸ ਜਾਂਚ ਟੀਮ ਵਿਚ ਕੁਲ 7 ਮੈਂਬਰ ਹੋ ਗਏ ਹਨ, ਜੋ ਜਲਦੀ ਹੀ ਇਸ ਪੂਰੇ ਮਾਮਲੇ ਨੂੰ ਪਰਤ ਦਰ ਪਰਤ ਸੁਲਝਾ ਕੇ ਇਸ ਮਾਮਲੇ ਨਾਲ ਸਬੰਧਤ ਹਰ ਦੋਸ਼ੀ ਨੂੰ ਸਲਾਖਾਂ ਪਿੱਛੇ ਡੱਕਣਗੇ।

ਦੂਜੇ ਪਾਸੇ ਆਈਜੀ ਮੁਖਵਿੰਦਰ ਸਿੰਘ ਛੀਨਾ ਦਾ ਕਹਿਣਾ ਹੈ ਕਿ ਜਿਵੇਂ-ਜਿਵੇਂ 29 ਅਪ੍ਰੈਲ 2022 ਦੀ ਘਟਨਾ ਦੀ ਜਾਂਚ ਅੱਗੇ ਵਧ ਰਹੀ ਹੈ, ਜਾਂਚ ਟੀਮ ਦੇ ਸਾਹਮਣੇ ਕਈ ਨਵੀਆਂ ਜਾਣਕਾਰੀਆਂ ਆ ਰਹੀਆਂ ਹਨ। ਤਫਤੀਸ਼ ਦੌਰਾਨ ਮਿਲੇ ਤੱਥਾਂ ਦੇ ਆਧਾਰ 'ਤੇ ਮੁਲਜ਼ਮਾਂ ਖ਼ਿਲਾਫ਼ ਦਰਜ ਐੱਫਆਈਆਰ ਵਿਚ ਧਾਰਾਵਾਂ ਵਧਾਈਆਂ ਜਾ ਰਹੀਆਂ ਹਨ। ਆਈਜੀ ਛੀਨਾ ਨੇ ਸਪੱਸ਼ਟ ਕੀਤਾ ਹੈ ਕਿ ਜਾਂਚ ਟੀਮ ਵਿਚ ਡੀਏ ਲੀਗਲ ਅਤੇ ਡਿਪਟੀ ਡੀਏ ਨੂੰ ਸ਼ਾਮਲ ਕਰਨ ਦਾ ਉਨ੍ਹਾਂ ਦਾ ਇਕੋ ਇਕ ਮਕਸਦ ਹੈ ਕਿ ਜਾਂਚ ਵਿਚ ਕਿਸੇ ਬੇਕਸੂਰ ਖ਼ਿਲਾਫ਼ ਕੋਈ ਵੀ ਗਲਤ ਕਾਨੂੰਨੀ ਕਾਰਵਾਈ ਨਾ ਹੋਵੇ ਅਤੇ ਕਿਸੇ ਬੇਕਸੂਰ ਨੂੰ ਗ੍ਰਿਫ਼ਤਾਰ ਨਾ ਕੀਤਾ ਜਾਵੇ। ਇਸ ਮਾਮਲੇ ਵਿਚ ਜਿਨ੍ਹਾਂ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਉਨ੍ਹਾਂ ਨੂੰ ਕਾਨੂੰਨੀ ਮਾਹਿਰਾਂ ਵੱਲੋਂ ਅਜਿਹੀ ਕਾਨੂੰਨੀ ਤਾਕਤ ਨਾਲ ਕਾਬੂ ਕੀਤਾ ਜਾਣਾ ਚਾਹੀਦਾ ਹੈ ਕਿ ਉਹ ਕਿਸੇ ਵੀ ਤਰ੍ਹਾਂ ਆਪਣਾ ਬਚਾਅ ਕਰਨ ਤੋਂ ਅਸਮਰੱਥ ਹੋਣ ਅਤੇ ਉਨ੍ਹਾਂ ਨੂੰ ਆਪਣੇ ਕੀਤੇ ਦੀ ਬਣਦੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਹਿੰਸਾ ਦੇ ਮਾਮਲੇ ਵਿਚ ਹੁਣ ਤੱਕ ਪੁਲਿਸ ਨੇ ਛੇ ਵੱਖ-ਵੱਖ ਐੱਫਆਈਆਰ ਦਰਜ ਕੀਤੀਆਂ ਹਨ, ਜਿਸ ਵਿਚ ਦੋਸ਼ੀਆਂ ਦੀ ਗਿਣਤੀ ਦੋ ਦਰਜਨ ਤੋਂ ਵੱਧ ਹੋ ਗਈ ਹੈ। ਮੁੱਖ ਦੋਸ਼ੀਆਂ ਨੂੰ ਫੜਨ ਤੋਂ ਬਾਅਦ ਪੁਲਿਸ ਲਗਾਤਾਰ ਵੱਖ-ਵੱਖ ਇਲਾਕਿਆਂ 'ਚ ਉਨ੍ਹਾਂ ਦੇ ਸਾਥੀਆਂ ਦੀ ਭਾਲ 'ਚ ਛਾਪੇਮਾਰੀ ਕਰ ਰਹੀ ਹੈ।

ਮਾਲ ਰੋਡ 'ਤੇ ਸਥਿਤ ਸ਼੍ਰੀ ਕਾਲੀ ਮਾਤਾ ਮੰਦਰ ਦੇ ਬਾਹਰ ਨੌਵੇਂ ਦਿਨ ਵੀ ਪੁਲਿਸ ਫੋਰਸ ਬੈਰੀਕੇਡਿੰਗ ਦੇ ਨਾਲ ਮੌਜੂਦ ਰਹੀ। ਇਸ ਤੋਂ ਇਲਾਵਾ ਪੁਲਿਸ ਦਾ ਖੁਫੀਆ ਤੰਤਰ ਲਗਾਤਾਰ ਸ਼ੱਕੀ ਲੋਕਾਂ 'ਤੇ ਤਿੱਖੀ ਨਜ਼ਰ ਰੱਖ ਰਿਹਾ ਹੈ। ਪੁਲਿਸ ਦੇ ਖੁਫੀਆ ਕੈਮਰੇ ਵੀ ਮੰਦਰ ਦੇ ਆਲੇ-ਦੁਆਲੇ ਆਉਣ-ਜਾਣ ਵਾਲੇ ਲੋਕਾਂ 'ਤੇ ਨਜ਼ਰ ਰੱਖ ਰਹੇ ਹਨ। ਆਈਜੀ ਮੁਖਵਿੰਦਰ ਸਿੰਘ ਛੀਨਾ ਅਤੇ ਐੱਸਐੱਸਪੀ ਦੀਪਕ ਪਾਰਿਖ ਸ਼੍ਰੀ ਕਾਲੀ ਮਾਤਾ ਮੰਦਿਰ ਦੇ ਸੁਰੱਖਿਆ ਪ੍ਰਬੰਧਾਂ ਦਾ ਲਗਾਤਾਰ ਜਾਇਜ਼ਾ ਲੈ ਰਹੇ ਹਨ। ਬੀਤੀ ਰਾਤ ਆਈਜੀ ਤੇ ਐੱਸਐੱਸਪੀ ਨੇ ਸਾਂਝੇ ਤੌਰ 'ਤੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ। ਸੁਰੱਖਿਆ ਲਈ ਸ਼ਹਿਰ ਦੇ ਹਰ ਚੌਕ ਵਿਚ ਪੁਲਿਸ ਵੀ ਤਾਇਨਾਤ ਕੀਤੀ ਗਈ ਹੈ, ਤਾਂ ਜੋ ਹੰਗਾਮੀ ਹਾਲਤ ਵਿਚ ਸਮੇਂ ਸਿਰ ਸਥਿਤੀ ਨੂੰ ਸੰਭਾਲਿਆ ਜਾ ਸਕੇ।


To buy Home, business or any kind of property

Please consult before finalizing your deal or decision

To get polite and best service call

Gurjeet Rai

DRE 02149422

408-802-5303



Address - 2221 Oakland Road , Suite 268 San Jose 95131

# ਸੰਪਾਦਕੀ

## ਨਵੀਂ ਸਰਕਾਰ ਅਤੇ ਪੰਜਾਬ ਦਾ ਭਵਿੱਖ

ਭਗਵੰਤ ਮਾਨ ਦੀ ਅਗਵਾਈ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਦਿਆਂ ਹੀ ਲੋਕਾਂ ਨੇ ਬਹੁਤ ਵੱਡੀਆਂ ਉਮੀਦਾਂ ਲਗਾਉਣੀਆਂ ਸ਼ੁਰੂ ਕਰ ਦਿੱਤੀਆਂ। ਸਰਕਾਰ ਬਣਦਿਆਂ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਕਈ ਤਾਬੜਤੋੜ ਐਲਾਨ ਕੀਤੇ। ਭ੍ਰਿਸ਼ਟਾਚਾਰ ਦਾ ਖਾਤਮਾ, ਨਸ਼ੇ ਦੇ ਸਮਗਲਰਾਂ ਨੂੰ ਨੱਥ ਪਾਉਣਾ, ਕਿਸਾਨੀ ਲਈ ਕੁਝ ਰਿਆਇਤਾਂ ਆਦਿ ਸਮੇਤ ਭਗਵੰਤ ਮਾਨ ਨੇ ਕਈ ਅਜਿਹੇ ਐਲਾਨ ਕੀਤੇ, ਜਿਹੜੇ ਜ਼ਰੂਰੀ ਵੀ ਸਨ ਅਤੇ ਪੰਜਾਬੀਆਂ ਦੀ ਆਸ 'ਤੇ ਖਰੇ ਉਤਰਨ ਵਾਲੇ ਵੀ ਸਨ ਪਰ ਇਸ ਦਰਮਿਆਨ ਪੰਜਾਬ ਵਿਚ ਗੜਬੜੀ ਪੈਦਾ ਕਰਨ ਵਾਲੇ ਅਨਸਰ ਸਰਗਰਮ ਹੋ ਗਏ। ਹਿੰਦੂ-ਸਿੱਖ ਭਾਈਚਾਰਕ ਸਾਂਝ ਨੂੰ ਲਾਂਬੂ ਲਗਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਇਸ ਕਾਰਨ ਹਿੰਦੂ ਭਾਈਚਾਰੇ ਵਿਚ ਸ਼ੰਕੇ ਵੀ ਉਭਰਨ ਲੱਗੇ, ਜਿਸ ਨੂੰ ਸਰਕਾਰ ਨੇ ਜਲਦੀ ਹੀ ਭਾਂਪ ਲਿਆ ਅਤੇ ਸਖਤ ਕਦਮ ਚੁੱਕਣੇ ਆਰੰਭ ਕਰ ਦਿੱਤੇ। ਭਗਵੰਤ ਮਾਨ ਮੂਹਰੇ ਪੰਜਾਬ ਦੀ ਅਮਨ ਸ਼ਾਂਤੀ ਸਭ ਤੋਂ ਅਹਿਮ ਮੁੱਦਾ ਬਣ ਗਿਆ ਹੈ ਕਿਉਂਕਿ ਜੇਕਰ ਪੰਜਾਬ ਵਿਚ ਅਫਰਾ-ਤਫਰੀ ਫੈਲਦੀ ਹੈ, ਦਹਿਸ਼ਤ ਦਾ ਮਾਹੌਲ ਪੈਦਾ ਹੁੰਦਾ ਹੈ ਤਾਂ ਸਰਕਾਰ ਅਸਫਲ ਹੋ ਜਾਵੇਗੀ ਅਤੇ ਆਪਣੇ ਟੀਚੇ ਪੂਰੇ ਨਹੀਂ ਕਰ ਸਕਦੀ ਬਲਕਿ ਜੇਕਰ ਮਾਹੌਲ ਕੁਝ ਜ਼ਿਆਦਾ ਖਰਾਬ ਹੋਇਆ ਤਾਂ ਕੇਂਦਰ ਸਰਕਾਰ ਨੂੰ ਦਖਲ ਵੀ ਦੇਣਾ ਪੈ ਸਕਦਾ ਹੈ। ਆਮ ਆਦਮੀ ਪਾਰਟੀ ਪੰਜਾਬ ਦੇ ਲੋਕਾਂ ਨਾਲ ਬਹੁਤ ਵੱਡੇ-ਵੱਡੇ ਵਾਅਦੇ ਕਰਕੇ ਆਈ ਹੈ, ਜਿਹਨਾਂ ਦੀ ਪੂਰਤੀ ਫਿਲਹਾਲ ਅਸੰਭਵ ਲੱਗ ਰਹੀ ਹੈ ਕਿਉਂਕਿ ਪੰਜਾਬ ਸਰਕਾਰ ਪਹਿਲਾਂ ਹੀ ਕਰਜ਼ੇ ਦੇ ਇੰਨੇ ਵੱਡੇ ਬੋਝ ਹੇਠ ਦੱਬੀ ਪਈ ਹੈ ਕਿ ਕੋਈ ਵੀ ਮੁਫਤ ਦੀ ਰਿਆਇਤ ਦੇਣੀ ਤਾਂ ਦੂਰ ਦੀ ਗੱਲ, ਇਸ ਵਕਤ ਦਿੱਤੀਆਂ ਜਾ ਰਹੀਆਂ ਰਿਆਇਤਾਂ ਨੂੰ ਜਾਰੀ ਰੱਖਣਾ ਵੀ ਵੱਡੀ ਚੁਣੌਤੀ ਬਣਿਆ ਹੋਇਆ ਹੈ। ਭਗਵੰਤ ਮਾਨ ਨੇ ਕੇਂਦਰ ਸਰਕਾਰ ਤੋਂ 1 ਲੱਖ ਕਰੋੜ ਦੀ ਰਾਹਤ ਮੰਗੀ ਪਰ ਇਹ ਰਾਹਤ ਜੇਕਰ ਕੇਂਦਰ ਸਰਕਾਰ ਦੇ ਵੀ ਦਿੰਦੀ ਹੈ ਤਾਂ ਪੰਜਾਬ ਸਿਰ ਕਰਜ਼ੇ ਦੀ ਪੰਡ ਹੋਰ ਭਾਰੀ ਹੋ ਜਾਵੇਗੀ।

ਇਸ ਸਥਿਤੀ ਵਿਚੋਂ ਨਿਕਲਣ ਲਈ ਸਰਕਾਰ ਨੂੰ ਕੁਝ ਸਖਤ ਕਦਮ ਪੁੱਟਣੇ ਜ਼ਰੂਰੀ ਹਨ। ਮੁਫਤ ਦੀਆਂ ਸਹੂਲਤਾਂ ਬੰਦ ਕਰਨੀਆਂ ਚਾਹੀਦੀਆਂ ਹਨ ਕਿਉਂਕਿ ਪੰਜਾਬ ਦੇ ਲੋਕੀ ਮੁਫਤ ਦੀਆਂ ਸਹੂਲਤਾਂ ਨਹੀਂ ਚਾਹੁੰਦੇ ਬਲਕਿ ਪੰਜਾਬ ਦੀ ਤਰੱਕੀ ਚਾਹੁੰਦੇ ਹਨ। ਬੱਸਾਂ ਦੇ ਕਿਰਾਏ ਮੁਆਫ ਕਰਨ ਦੀ ਬਜਾਏ ਕਿਰਾਇਆਂ ਵਿਚ ਕਮੀ ਕਰ ਦਿੱਤੀ ਜਾਵੇ, ਮੁਫਤ ਬਿਜਲੀ ਦੀ ਥਾਂ ਸਸਤੀ ਅਤੇ 24 ਘੰਟੇ ਬਿਜਲੀ ਮੁਹੱਈਆ ਕਰਵਾਈ ਜਾਵੇ। ਔਰਤਾਂ ਨੂੰ 1 ਹਜ਼ਾਰ ਰੁਪਏ ਮਹੀਨੇ ਦੀ ਥਾਂ ਬਜ਼ੁਰਗਾਂ ਅਤੇ ਵਿਧਵਾਵਾਂ ਨੂੰ ਦਿੱਤੀ ਜਾਂਦੀ ਪੈਨਸ਼ਨ ਵਿਚ ਕੁਝ ਵਾਧਾ ਕਰ ਦਿੱਤਾ ਜਾਵੇ। ਇਸ ਦੇ ਨਾਲ ਹੀ ਪੰਜਾਬ ਨੂੰ ਇਕ ਟਿਕਾਊ ਵਿਕਾਸ ਯੋਜਨਾ ਦੀ ਲੋੜ ਹੈ। ਪੰਜਾਬ ਦਾ ਪ੍ਰਮੁੱਖ ਧੰਦਾ ਖੇਤੀਬਾੜੀ ਹੈ। ਇਸ ਖੇਤਰ ਵਿਚ ਸੁਧਾਰ ਲਈ ਸਰਕਾਰ ਸੂਬਾ ਵਿਚ 5-7 ਖੇਤੀਬਾੜੀ ਯੂਨੀਵਰਸਿਟੀਆਂ ਖੋਲ੍ਹੇ ਜੋ ਰਿਸਰਚ ਅਤੇ ਪੰਜਾਬ ਵਿਚ ਫੂਡ ਪ੍ਰਾਸੈਸਿੰਗ ਤੇ ਖੋਜ ਕਰਕੇ ਕਿਸਾਨੀ ਨੂੰ ਰਾਹ ਦਿਖਾਉਣ। ਕਣਕ-ਝੋਨੇ ਦੇ ਫਸਲ ਚੱਕਰ ਵਿਚੋਂ ਪੰਜਾਬ ਨੂੰ ਜਿੰਨੀ ਜਲਦੀ ਹੋ ਸਕੇ ਕੱਢਿਆ ਜਾਵੇ। ਆਧੁਨਿਕ ਖੇਤੀਬਾੜੀ ਲਈ ਇਜ਼ਰਾਈਲ, ਅਮਰੀਕਾ ਵਰਗੇ ਮੁਲਕਾਂ ਵਿਚ ਖੇਤੀ ਵਿਗਿਆਨੀ ਭੇਜੇ ਜਾਣ। ਖੇਤੀ ਦੇ ਨਾਲ ਪੰਜਾਬ ਦੇ ਪਸ਼ੂ ਪਾਲਣ, ਸਹਾਇਕ ਧੰਦੇ ਅਤੇ ਖੇਤੀਬਾੜੀ ਦੇ ਨਾਲ ਹੋਣ ਵਾਲੇ ਛੋਟੇ-ਛੋਟੇ ਕੰਮ ਧੰਦਿਆਂ ਦੀ ਜਾਣਕਾਰੀ ਮੁਹੱਈਆ ਕਰਵਾਈ ਜਾਵੇ। ਅਜਿਹੇ ਕਦਮ ਚੁੱਕਣ ਨਾਲ ਪੰਜਾਬ ਦਾ ਖੇਤੀ ਅਰਥਚਾਰਾ ਪਟੜੀ ਤੇ ਆ ਸਕੇਗਾ ਅਤੇ ਜੇਕਰ ਇਹ ਖੇਤੀ ਪਟੜੀ ਤੇ ਆਉਂਦਾ ਹੈ ਤਾਂ ਪੰਜਾਬ ਵਿਚ ਉਦਯੋਗ ਵੀ ਤੇਜ਼ੀ ਨਾਲ ਵਧੇਗਾ ਕਿਉਂਕਿ ਪੰਜਾਬ ਨੂੰ ਵੱਡੇ ਉਦਯੋਗਾਂ ਦੀ ਲੋੜ ਨਹੀਂ ਬਲਕਿ ਖੇਤੀ ਨਾਲ ਸਬੰਧਤ ਲਘੂ ਅਤੇ ਛੋਟੇ ਉਦਯੋਗਾਂ ਦੀ ਲੋੜ ਹੈ, ਜਿਹੜੇ ਪੰਜਾਬ ਦੇ ਖੇਤੀ ਉਤਪਾਦਨ ਨੂੰ ਸੰਭਾਲ ਸਕਣਗੇ ਅਤੇ ਇਸਦਾ ਨਿਰਯਾਤ ਕਰਨ ਲਈ ਵੀ ਰਾਹ ਪੱਧਰਾ ਕਰ ਸਕਦੇ ਹਨ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771
36415 RUSCHIN DR. NEWARK, CA 94560
Ranjit Kandola ,Managing Editor
email-Kandola@macloans.net
Buta Ram joshi Staff Reporter, Fresno 559-803-0055
Sanjeev Garg Kali, Reporter Malwa Area, 96713-53789
RAJ BUDWAL
MEDIA PARTNER / REPRESENTATIVE
8350202@gmail.com 408-835-0202
Web designed www.pardestimes.com
by Aman Bansil 510-589-2245

The Pardes Times And People Associated With It Are Not Responsible For Any Claims Made By The Advertisers And Don't Endorse Any Product Or Services Advertised In The Pardes Times. Please Consult Your Attorney Before , Buying/Hiring Contracting Through The Ads Published In The News Paper. The Pardes Times Is In Business Of Selling Spaces And Claims Made By Advertisers Are Not Tested/Confirmed By An Independent Source.

# ਕਿਉਂ ਨਹੀਂ ਰੁਕ ਰਿਹਾ ਨਸ਼ਿਆਂ ਦਾ ਵਹਿਣ

**ਕੁਲਮਿੰਦਰ ਕੌਰ**

ਕਈ ਸਾਲਾਂ ਤਕ ਪੰਜਾਬ ਨੇ ਅੱਤਵਾਦ ਦਾ ਸੰਤਾਪ ਭੋਗਿਆ ਹੈ। ਉਦੋਂ ਦਿਲ ਦਹਿਲਾ ਦੇਣ ਵਾਲੇ ਭਿਆਨਕ ਸਮੇਂ ਤੋਂ ਮੁਕਤ ਹੋਇਆ ਤਾਂ ਇਕ ਆਸ ਬੱਝੀ ਸੀ ਕਿ ਹੁਣ ਇਹ ਦਿਨ-ਦੁੱਗਣੀ ਤੇ ਰਾਤ ਚੌਗਣੀ ਤਰੱਕੀ ਕਰੇਗਾ। ਬਦਕਿਸਮਤੀ ਕਿ ਅਜਿਹਾ ਕੁਝ ਵੀ ਨਹੀਂ ਹੋਇਆ। ਪੰਜਾਬ ਦੀ ਜਵਾਨੀ ਦਾ ਕੁਝ ਹਿੱਸਾ ਉਸ ਸੰਤਾਪ ਨੇ ਨਿਗਲ ਲਿਆ, ਕੁਝ ਵਿਦੇਸ਼ਾਂ ਨੂੰ ਚਾਲੇ ਪਾ ਗਏ ਤੇ ਹੁਣ ਲਗਪਗ 70% ਨੌਜਵਾਨ ਨਸ਼ਿਆਂ ਦੀ ਝੁੱਲਦੀ ਹਨੇਰੀ ਦੀ ਲਪੇਟ 'ਚ ਹਨ। ਘੋਖਿਆ ਜਾਵੇ ਤਾਂ ਬਾਹਰ ਜਾਣ ਵਾਲੇ ਚੰਗੇ ਰਹੇ ਅਤੇ ਇਕ ਸੋਚ ਲੋਕਾਂ ਦੀ ਆਵਾਜ਼ ਵੀ ਬਣੀ।।

ਜੇ ਸਾਂਭਦਾ ਵਲੈਤ ਨਾ ਪੰਜਾਬ ਨੂੰ ,
ਕਿੱਥੋਂ ਬਣਨੇ ਸੀ ਰੰਗਲੇ ਚੁਬਾਰੇ।
ਲੱਖ ਲਾਹਨਤਾਂ ਤੇਰੇ 'ਤੇ ਸਰਕਾਰੇ।

ਪੰਜਾਬ 'ਚ ਨਸ਼ਿਆਂ ਦੀ ਦਲਦਲ 'ਚ ਫਸੇ ਨੌਜਵਾਨ ਸਭ ਕੁਝ ਗੁਆ ਕੇ ਉੱਜੜੇ ਪਰਿਵਾਰਾਂ ਦੀ ਤਬਾਹੀ ਦਾ ਮੰਜਰ ਵੇਖਦੇ ਹੋਏ ਮੌਤ ਦੀ ਬੁੱਕਲ 'ਚ ਸਮਾ ਰਹੇ ਹਨ। ਮੈਂ ਆਪਣੀ ਜ਼ਿੰਦਗੀ ਦੇ ਪਿਛਲੇ ਕਈ ਦਹਾਕਿਆਂ ਦੌਰਾਨ ਸਭ ਤੋਂ ਪਹਿਲਾਂ ਸ਼ਰਾਬ ਦੇ ਨਸ਼ੇ ਬਾਰੇ ਹੀ ਜਾਣਿਆ ਸੀ।

ਫਿਰ ਭੰਗ, ਪੋਸਤ, ਤੰਬਾਕੂ ਆਦਿ ਵੱਖਰੇ ਕਿਸਮਾਂ ਦੇ ਨਸ਼ਿਆਂ ਦੀ ਆਮਦ ਹੋਈ। ਮਗਰੋਂ ਇਸ ਸੂਚੀ ਵਿਚ ਕਈ ਸਿੰਥੈਟਿਕ ਅਤੇ ਸਭ ਤੋਂ ਮਹਿੰਗਾ ਤੇ ਜਾਨਲੇਵਾ ਨਸ਼ਾ ਸਮੈਕ ਭਾਵ ਚਿੱਟਾ ਵੀ ਆਣ ਜੁੜਿਆ ਹੈ। ਨਸ਼ੇ ਦੀ ਸ਼ੁਰੂਆਤ ਜਾਣੇ-ਅਨਜਾਣੇ ਸ਼ਰਾਬ,-ਸਿਗਰਟ ਤੋਂ ਹੀ ਹੁੰਦੀ ਹੈ। ਜਦੋਂ ਸ਼ਰਾਬ ਦਾ ਨਸ਼ਾ ਮਨ-ਮਸਤਕ 'ਚ ਘਰ ਕਰ ਜਾਂਦਾ ਹੈ ਤਾਂ ਨਸ਼ਿਆਂ ਦੇ ਬਾਜ਼ਾਰ 'ਚ ਆਸਾਨੀ ਨਾਲ ਮਿਲਦੇ ਹੋਰ ਨਸ਼ਿਆਂ ਵੱਲ ਖਿੱਚੇ ਜਾਣਾ ਸੁਭਾਵਿਕ ਹੈ।

ਸਰਕਾਰਾਂ ਦਾ ਮੰਨਣਾ ਹੈ ਕਿ ਸ਼ਰਾਬ ਦੀ ਵੱਧ ਖਪਤ ਦੀ ਕਮਾਈ ਵਿਕਾਸ ਦੇ ਕੰਮਾਂ 'ਚ ਲੱਗਦੀ ਹੈ ਪਰ ਅਸੀਂ ਅਕਸਰ ਪੜ੍ਹਦੇ-ਸੁਣਦੇ ਤੇ ਵੇਖਦੇ ਹਾਂ ਕਿ ਕਿਵੇਂ ਨਸ਼ਿਆਂ ਦੀ ਜਿੱਲਣ 'ਚ ਫਸੇ ਲੋਕ ਨਰਕ ਭੋਗ ਰਹੇ ਹਨ। ਮੈਨੂੰ ਯਾਦ ਹੈ ਕਿ ਸਾਡੇ ਸੈਕਟਰ ਦੇ ਨਾਲ ਲੱਗਦੇ ਪਿੰਡ 'ਚ ਗਲੀ ਦੇ ਮੋੜ 'ਤੇ ਠੇਕਾ ਖੁੱਲ੍ਹਿਆ ਤਾਂ ਪਿੰਡ ਵਾਸੀਆਂ ਨੇ ਸੰਘਰਸ਼ ਦਾ ਬਿਗੁਲ ਵਜਾਇਆ। ਸਭ ਤੋਂ ਵੱਧ ਔਰਤਾਂ ਨੇ ਲਾਠੀਆਂ-ਸੋਟਿਆਂ ਨਾਲ ਅੱਗੇ ਆ ਕੇ ਭੰਨ-ਤੋੜ ਕੀਤੀ ਤੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਕਿਉਂਕਿ ਸਭ ਤੋਂ ਵੱਧ ਸੰਤਾਪ ਤਾਂ ਔਰਤਾਂ ਹੀ ਭੋਗਦੀਆਂ ਹਨ।

ਉਨ੍ਹਾਂ ਦਾ ਕਹਿਣਾ ਸੀ ਕਿ ਅਸੀਂ ਨਸ਼ੇ ਛੁਡਾਉਣਾ ਚਾਹੁੰਦੇ ਹਾਂ ਪਰ ਜਦੋਂ ਨਸ਼ਾ ਖ਼ੁਦ ਘਰ ਦੇ ਨੇੜੇ ਆ ਜਾਵੇ ਤਾਂ ਇਹ ਕਿੱਥੋਂ ਸੁਧਰ ਜਾਣਗੇ। ਇਸ ਦਾ ਤਾਂ ਮੁਸ਼ਕ ਵੀ ਨਸ਼ਈ ਬੰਦੇ ਦਾ ਦਿਮਾਗ ਖ਼ਰਾਬ ਕਰ ਦਿੰਦੈ। ਮੇਰੀ ਨੌਕਰੀ ਵੇਲੇ ਜਿਸ ਚੌਂਕ ਤੋਂ ਮੈਂ ਬੱਸ ਫੜਨੀ ਹੁੰਦੀ ਸੀ, ਉੱਥੇ ਇਕ ਪਾਸੇ ਠੇਕਾ ਤੇ ਮਨਜ਼ੂਰਸ਼ੁਦਾ ਅਹਾਤਾ ਵੀ ਸੀ। ਸਵੇਰੇ ਉੱਥੇ ਖੜ੍ਹੇ ਹੋਣਾ ਤਾਂ ਕਈ ਵਾਰ ਦਿਲ ਬੜਾ ਪਸੀਜਦਾ ਜਦੋਂ ਕਿਤੇ ਵੇਖਣਾ ਕਿ ਕਈ ਨਸ਼ੇੜੀ ਰਾਤ ਦੀਆਂ ਸੁੱਟੀਆ ਹੋਈਆਂ ਬੋਤਲਾਂ 'ਚੋਂ ਬਚੀ-ਖੁਚੀ ਸ਼ਰਾਬ ਹਲਕ 'ਚ ਉਤਾਰ ਰਹੇ ਨੇ। ਸ਼ਰਾਬੀ ਸਾਰਾ ਦਿਨ ਅਹਾਤੇ 'ਚ ਮਹਿਫਲਾਂ ਸਜਾਈ ਬੈਠੇ ਹੁੰਦੇ। ਕਈ ਸੜਕਾਂ ਦੇ ਕੰਢੇ ਡਿੱਗੇ ਹੋਏ ਦਿਸਦੇ। ਸਮਝ ਨਾ ਆਉਂਦੀ ਕਿ ਸਰਕਾਰ ਨਸ਼ੇ ਰੋਕ ਰਹੀ ਹੈ ਜਾਂ ਇਨ੍ਹਾਂ ਮਹਿਫਲਾਂ ਤੇ ਬਹਾਰਾਂ ਦਾ ਆਨੰਦ ਮਾਣ ਰਹੀ ਹੈ ਜਦੋਂਕਿ ਇਸ ਦੇ ਅੰਜਾਮ ਤੇ ਘਟਨਾਵਾਂ ਤੋਂ ਵੀ ਬੇਖ਼ਬਰ ਨਹੀਂ ਹੈ। ਨਸ਼ਾ ਮਨੁੱਖ ਨੂੰ ਜਿਸਮਾਨੀ, ਰੂਹਾਨੀ, ਇਖ਼ਲਾਕੀ ਤੇ ਮਾਨਸਿਕ ਪੱਖੋਂ ਖੋਖਲਾ ਕਰ ਦਿੰਦਾ ਹੈ।

ਉਹ ਸਮਾਜਿਕ ਕੁਰੀਤੀਆਂ ਤੇ ਜ਼ਲਾਲਤ 'ਚ ਫਸਦਾ ਜਾਂਦਾ ਹੈ। ਅਜਿਹੇ 'ਚ ਮਾਂ, ਧੀ-ਭੈਣ ਦੇ ਰਿਸ਼ਤੇ ਅੱਜ ਬੇ-ਪਛਾਣ ਹੋ ਰਹੇ ਹਨ। ਸਰਕਾਰਾਂ ਖ਼ੁਦ ਹੀ ਸੋਚਣ ਕਿ ਇਹ ਕਿਸ ਤਰ੍ਹਾਂ ਦਾ ਵਿਕਾਸ ਹੈ। ਮੇਰੇ ਕਿਸੇ ਲੇਖ ਦੇ ਪ੍ਰਤੀਕਰਮ 'ਚ ਪਾਠਕ ਫੋਨ 'ਤੇ ਹੱਡ-ਬੀਤੀਆਂ ਸੁਣਾ ਕੇ ਨਸ਼ਿਆਂ ਬਾਰੇ ਲਿਖਣ ਨੂੰ ਕਹਿੰਦੇ ਹਨ।

ਅਸੀਂ ਆਪਣੇ ਬੱਚਿਆਂ ਨੂੰ ਸਭ ਤੋਂ ਵੱਧ ਕਦਰਦਾਨ ਵਿਅਕਤੀਆਂ ਦੀ ਕਤਾਰ 'ਚ ਵੇਖਣਾ ਚਾਹੁੰਦੇ ਹਾਂ ਪਰ ਉਹ ਨਸ਼ਿਆਂ ਦੀ ਲਪੇਟ 'ਚ ਪਤਾ ਨਹੀਂ ਕਿਹੜੇ ਨਿਵੇਕਲੇ ਰਾਹਾਂ 'ਤੇ ਤੁਰ ਪੈਂਦੇ ਹਨ। ਮਾਂ ਆਪਣੀ ਹੀ ਕੁੱਖ ਨੂੰ ਉਲਾਂਭੇ ਦਿੰਦੀ ਹੈ ਕਿ ਨਿੱਜ ਜੰਮਦਾ ਮੇਰੇ ਘਰ। ਨਸ਼ੇੜੀ ਮੁੰਡੇ ਦੀ ਮੌਤ ਤੋਂ ਬਾਅਦ ਮਾਂ ਵਿਰਲੇ ਕਰਦੀ ਆਖਦੀ ਹੈ ,"ਚੰਗਾ! ਰੱਬ ਨੇ ਪਰਦਾ ਪਾ 'ਤਾ।

ਨਿੱਤ ਨਸ਼ਾ ਮੰਗਦਾ, ਹਾੜੇ ਕੱਢਦਾ ਤੇ ਜ਼ਲੀਲ ਹੁੰਦਾ ਵੀ ਜਰਿਆ ਨਹੀਂ ਸੀ ਜਾਂਦਾ।" ਮੇਰੇ ਪਿੱਛੋਂ ਤਾਂ ਗਲੀਆਂ 'ਚ ਰੁਲਦਾ ਫਿਰਦਾ। ਨਸ਼ੇੜੀ ਪੁੱਤ ਨੂੰ ਇਕ ਵਿਧਵਾ ਮਾਂ ਸੰਗਲਾਂ ਨਾਲ ਬੰਨ੍ਹਣ ਨੂੰ ਮਜਬੂਰ ਹੈ। ਅਸੀਂ ਦੁਨੀਆ ਦਾ ਸਭ ਤੋਂ ਜਵਾਨ ਮੁਲਕ ਹਾਂ, ਆਬਾਦੀ ਭਾਵੇਂ ਚੀਨ ਦੀ ਵੱਧ ਹੈ ਪਰ ਨੌਜਵਾਨ ਸਾਡੇ ਕੋਲ ਵੱਧ ਹਨ। ਅੱਜ ਨੌਜਵਾਨੀ ਨਸ਼ਿਆਂ ਦੀ ਜਿੱਲਣ 'ਚ ਫਸ ਕੇ ਬਰਬਾਦੀ ਦੀ ਕਗਾਰ 'ਤੇ ਖੜ੍ਹੀ ਹੈ ਜੋ ਦੇਸ਼ ਦਾ ਭਵਿੱਖ ਹੈ। ਯੋਧਿਆਂ ਦੇ ਵਾਰਿਸ ਅੱਜ ਆਪਣੇ ਪੈਰਾਂ 'ਤੇ ਖਲੋਣ ਜੋਗੇ ਵੀ ਨਹੀਂ। ਹਾਲਾਤ ਇਹ ਹਨ ਕਿ ਨੌਜਵਾਨ ਲੜਕੀਆਂ ਤੇ ਔਰਤਾਂ ਵੀ ਨਸ਼ਾ ਛੁਡਾਊ ਕੇਂਦਰਾਂ 'ਚ ਇਲਾਜ ਕਰਵਾ ਰਹੀਆਂ ਹਨ ਜੋ ਬਹੁਤ ਹੀ ਮੰਦਭਾਗੀ ਗੱਲ ਹੈ। ਘਰ-ਪਰਿਵਾਰ ਤੇ ਸਮਾਜ ਨੂੰ ਸੁਧਾਰਨ ਦਾ ਜਿੰਮਾ ਲੈਣ ਵਾਲੀ ਔਰਤ ਜਾਤੀ ਦੇ ਪੈਰ ਕਾਹਤੋਂ ਥਿਰਕ ਗਏ? ਔਰਤਾਂ ਦਾ ਅਪਰਾਧ ਜਗਤ 'ਚ ਉਤਰਨਾ ਫ਼ਿਕਰਮੰਦ ਕਰਦਾ ਹੈ। ਇਸ ਨਸ਼ੇ ਦੇ ਵਹਿਣ ਦੇ ਡਰੋਂ ਹੀ ਮਾਪੇ ਮਹਿੰਗੇ ਕਰਜ਼ੇ ਚੁੱਕ ਕੇ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਮਜਬੂਰ ਹਨ।



ਆਏ ਦਿਨ ਨਸ਼ਿਆਂ ਕਾਰਨ ਬਲਦੇ ਸਿਵਿਆਂ ਨੂੰ ਵੇਖਦੇ ਹੋਏ ਹੀ ਸਰਕਾਰ ਤੇ ਪ੍ਰਸ਼ਾਸਨ ਦੀ ਝਾਕ ਛੱਡਦਿਆਂ ਕੁਝ ਮਹੀਨੇ ਪਹਿਲਾਂ ਬਠਿੰਡਾ ਜ਼ਿਲ੍ਹੇ ਦੇ ਕਾਲਝਰਾਣੀ ਤੇ ਕੁਝ ਹੋਰ ਪਿੰਡਾਂ ਦੀਆਂ ਪੰਚਾਇਤਾਂ ਅਤੇ ਆਮ ਲੋਕਾਂ ਨੇ ਨਸ਼ਿਆਂ ਵਿਰੁੱਧ ਮੁਹਿੰਮ ਵਿੱਢੀ ਹੈ।

ਜੇਕਰ ਜਨਤਾ ਜਾਗਰੂਕ ਹੈ ਤਾਂ ਸਰਕਾਰ, ਪ੍ਰਸ਼ਾਸਨ ਤੇ ਪੁਲਿਸ ਦੀ ਪੂਰਨ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਸ ਮੁੱਦੇ ਨੂੰ ਲੈ ਕੇ ਗੰਭੀਰਤਾ ਨਾਲ ਵਿਚਾਰ ਕਰੇ ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲਿਆਂ 'ਤੇ ਸ਼ਿਕੰਜਾ ਕੱਸ ਕੇ ਨਸ਼ੇ ਦੇ ਆਦੀ ਹੋ ਚੁੱਕੇ ਵਿਅਕਤੀਆਂ ਦਾ ਨਸ਼ਾ ਛੁਡਾਊ ਕੇਂਦਰਾਂ 'ਚ ਮੁਫ਼ਤ ਇਲਾਜ ਕਰਵਾ ਕੇ ਉਨ੍ਹਾਂ ਨੂੰ ਮੁੱਖ-ਧਾਰਾ 'ਚ ਸ਼ਾਮਲ ਹੋਣ ਯੋਗ ਬਣਾਏ। ਹਰ ਤਰ੍ਹਾਂ ਦੇ ਨਸ਼ੇ ਦੇ ਉਤਪਾਦਨ, ਵਿਕਰੀ 'ਤੇ ਪੂਰਨ ਪਾਬੰਦੀ/ਰੋਕ ਲਗਾਏ। ਸਰਕਾਰੀ ਕਮਾਈ ਦੇ ਸਾਧਨਾਂ ਦਾ ਬਦਲ ਲੱਭੇ ਜਾਂ ਹੋਰ ਧੰਦਿਆਂ ਨੂੰ ਪ੍ਰਫੁੱਲਿਤ ਕਰੇ।

ਝੂਠੇ ਵਾਅਦਿਆਂ-ਲਾਰਿਆਂ ਤੋਂ ਅੱਕੀ-ਥੱਕੀ ਜਨਤਾ, ਪੰਜਾਬ ਨੂੰ ਉੱਪਰ ਉੱਠਦਾ ਵੇਖਣ ਲਈ ਵੱਡੀ ਸਿਆਸੀ ਤਬਦੀਲੀ ਲਿਆਉਣ 'ਚ ਕਾਮਯਾਬ ਹੋ ਸਕੀ ਹੈ। ਇਸ ਤਬਦੀਲੀ ਦੀ ਫਿਜ਼ਾ 'ਚ ਵਧੀਆ ਕਾਰਗੁਜ਼ਾਰੀ ਦਾ ਇਤਿਹਾਸ ਵੀ ਇਸ ਪਾਰਟੀ ਨੂੰ ਸਿਰਜਣਾ ਹੋਵੇਗਾ।

ਨਸ਼ੇ ਦੀ ਭੇਟ ਚੜ੍ਹੇ ਪੁੱਤਰ ਦੀ ਮੌਤ ਤੋਂ ਬਾਅਦ 'ਕਫਨ ਬੋਲ ਪਿਆ' ਸੰਸਥਾ ਬਣਾਉਣ ਵਾਲਾ ਮੁਖਤਿਆਰ ਸਿੰਘ ਕਈ ਸਾਲਾਂ ਤੋਂ ਨਸ਼ਾ ਖ਼ਤਮ ਹੋਣ ਦੀ ਉਡੀਕ ਕਰ ਰਿਹਾ ਹੈ। ਭਗਵੰਤ ਸਿੰਘ ਮਾਨ ਖ਼ੁਦ ਇਹ ਮਸਲਾ ਪਾਰਲੀਮੈਂਟ 'ਚ ਉਠਾ ਚੁੱਕੇ ਹਨ।

ਆਪ ਸਰਕਾਰ ਸੱਤਾ ਸੰਭਾਲਣ ਤੋਂ ਬਾਅਦ ਬਹੁਤ ਸਾਰੇ ਮਸਲੇ ਹੱਲ ਕਰਨ ਲਈ ਸਰਗਰਮੀ ਵਿਖਾ ਰਹੀ ਹੈ। ਪਰ ਨਸ਼ਿਆਂ ਦੇ ਮੁੱਦੇ ਜੋ ਪਹਿਲ ਦੇ ਆਧਾਰ 'ਤੇ ਵਿਚਾਰੇ ਜਾਣੇ ਚਾਹੀਦੇ ਹਨ, ਬਾਰੇ ਕੋਈ ਵਾਈ-ਧਾਈ ਨਹੀਂ। ਇਸ ਲਈ ਜਨਤਾ ਯਾਦ ਕਰਾ ਰਹੀ ਹੈ ਕਿ ਲੋਕ ਫ਼ਤਵੇ ਨਾਲ ਜਿੱਤ ਹਾਸਲ ਕਰ ਚੁੱਕੀ ਪਾਰਟੀ ਨੇ 'ਉੜਤਾ ਪੰਜਾਬ' ਦੀ ਥਾਂ ਉੱਠਦਾ ਪੰਜਾਬ ਬਣਾਉਣ ਦਾ ਦਾਅਵਾ ਵੀ ਕੀਤਾ ਸੀ।

ਸਮੇਂ ਦੀ ਮੰਗ ਹੈ ਕਿ ਸਰਕਾਰ ਨਸ਼ੇ ਨੂੰ ਅਹਿਮ ਮੁੱਦਾ ਬਣਾ ਕੇ ਇਸ ਦਾ ਹਰ ਹੀਲੇ ਹੱਲ ਵੀ ਕਰੇ।



## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

| | | | |
|---|---|---|---|
| (1) ਸ. ਦੀਦਾਰ ਸਿੰਘ ਬੈਂਸ | (10) ਡਾ. ਚਰਨਜੀਤ ਸਿੰਘ ਉਪਲ | (19) ਕਸ਼ਮੀਰ ਸਿੰਘ ਧੁੱਗਾ | (28) ਹੈਰੀ ਸਿੱਧੂ |
| (2) ਅਵਤਾਰ ਸਿੰਘ ਸਹੋਤਾ | (11) ਕੁਲਦੀਪ ਸਿੰਘ ਅਟਵਾਲ | (20) ਅਮੋਲਕ ਸਿੰਘ ਗਾਖਲ | (29) ਜਸਵੀਰ ਸਿੰਘ ਕੁਲਾਰ |
| (3) ਗੈਰੀ ਬਸਰਾਏ | (12) ਸੁਰਜੀਤ ਸਿੰਘ ਅਟਵਾਲ | (21) ਹਰਨੇਕ ਸਿੰਘ ਅਟਵਾਲ | (30) ਰਾਜ ਬਡਵਾਲ |
| (4) ਹਰਦੀਪ ਸਿੰਘ ਢਾਡਲੀ | (13) ਬਘੇਲ ਸਿੰਘ ਜਸਵਾਲ | (22) ਬਲਦੇਵ ਸਿੰਘ ਮਾਨ | (31) ਕਮਲਜੀਤ ਸਿੰਘ ਅਟਵਾਲ |
| (5) ਬਲਬੀਰ ਸਿੰਘ ਸੋਹਲ | (14) ਗੁਰਵਿੰਦਰ ਸਿੰਘ ਮਾਵੀ | (23) ਸ੍ਰੀ ਸੁੱਚਾ ਰਾਮ ਜੀ | (32) ਡਾ. ਭੁਪਿੰਦਰ ਭੰਡਾਰੀ |
| (6) ਗੁਰਨਾਮ ਸਿੰਘ ਪੰਮਾ | (15) ਡਾ ਦਲਵੀਰ ਪੰਨੂ | (24) ਜੌਹਨ ਸਿੰਘ ਗਿੱਲ | (33) ਅਜੈਬ ਸਿੰਘ ਮੱਲੀ |
| (7) ਦਲਵੀਰ ਸਿੰਘ ਗਿੱਲ | (16) ਡਾ. ਹਰਮੇਸ਼ ਕੁਮਾਰ | (25) ਉਂਕਾਰ ਸਿੰਘ ਸੈਣੀ | (34) ਹਰਜੀਤ ਗਿੱਲ |
| (8) ਗੁਰਮੇਜ ਸਿੰਘ ਗਿੱਲ | (17) ਸੁਰਿੰਦਰ ਸਿੰਘ ਧਨੋਆ | (26) ਕੁਲਵੰਤ ਸਿੰਘ ਨਿਜਰ | (35) ਸਰਬਜੀਤ ਸਿੰਘ ਸਾਬੀ |
| (9) ਸੁਖਰਾਜ ਸਿੰਘ ਢਿੱਲੋਂ | (18) ਅਵਤਾਰ ਸਿੰਘ ਤਾਰੀ | (27) ਸੁਖਵੀਰ ਸਿੰਘ ਨਿਜਰ | (36) ਕੁਲਦੀਪ ਸਿੰਘ ਸਹੋਤਾ (ਡੀਪੀਈ) |

# ਰਵਾਇਤੀ ਮੀਡੀਆ 'ਤੇ ਹਾਵੀ ਹੋ ਰਿਹਾ ਹੈ ਸੋਸ਼ਲ ਮੀਡੀਆ

ਡਾ ਭੁਪਿੰਦਰ ਸਿੰਘ ਵਿਰਕ

ਅੱਗ, ਪਹੀਆ ਟੈਲੀਫੋਨ, ਜਹਾਜ਼, ਕੰਪਿਊਟਰ, ਮੋਬਾਈਲ ਫੋਨ ਨੂੰ ਮਨੁੱਖੀ ਸਮਾਜ ਦੇ ਵਿਕਾਸ ਦਾ ਮੀਲ ਪੱਥਰ ਕਿਹਾ ਜਾ ਸਕਦਾ ਹੈ। ਕੰਪਿਊਟਰ/ਮੋਬਾਈਲ ਫੋਨ ਆਧੁਨਿਕ ਸਮੇਂ ਦੀ ਆਟੋਮੇਸ਼ਨ ਤਕਨਾਲੋਜੀ ਦਾ ਸਮਾਨਾਰਥੀ ਹੈ। ਇੰਟਰਨੈਟ ਨੂੰ ਸੰਚਾਰ ਦਾ ਸਾਧਨ ਸੰਚਾਰ ਤਕਨਾਲੋਜੀ ਨੇ ਸੰਭਵ ਬਣਾਇਆ ਹੈ। ਕੰਪਿਊਟਰ ਵਿਗਿਆਨ ਅਤੇ ਸੰਚਾਰ ਤਕਨਾਲੋਜੀ ਦੀ ਸ਼ੁਰੂਆਤ ਨਾਲ ਸੰਸਾਰ ਦੂਜੀ ਕ੍ਰਾਂਤੀ ਵਿਚੋਂ ਲੰਘ ਰਿਹਾ ਹੈ। ਜੋ ਵਰਤਾਰਾ ਇੰਨਾ ਉਭਰ ਰਿਹਾ ਹੈ, ਉਸ ਨੂੰ ਸੂਚਨਾ ਤਕਨਾਲੋਜੀ ਕਿਹਾ ਜਾਂਦਾ ਹੈ। ਮੋਬਾਈਲ ਜਾਂ ਸੈੱਲ ਫੋਨ ਹੁਣ ਮਿਨੀ ਕੰਪਿਊਟਰ ਬਣ ਗਏ ਹਨ।

ਇੰਟਰਨੈੱਟ ਦੇ ਆਗਮਨ ਅਤੇ ਇਸ ਦੇ ਡਾਟ ਕਾਮ ਪ੍ਰੋਜੇਨੀ-ਵਰਲਡ ਵਾਈਡ ਵੈੱਬ, ਈਮੇਲ, ਇੰਟਰਨੈਟ ਰਿਲੇਅ ਆਦਿ ਨਾਲ ਸਾਰੀਆਂ ਭੂਗੋਲਿਕ ਰੁਕਾਵਟਾਂ ਖ਼ਤਮ ਹੋ ਗਈਆਂ ਹਨ। ਇੰਟਰਨੈੱਟ ਟੈਕਨਾਲੋਜੀ 1986 ਵਿਚ ਹੋਂਦ ਵਿਚ ਆਈ ਸੀ, ਇਸ ਨੇ ਬੇਮਿਸਾਲ ਵਿਕਾਸ ਦਿਖਾਇਆ ਹੈ। ਉਦਾਹਰਨ ਵਜੋਂ ਬਿਜਲੀ ਦੀ ਵਰਤੋਂ ਪਹਿਲੀ ਵਾਰ 1831 ਵਿਚ ਕੀਤੀ ਗਈ ਸੀ ਪਰ ਜਦੋਂ ਤੱਕ 1882 ਵਿਚ ਪਹਿਲਾਂ ਪਾਵਰ ਸਟੇਸ਼ਨ ਨਹੀਂ ਬਣਿਆ ਅਤੇ ਉਸ ਤੋਂ ਬਾਅਦ 50 ਸਾਲਾਂ ਵਿਚ ਬਿਜਲੀ ਅਮਰੀਕਾ ਦੇ 80% ਘਰਾਂ ਅਤੇ ਕਾਰਖਾਨਿਆਂ ਤੱਕ ਪਹੁੰਚੀ। ਰੇਡੀਓ ਦੀ ਹੋਂਦ ਤੋਂ ਬਾਅਦ 38 ਸਾਲ ਲੱਗੇ ਇਸ ਨੂੰ 50 ਮਿਲੀਅਨ ਲੋਕਾਂ ਤੱਕ ਪਹੁੰਚਣ ਲਈ। ਟੈਲੀਵਿਜ਼ਨ ਨੂੰ ਉਸੇ ਮਾਪਦੰਡ ਤੱਕ ਪਹੁੰਚਣ ਲਈ 13 ਸਾਲ ਲੱਗ ਗਏ। ਕੰਪਿਊਟਰ ਦੀ 50 ਮਿਲੀਅਨ ਲੋਕਾਂ ਤੱਕ ਵਰਤੋਂ ਨੂੰ 60 ਸਾਲ ਦਾ ਸਮਾਂ ਲੱਗ ਗਿਆ ਸੀ ਪਰ ਇੱਕ ਵਾਰ ਜਦੋਂ ਇੰਟਰਨੈੱਟ ਆਮ ਲੋਕਾਂ ਲਈ ਉਪਲਬਧ ਹੋ ਗਿਆ ਤਾਂ 50 ਮਿਲੀਅਨ ਲੋਕਾਂ ਨੂੰ ਆਨਲਾਈਨ ਹੋਣ ਵਿਚ ਸਿਰਫ ਚਾਰ ਸਾਲ ਲੱਗੇ।

ਹੁਣ ਸਮਾਜ 'ਤੇ ਸੋਸ਼ਲ ਮੀਡੀਆ ਦੇ ਪ੍ਰਭਾਵ ਵੱਲ ਆਉਂਦੇ ਹਾਂ। ਇੱਕ ਦਹਾਕੇ ਤੋਂ ਵੀ ਘੱਟ ਸਮੇਂ ਵਿਚ ਇਸ ਨੇ ਰਵਾਇਤੀ ਪੱਤਰਕਾਰੀ ਵਿਚ ਵਿਘਨ ਪਾਇਆ ਹੈ, ਗਲੋਬਲ ਰਾਜਨੀਤੀ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਤਤਕਾਲ ਗਲੋਬਲ ਸੰਚਾਰ ਲਈ ਪਲੇਟਫਾਰਮ ਮੁਹੱਈਆ ਕਰਕੇ ਵਪਾਰ ਅਤੇ ਕਾਰੋਬਾਰ ਬਦਲ ਦਿੱਤਾ ਹੈ। ਉਂਞ, ਸੋਸ਼ਲ ਮੀਡੀਆ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਇਹ ਤੱਥ ਅਤੇ ਝੂਠ ਵਿਚ ਫਰਕ ਨਹੀਂ ਕਰਦਾ। ਇਸ ਦਾ ਇਹ ਖ਼ਤਰਨਾਕ ਅਤੇ ਡਰਾਉਣਾ ਪ੍ਰਭਾਵ ਹੈ ਜੋ ਪਹਿਲਾਂ ਹੀ ਸਾਹਮਣੇ ਆ ਚੁੱਕਾ ਹੈ। ਸੋਸ਼ਲ ਮੀਡੀਆ ਤੇਜ਼ੀ ਨਾਲ ਰਵਾਇਤੀ ਮੀਡੀਆ ਦੀ ਥਾਂ ਲੈ ਰਿਹਾ ਹੈ। ਇੱਕ ਤਾਜ਼ਾ ਖੋਜ ਸਰਵੇਖਣ ਅਨੁਸਾਰ 62% ਅਮਰੀਕੀ, ਸੋਸ਼ਲ ਮੀਡੀਆ ਤੋਂ ਖ਼ਬਰਾਂ ਪ੍ਰਾਪਤ ਕਰਦੇ ਹਨ। ਇੱਕ ਹੋਰ ਸਰਵੇਖਣ ਦੱਸਦਾ ਹੈ ਕਿ 85% ਅਮਰੀਕੀਆਂ ਦੇ ਮੋਬਾਈਲ 'ਤੇ ਸੋਸ਼ਲ ਮੀਡੀਆ ਖ਼ਬਰਾਂ ਸਬੰਧੀ ਐਪਸ ਹਨ। ਇਹ ਸਿਰਫ ਅਮਰੀਕਾ ਤੱਕ ਸੀਮਤ ਨਹੀਂ, ਇਹ ਸੰਸਾਰਵਿਆਪੀ ਵਰਤਾਰਾ ਹੈ। ਫੇਸਬੁੱਕ ਦੇ ਲਗਭਗ 1.18 ਬਿਲੀਅਨ ਵਰਤੋਂਕਾਰ ਹਨ। ਯੂਟਿਊਬ ਦੀ ਵਰਤੋਂ, ਟਵਿੱਟਰ, ਵ੍ਹੱਟਸਐਪ ਅਤੇ ਹੋਰ ਮੀਡੀਆ ਆਊਟਲੈਟਸ ਤੇਜ਼ੀ ਨਾਲ ਆਪਣਾ ਗਲੋਬਲ ਪੈਰ੍ਹਾ ਅਤੇ ਵਰਤੋਂਕਾਰਾਂ ਦਾ ਆਧਾਰ ਵਧਾ ਰਹੇ ਹਨ।

ਇਸ ਰਾਹੀਂ ਜਾਣਕਾਰੀ ਦੁਨੀਆ ਦੇ ਕੋਨੇ ਕੋਨੇ ਵਿਚ ਲੱਗਭੱਗ ਇੱਕ ਸਮੇਂ ਪੜ੍ਹੀ, ਸੁਣੀ ਅਤੇ ਦੇਖੀ ਜਾ ਸਕਦੀ ਹੈ। ਸੋਸ਼ਲ ਮੀਡੀਆ ਸਭ ਕੁਝ ਸੰਚਾਰ ਕਰਦਾ ਹੈ ਚਾਹੇ ਉਹ ਚਿੱਤਰ, ਵੀਡੀਓ, ਕਹਾਣੀ (ਅਸਲ ਜਾਂ ਗਲਤ) ਤੱਥ ਰਹਿਤ ਜਾਣਕਾਰੀ ਜਾਂ ਤੱਥ ਆਧਾਰਿਤ ਜਾਣਕਾਰੀ ਹੋਵੇ। ਕਿਸੇ ਏਜੰਡੇ ਨੂੰ ਅੱਗੇ ਵਧਾਉਣ ਲਈ ਗ਼ਲਤ ਜਾਣਕਾਰੀ ਦੀ ਵਰਤੋਂ ਕਰਕੇ ਜਨਤਕ ਰਾਏ ਨੂੰ ਅਸਾਨੀ ਨਾਲ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਅੱਜ ਸੋਸ਼ਲ ਮੀਡੀਆ ਸਭ ਤੋਂ ਸ਼ਕਤੀਸ਼ਾਲੀ ਪ੍ਰਚਾਰ ਦਾ ਸਾਧਨ ਬਣ ਗਿਆ ਹੈ। ਇਹ ਲੋਕਤੰਤਰ, ਸਮਾਜ ਅਤੇ ਕਾਨੂੰਨੀ ਵਿਵਸਥਾ ਲਈ ਵੱਡਾ ਖਤਰਾ ਹੈ। ਪ੍ਰਸਿੱਧ ਕਾਨੂੰਨਸਾਜ਼ ਅਤੇ ਨਿਆਂ ਵਿਗਿਆਨੀ ਕ੍ਰਿਸ਼ਚੀਅਨ ਅਮਰਪੋਰ ਦਾ ਕਥਨ ਹੈ- "ਫਰਜ਼ੀ ਖ਼ਬਰਾਂ ਵਾਲੀਆਂ ਸਾਈਟਾਂ ਵਧਣ ਅਤੇ ਸੋਸ਼ਲ ਮੀਡੀਆ ਉਤੇ ਅਸਲ ਤੱਥਾਂ ਨੂੰ ਜਾਅਲੀ ਤੱਥਾਂ ਤੋਂ ਵੱਖ ਕਰਨ ਦੀ ਵਧਦੀ ਮੁਸ਼ਕਿਲ ਕਾਰਨ ਪੱਤਰਕਾਰੀ ਆਪਣੀ 'ਹੋਂਦ ਦੇ ਸੰਕਟ' ਦਾ ਸਾਹਮਣਾ ਕਰ ਰਹੀ ਹੈ। ਆਜ਼ਾਦ ਤੇ ਨਿਰਪੱਖ ਪ੍ਰੈਸ ਅਤੇ ਇਸ ਦੀ ਵਿਸਲਬਲੋਅਰ ਵਾਲੀ ਭੂਮਿਕਾ ਲਈ ਕਾਨੂੰਨ ਦੇ ਵਿਦਿਆਰਥੀਆਂ ਨੇ ਬਹੁਤ ਲੰਮੀ ਲੜਾਈ ਲੜੀ ਹੈ। ਸਾਡਾ ਰਵਾਇਤੀ ਮੀਡੀਆ ਤੱਥਾਂ ਨੂੰ ਝੂਠ ਤੋਂ ਵੱਖ ਕਰਦਾ ਹੈ। ਸੋਸ਼ਲ ਮੀਡੀਆ ਸਾਡੀ ਰਵਾਇਤੀ ਪੱਤਰਕਾਰੀ ਤੇ ਗ੍ਰਹਿਣ ਹੈ। ਸਾਨੂੰ ਆਜ਼ਾਦੀ ਅਤੇ ਇਸ ਦੀ ਵਿਸਲਬਲੋਅਰ ਭੂਮਿਕਾ ਨੂੰ ਬਚਾਉਣਾ ਚਾਹੀਦਾ ਹੈ। ਸਾਡੀ ਪ੍ਰੈਸ ਦੀ ਆਜ਼ਾਦੀ ਨੂੰ ਬਚਾਉਣ ਲਈ ਸੋਸ਼ਲ ਮੀਡੀਆ ਤੇ ਫਿਲਟਰਿੰਗ ਵਿਧੀ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਵਕਾਲਤ ਕਰਨੀ ਚਾਹੀਦੀ ਹੈ। ਨਿਯਮਾਂ ਅਤੇ ਦਿਸ਼ਾ ਨਿਰਦੇਸ਼ਾਂ ਤੋਂ ਬਿਨਾਂ, ਸੋਸ਼ਲ ਮੀਡੀਆ ਪਰਮਾਣੂ ਸਮਰੱਥਾ ਵਾਲਾ ਠੱਗ ਪਲੇਟਫਾਰਮ ਹੈ। ਸਾਡਾ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦਾ ਅਧਿਕਾਰ ਲੋਕਤੰਤਰ ਵਿਚ ਸਭ ਤੋਂ ਜ਼ਰੂਰੀ ਅਧਿਕਾਰ ਵਜੋਂ ਉਭਰਿਆ ਹੈ। ਸਾਡਾ ਸੰਵਿਧਾਨ ਆਰਟੀਕਲ 19(1)(ਏ) ਅਧੀਨ ਆਪਣੇ ਨਾਗਰਿਕਾਂ ਨੂੰ ਇਸ ਦੀ ਗਰੰਟੀ ਦਿੰਦਾ ਹੈ। ਇਹ ਸਾਨੂੰ ਸਭ ਨੂੰ ਪਤਾ ਹੈ ਕਿ ਕਿਸੇ ਮੁਲਕ ਦੇ ਚੰਗੇ ਸ਼ਾਸਨ ਲਈ ਵਿਚਾਰਾਂ ਦਾ ਆਜ਼ਾਦ ਲੈਣ-ਦੇਣ ਅਤੇ ਬਹਿਸ ਬਹੁਤ ਜ਼ਰੂਰੀ ਹੈ। ਇਹ ਉਹ ਸਥਾਨ ਹੈ ਜਿੱਥੇ ਮੀਡੀਆ ਆਪਣਾ ਪਹਿਲਾਂ ਕਦਮ ਰੱਖਦਾ ਹੈ। ਮੀਡੀਆ ਉਹ ਥੰਮ੍ਹ ਹੈ ਜਿਸ ਉਤੇ ਲੋਕਤੰਤਰ ਨਾਮ ਦਾ ਮਹਿਲ ਖੜ੍ਹਾ ਹੈ।

ਪਰ ਜਦੋਂ ਅਸੀਂ ਨਿਆਇਕ ਸਿਸਟਮ ਦੀ ਗੱਲ ਕਰੀਏ ਤਾਂ ਸੋਸ਼ਲ ਮੀਡੀਆ ਵੱਡੀ ਸਮੱਸਿਆ ਬਣ ਗਿਆ ਹੈ। ਕੋਈ ਜੱਜ ਕਿਵੇਂ ਸੋਸ਼ਲ ਮੀਡੀਆ ਉਤੇ ਦੇਖੇ, ਪੜ੍ਹੇ, ਸੁਣੇ ਨੂੰ ਅਦਾਲਤ ਵਿਚ ਪੇਸ਼ ਕੀਤੇ ਸਬੂਤਾਂ ਤੋਂ ਨਿਖੇੜੇ, ਕੀ ਇਹ ਟਰਾਇਲ ਲੀਕਜ਼ ਨਹੀਂ ਹੈ?

ਨਿਆਇਕ ਵਿਵਸਥਾ ਵਿਚ ਯੂਟਿਊਬ, ਵ੍ਹੱਟਸਐਪ ਵੀਡੀਓਜ਼ ਅਯੋਗ ਜਾਂ ਨਾ ਮੰਨਣਯੋਗ ਸਬੂਤ ਹਨ ਪਰ ਸੋਸ਼ਲ ਮੀਡੀਆ 'ਤੇ ਉਨ੍ਹਾਂ ਦੇ ਨਾ ਖ਼ਤਮ ਹੋਣ ਕਾਰਨ ਇਹ ਹਰ ਇੱਕ ਦੇ ਦਿਮਾਗ ਵਿਚ ਸਥਾਈ ਤੌਰ 'ਤੇ ਆਪਣਾ ਪ੍ਰਭਾਵ ਪਾ ਦਿੰਦੇ ਹਨ। ਮੁਕੱਦਮੇ ਦੀ ਕਾਰਵਾਈ ਨਿਯਮਾਂ ਦੁਆਰਾ ਕੰਟਰੋਲ ਕੀਤੀ ਜਾਂਦੀ ਹੈ। ਸੁਣੀ-ਸੁਣਾਈ ਕਾਨੂੰਨੀ ਵਿਵਸਥਾ ਵਿਚ ਨਾ ਮੰਨਣਯੋਗ ਹੈ। ਮੁਕੱਦਮਾ ਹਮੇਸ਼ਾ ਤੱਥ ਅਧਾਰਿਤ ਚਲਦਾ ਹੈ। ਇਹ ਤੱਥ ਸਬੂਤਾਂ ਨਾਲ ਪੇਸ਼ ਕੀਤੇ



ਜਾਂਦੇ ਹਨ ਨਾ ਕਿ ਬੇਵਜ੍ਹਾ ਇਲਜ਼ਾਮਾਂ ਨਾਲ। ਸਬੂਤ ਹਮੇਸ਼ਾ ਪ੍ਰਸੰਗਕਤਾ, ਸਾਰਥਿਕਤਾ ਅਤੇ ਭਰੋਸੇਯੋਗਤਾ ਦੇ ਆਧਾਰਿਤ ਹੁੰਦੇ ਹਨ। ਅਦਾਲਤਾਂ ਹਮੇਸ਼ਾ ਫੈਸਲਾ ਤੱਥਾਂ ਅਤੇ ਸਬੂਤਾਂ ਦੇ ਆਧਾਰ ਤੇ ਕਰਦੀਆਂ ਹਨ।

ਸੋਸ਼ਲ ਮੀਡੀਆ ਰੂਪੀ ਅਦਾਲਤ ਵਿਚ ਇਹ ਨਿਯਮ ਲਾਗੂ ਨਹੀਂ ਹੁੰਦੇ। ਸੋਸ਼ਲ ਮੀਡੀਆ ਅਜਿਹਾ ਪਲੇਟਫਾਰਮ ਹੈ ਜੋ ਨਿਆਂ ਪ੍ਰਣਾਲੀ ਦੇ ਇਨ੍ਹਾਂ ਨਿਯਮਾਂ ਨੂੰ ਜਾਂ ਫਿਲਟਰਾਂ ਨੂੰ ਖ਼ਤਮ ਕਰ ਦਿੰਦਾ ਹੈ।

ਸੋਸ਼ਲ ਮੀਡੀਆ-ਵੀਡੀਓਜ਼, ਚਿੱਤਰਾਂ ਅਤੇ ਸ਼ਬਦਾਂ ਦੀ ਅਣਡਿੱਠ ਸਟ੍ਰੀਮ/ਪ੍ਰਵਾਹ ਮੁਹੱਈਆ ਕਰਕੇ ਸਨੈਪ ਫੈਸਲਿਆਂ ਨੂੰ ਉਤਸ਼ਾਹਿਤ ਕਰਦਾ ਹੈ। ਸੋਸ਼ਲ ਮੀਡੀਆ ਵਿਚ ਜਾਣਬੁੱਝ ਕੇ ਉਸ ਨੂੰ ਕਮਜ਼ੋਰ ਕਰਨ ਦੀ ਸਮੱਰਥਾ ਹੈ ਜੋ ਨਿਆਂਇਕ ਪ੍ਰਕਿਰਿਆ ਲਈ ਜ਼ਰੂਰੀ ਹੈ। ਅਸੀਂ ਅਜਿਹੇ ਸਮੇਂ ਵਿਚ ਰਹਿੰਦੇ ਹਾਂ ਜਦੋਂ ਲੋਕ ਗੁੰਝਲਦਾਰ ਸਮੱਸਿਆਵਾਂ ਦੇ ਤੇਜ਼ ਅਤੇ ਆਸਾਨ ਹੱਲ ਲੱਭਣਾ ਚਾਹੁੰਦੇ ਹਨ। ਕਾਨੂੰਨੀ ਪ੍ਰਕਿਰਿਆ ਅਜਿਹਾ ਨਹੀਂ ਕਰਦੀ ਅਤੇ ਇਸ ਤਰ੍ਹਾਂ ਇਸ ਨੂੰ ਜਨਤਕ ਰਾਏ ਦੀ ਅਦਾਲਤ ਦੁਆਰਾ ਹਾਸ਼ੀਏ 'ਤੇ ਰੱਖਿਆ ਜਾ ਰਿਹਾ ਹੈ। ਇੱਥੇ ਕੁਝ ਘਟਨਾਵਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ ਜਿੱਥੇ ਸੋਸ਼ਲ ਮੀਡੀਆ ਨੇ ਬੜੀ ਭਿਆਨਕ ਅਤੇ ਨੁਕਸਾਨਦੇਹ ਭੂਮਿਕਾ ਨਿਭਾਈ ਹੈ। ਪਹਿਲੀ ਘਟਨਾ ਇੱਕ ਕੇਂਦਰੀ ਮੰਤਰੀ ਦੀ ਪਤਨੀ ਦੀ ਹੱਤਿਆ ਦਾ ਮਾਮਲਾ ਹੈ ਜਿਸ ਵਿਚ ਕਿਸੇ ਨੇ ਮੰਤਰੀ ਦਾ ਟਵਿੱਟਰ ਹੈਂਡਲ ਹੈਕ ਕਰ ਅਤੇ ਆਪਣੇ ਆਪ ਨੂੰ ਮੰਤਰੀ ਵਜੋਂ ਦਰਸਾਇਆ ਤੇ ਦੱਸਿਆ ਕਿ ਉਸ ਦੇ ਪਾਕਿਸਤਾਨ ਦੀ ਕਿਸੇ ਮਹਿਲਾ ਨਾਲ ਪ੍ਰੇਮ ਸਬੰਧ ਹਨ। ਇਸ ਦੇ ਨਤੀਜੇ ਵਜੋਂ ਦੇਸ਼ਵਿਆਪੀ ਚੰਗਿਆੜੀ ਫੈਲ ਗਈ ਅਤੇ ਇਸ ਤੋਂ ਕੁਝ ਦਿਨ ਬਾਅਦ ਹੀ ਉਸ ਦੀ ਪਤਨੀ ਦਿੱਲੀ ਦੇ ਇੱਕ ਫਾਈਵ ਸਟਾਰਟ ਹੋਟਲ ਵਿਚ ਮ੍ਰਿਤਕ ਮਿਲੀ। ਇਸ ਘਟਨਾ ਲਈ ਸੋਸ਼ਲ ਮੀਡੀਆ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ। ਦੂਜੀ ਘਟਨਾ ਇਹ ਹੈ ਕਿ 16 ਦਸੰਬਰ 2012 ਨੂੰ ਦਾਮਿਨੀ ਬਲਾਤਕਾਰ ਕਾਂਡ ਦੇ ਜਨਤਕ ਹੋਣ ਨਾਲ ਭਾਰਤ ਵਿਚ ਭਾਰੀ ਰੋਹ ਦੇਖਣ ਨੂੰ ਮਿਲਿਆ। ਲੋਕ ਸੜਕਾਂ 'ਤੇ ਆ ਗਏ ਅਤੇ ਲੋਕਾਂ ਦਾ ਪ੍ਰਤੀਕਰਮ ਏਨਾ ਤਿੱਖਾ ਸੀ ਕਿ ਸਰਕਾਰ ਨੂੰ ਔਰਤਾਂ ਵਿਰੁੱਧ ਹਿੰਸਾ ਦੇ ਕਾਨੂੰਨ ਵਿਚ ਸੁਧਾਰ ਲਈ ਵਿਸ਼ੇਸ਼ ਕਮੇਟੀ ਬਣਾਉਣ ਲਈ ਮਜਬੂਰ ਹੋਣਾ ਪਿਆ ਜਿਸ ਦੇ ਨਤੀਜੇ ਵਜੋਂ ਕਾਨੂੰਨ ਵਿਚ ਸੋਧ ਕਰਕੇ ਨਵੇਂ ਐਕਟ ਬਣਾਏ ਗਏ। ਇਸ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਹੇਠਲੀ ਅਦਾਲਤ ਦੇ ਜੱਜ ਦੇ ਦਿਮਾਗ ਉਤੇ ਕਿੰਨਾ ਜ਼ਿਆਦਾ ਦਬਾਅ ਰਿਹਾ ਹੋਵੇਗਾ।

ਵਿਆਪਕ ਤੌਰ 'ਤੇ ਪ੍ਰਚਾਰਿਤ ਅਜਿਹੇ ਕੇਸ ਕਾਰਨ ਮੁਕੱਦਮਾ ਸ਼ੁਰੂ ਹੋਣ ਤੋਂ ਪਹਿਲਾਂ ਅਤੇ ਗਵਾਹਾਂ ਦੇ ਬਿਆਨ ਦਰਜ ਕੀਤੇ ਜਾਣ ਤੋਂ ਪਹਿਲਾਂ ਹੀ ਦਾਮਿਨੀ ਦੇ ਨਾਲ ਉਸ ਘਟਨਾ ਵੇਲੇ ਰਹੇ ਵਿਅਕਤੀ ਨੂੰ ਨਿਊਜ਼ ਚੈਨਲਾਂ ਅਤੇ ਸੋਸ਼ਲ ਮੀਡੀਆ 'ਤੇ ਘਟਨਾ ਦਾ ਵੇਰਵਾ ਦਿੰਦੇ ਹੋਏ ਦੇਖਿਆ ਗਿਆ ਸੀ। ਤੀਜੀ ਘਟਨਾ ਇਹ ਹੈ ਕਿ ਐਤਵਾਰ 4 ਦਸੰਬਰ, 2016 ਨੂੰ ਵਾਸ਼ਿੰਗਟਨ ਡੀਸੀ ਵਿਚ ਇੱਕ ਪੀਜ਼ਾ ਦੁਕਾਨ ਅੰਦਰ ਦਿਨ ਦੇ ਮੱਧ ਵਿਚ ਗੋਲੀਬਾਰੀ ਦੀ ਘਟਨਾ ਵਾਪਰੀ। ਇੱਕ ਆਦਮੀ ਦੁਕਾਨ ਵਿਚ ਰਾਈਫਲ ਲੈ ਆਇਆ ਅਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਖੁਸ਼ਕਿਸਮਤੀ ਨਾਲ ਕੋਈ ਵੀ ਜ਼ਖ਼ਮੀ ਨਹੀਂ ਹੋਇਆ ਪਰ ਇਸ ਅਪਰਾਧ ਦੇ ਉਦੇਸ਼ ਅਤੇ ਇਸ ਨੂੰ ਸ਼ੁਰੂ ਕਰਨ ਵਾਲੇ ਹਾਲਾਤ ਹੈਰਾਨ ਕਰਨ ਵਾਲੇ ਸਨ। ਪਿਛੋਕੜ ਇਹ ਹੈ ਕਿ ਨੈੱਟ 'ਤੇ ਵਿਆਪਕ ਤੌਰ 'ਤੇ ਫੈਲੇ ਝੂਠੇ ਟਵੀਟਸ ਇਹ ਦਾਅਵਾ ਕਰਦੇ ਸਨ ਕਿ ਇਹ ਪੀਜ਼ਾ ਆਊਟਲੈਟ ਦੁਕਾਨ ਬਾਲ ਸੈਕਸ ਤਸਕਰੀ ਕਰਨ ਵਾਲੇ ਗ੍ਰੋਹ ਦਾ ਆਧਾਰ ਸੀ ਜਿਸ ਵਿਚ ਡੈਮੋਕਰੇਟਿਕ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਹਿਲੇਰੀ ਕਲਿੰਟਨ ਅਤੇ ਉਸ ਦੀ ਮੁਹਿੰਮ ਦੇ ਮੈਂਬਰ ਸ਼ਾਮਲ ਸਨ। ਪੀਜ਼ਾ ਦੀ ਦੁਕਾਨ ਦੇ ਸੰਚਾਲਕਾਂ ਨੂੰ ਸੱਜੇ ਪੱਖੀ ਕਾਰਕੁਨਾਂ ਤੋਂ ਧਮਕੀਆਂ ਮਿਲਣੀਆਂ ਸ਼ੁਰੂ ਹੋ ਗਈਆਂ ਜੋ ਵਿਸ਼ਵਾਸ ਕਰਦੇ ਸਨ ਕਿ ਰਿਪੋਰਟਾਂ ਸੱਚ ਸਨ। ਸੈਂਟਰਲ ਇੰਟੈਲੀਜੈਂਸ ਏਜੰਸੀ ਦੀ ਤਹਿਕੀਕਾਤ ਨੇ ਇਹ ਸਾਬਤ ਕੀਤਾ ਸੀ ਕਿ ਡੈਮੋਕ੍ਰੇਟਿਕ ਪਾਰਟੀ ਦੇ ਈਮੇਲ 'ਤੇ ਸਾਈਬਰ ਹਮਲੇ ਹੋਏ ਸਨ ਜਿਸ ਤੋਂ ਪਤਾ ਲੱਗਦਾ ਹੈ ਕਿ ਟਰੰਪ ਦੀ ਚੋਣ ਜਿੱਤਣ ਨੂੰ ਯਕੀਨੀ ਬਣਾਉਣ ਲਈ ਰੂਸ ਦੀ ਦਖ਼ਲਅੰਦਾਜ਼ੀ ਸੀ। ਹਾਲਾਂਕਿ ਸੋਸ਼ਲ ਮੀਡੀਆ ਨੇ ਬਾਅਦ ਵਿਚ ਸਬੰਧਤ ਪੋਸਟਾਂ 'ਤੇ ਪਾਬੰਦੀ ਲਗਾ ਦਿੱਤੀ ਪਰ ਧਮਕੀਆਂ ਬੰਦ ਨਹੀਂ ਹੋਈਆਂ, ਨਤੀਜੇ ਵਜੋਂ 28 ਸਾਲ ਦਾ ਵਿਅਕਤੀ ਆਪਣੀ ਜਾਂਚ ਕਰਨ ਦੀ ਸ਼ੈਲੀ ਨਾਲ ਆਊਟਲੈਟ 'ਤੇ ਦਿਖਾਈ ਦਿੱਤਾ। ਉਹ ਵਿਅਕਤੀ ਅਸਲ ਵਿਚ ਨਰਮ ਬੋਲਣ ਵਾਲਾ, ਨਿਮਰ ਵਿਅਕਤੀ ਸੀ ਜਿਸ ਦਾ ਇਰਾਦਾ ਆਊਟਲੈਟ ਵਿਚ ਫਸੇ ਬੱਚਿਆਂ ਨੂੰ ਬਚਾਉਣ ਦਾ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਇਹ ਵਰਤਾਰਾ ਸੰਸਾਰਵਿਆਪੀ ਹੈ ਅਤੇ ਸਾਡੀਆਂ ਜਾਂਚ ਏਜੰਸੀਆਂ ਤੇ ਨਿਆਂ ਪ੍ਰਣਾਲੀ ਬਹੁਤ ਜ਼ਿਆਦਾ ਮਾਨਸਿਕ ਦਬਾਅ ਹੇਠ ਕੰਮ ਕਰ ਰਹੀ ਹੈ। ਭਾਰਤ ਵਿਚ ਸੋਸ਼ਲ ਮੀਡੀਆ ਨਾਲ ਸਬੰਧਤ ਕਾਨੂੰਨ 1. ਕਿਸੇ ਦੇ ਵਿਰੁੱਧ ਅਪਮਾਨਜਨਕ ਟਿੱਪਣੀ ਜਾਂ ਸਮੱਗਰੀ ਪੋਸਟ ਕਰਨਾ ਸੂਚਨਾ ਤਕਨਾਲੋਜੀ ਐਕਟ ਦੇ ਅਧੀਨ 66 ਏ ਜੁਰਮ ਹੈ ਜਿਸ ਦੀ ਸਜ਼ਾ 3 ਸਾਲ ਦੀ ਹੈ; 2. ਅਜਿਹੀ ਕਿਸੇ ਪੋਸਟ ਨੂੰ ਪਸੰਦ ਕਰਨਾ ਜਾਂ ਅਜਿਹੀ ਟਿੱਪਣੀ ਨੂੰ ਸਾਂਝਾ ਕਰਨਾ ਅਪਰਾਧ ਹੈ; 3 ਮਾਣਹਾਨੀ ਵਾਲੀ ਸਮੱਗਰੀ ਜਾਂ ਟਿੱਪਣੀਆਂ ਪੋਸਟ ਕਰਨ ਨਾਲ ਭਾਰਤੀ ਦੰਡ ਸੰਘਤਾ ਦੀ ਧਾਰਾ 499 ਦੇ ਅਧੀਨ ਅਪਰਾਧਿਕ ਮਾਣਹਾਨੀ ਦਾ ਕੇਸ ਬਣਦਾ ਹੈ; 4. ਭਾਰਤੀ ਦੰਡ ਸੰਘਤਾ ਦੀਆਂ ਧਾਰਾਵਾਂ 292, 293, 294 ਅਧੀਨ ਅਸ਼ਲੀਲ ਸਮੱਗਰੀ ਭੇਜਣੀ ਜਾਂ ਵੇਚਣੀ ਕਾਨੂੰਨੀ ਅਪਰਾਧ ਹੈ; 5 ਗੁਪਤ ਸੂਚਨਾਵਾਂ, ਸਰਕਾਰੀ ਦਸਤਾਵੇਜ਼ਾਂ, ਵਰਜਿਤ ਸਥਾਨ ਦੀਆਂ ਤਸਵੀਰਾਂ ਪੋਸਟ ਕਰਨਾ ਅਧਿਕਾਰਤ ਸੀਕਰੇਟਸ ਐਕਟ ਦੇ ਤਹਿਤ ਉਲੰਘਣਾ ਹੈ ਅਤੇ ਸਜ਼ਾਯੋਗ ਹੈ; 6 ਕਾਪੀ ਕੀਤੀ ਸਮੱਗਰੀ ਨੂੰ ਵੈੱਬਸਾਈਟ 'ਤੇ ਪੋਸਟ ਕਰਨਾ ਕਾਪੀ ਰਾਈਟ ਐਕਟ ਤਹਿਤ ਅਪਰਾਧ ਹੈ।

ਆਈਟੀ ਐਕਟ ਦੀ ਧਾਰਾ 66 ਏ ਭਾਰਤ ਵਿਚ ਸੋਸ਼ਲ ਮੀਡੀਆ ਕਾਨੂੰਨ ਨੂੰ ਕੰਟਰੋਲ ਕਰਨ ਲਈ ਲਾਗੂ ਕੀਤੀ ਗਈ ਹੈ ਅਤੇ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਹ ਭਾਰਤ ਵਿਚ ਸੋਸ਼ਲ ਮੀਡੀਆ ਕਾਨੂੰਨ ਨਾਲ ਸਬੰਧਤ ਸਾਰੇ ਕਾਨੂੰਨੀ ਮੁੱਦਿਆਂ ਨੂੰ ਕੰਟਰੋਲ ਕਰਦੀ ਹੈ।

ਇਹ ਸੈਕਸ਼ਨ ਸਪਸ਼ਟ ਤੌਰ 'ਤੇ ਪ੍ਰਸਾਰਨ, ਮੈਸੇਜਸ ਦੀ ਪੋਸਟਿੰਗ, ਈਮੇਲਾਂ, ਟਿੱਪਣੀਆਂ ਨੂੰ ਪ੍ਰਤੀਬੰਧਿਤ ਕਰਦਾ ਹੈ ਜੋ ਅਪਮਾਨਜਨਕ ਜਾਂ ਗੈਰ-ਵਾਜਿਬ ਹੋ ਸਕਦੀਆਂ ਹਨ। ਭਾਰਤ ਵਿਚ ਆਈਟੀ ਐਕਟ ਸੋਸ਼ਲ ਮੀਡੀਆ ਦੀ ਦੁਰਵਰਤੋਂ ਨੂੰ ਰੋਕਣ ਲਈ ਇੱਕੋ-ਇੱਕ ਕਾਨੂੰਨ ਹੈ। ਇਸ ਕਾਨੂੰਨ ਵਿਚ ਬਹੁਤ ਸਾਰੀਆਂ ਖਾਮੀਆਂ ਹਨ। ਜਿਵੇਂ ਜੇ ਕੋਈ ਗ਼ਲਤ ਖ਼ਬਰ ਭਾਰਤ ਦੀ ਸੀਮਾ ਤੋਂ ਬਾਹਰ ਤੋਂ ਆਉਂਦੀ ਹੈ ਤਾਂ ਉਸ ਉੱਤੇ ਇਸ ਕਾਨੂੰਨ ਅਨੁਸਾਰ ਕਾਰਵਾਈ ਨਹੀਂ ਹੋ ਸਕਦੀ।

ਭਾਰਤ ਦੇ ਗ੍ਰਹਿ ਮੰਤਰੀ ਨੇ ਦਸ ਦੇ ਕਰੀਬ ਖੁਫੀਆ ਏਜੰਸੀਆਂ ਅਤੇ ਸੁਰੱਖਿਆ ਏਜੰਸੀਆਂ ਨੂੰ ਕੰਪਿਊਟਰ, ਮੋਬਾਈਲ ਫੋਨਾਂ ਅਤੇ ਸਰਵਰਾਂ ਦਾ ਡਾਟਾ ਰੋਕਣ ਦਾ ਅਧਿਕਾਰ ਦਿੱਤਾ ਹੈ।

ਆਈਟੀ ਐਕਟ ਦੇ ਨਿਯਮਾਂ ਵਿਚ ਸੋਧ ਦੇ ਖਰੜੇ ਸਬੰਧੀ ਇਲੈਕਟ੍ਰੌਨਿਕ ਅਤੇ ਆਈਟੀ ਮੰਤਰਾਲੇ ਨੇ ਆਈਟੀ ਨਾਲ ਸਬੰਧਤ ਕੰਪਨੀਆਂ ਨੂੰ ਆਪਣੇ ਸੁਝਾਅ ਦੇਣ ਦਾ ਆਖਰੀ ਮੌਕਾ ਦਿੱਤਾ ਹੈ। ਇਹ ਖਰੜੇ ਅਨੁਸਾਰ ਨਵੇਂ ਸੋਧੇ ਹੋਏ ਨਿਯਮਾਂ ਤਹਿਤ ਇਨ੍ਹਾਂ ਕੰਪਨੀਆਂ ਨੂੰ ਕਾਨੂੰਨ ਦੁਆਰਾ ਸਥਾਪਿਤ ਏਜੰਸੀਆਂ ਵੱਲੋਂ ਸ਼ਿਕਾਇਤ ਮਿਲਣ 'ਤੇ ਮਾਨਮਾਨੀ ਨਾਲ ਸਬੰਧਤ ਜਾਂ ਦੇਸ਼ਧ੍ਰੋਹੀ ਨਾਲ ਸਬੰਧਤ ਸਮੱਗਰੀ ਦਾ ਮੂਲ ਆਧਾਰ 72 ਘੰਟਿਆਂ ਵਿਚ ਲੱਭਣਾ ਹੋਵੇਗਾ ਅਤੇ ਫਿਰ ਇਸ ਨੂੰ 24 ਘੰਟਿਆਂ ਦੇ ਅੰਦਰ ਨਸ਼ਟ ਕਰਨਾ ਹੋਵੇਗਾ।

ਇਸ ਦਾ ਮਤਲਬ ਇਹ ਹੋਇਆ ਕਿ ਕਰੀਬ 5 ਮਿਲੀਅਨ ਇੰਟਰਨੈੱਟ ਦੀ ਵਰਤੋਂ ਕਰਨ ਵਾਲਿਆਂ ਨੂੰ ਕੰਪਨੀ ਐਕਟ ਤਹਿਤ ਰਜਿਸਟਰਡ ਹੋਣਾ ਪਵੇਗਾ ਅਤੇ ਨੋਡਲ ਅਫਸਰ ਲਗਵਾਉਣਾ ਹੋਵੇਗਾ ਜੋ ਜਾਂਚ ਏਜੰਸੀਆਂ ਨੂੰ ਮਹੀਨੇ ਵਿਚ ਇੱਕ ਵਾਰੀ ਸਾਰੀ ਜਾਣਕਾਰੀ ਦੇਵੇਗਾ। ਇਹ ਬਹੁਤ ਕਠਿਨ ਪ੍ਰਕ੍ਰਿਆ ਹੈ ਪਰ ਇਸ ਤੋਂ ਬਗੈਰ ਬਾਹਰੀ ਗਲਤ ਅਤੇ ਅਪਮਾਨਯੋਗ ਜਾਣਕਾਰੀ ਨੂੰ ਸੋਸ਼ਲ ਮੀਡੀਆ ਤੋਂ ਪ੍ਰਸਾਰਿਤ ਹੋਣ ਤੋਂ ਰੋਕਿਆ ਨਹੀਂ ਜਾ ਸਕਦਾ।

# ਭਾਜਪਾ ਆਗੂ ਤੇਜਿੰਦਰਪਾਲ ਬੱਗਾ ਦੀ ਗ੍ਰਿਫ਼ਤਾਰੀ 'ਤੇ ਹਾਈ ਕੋਰਟ ਨੇ ਰੋਕ ਲਗਾਈ

ਮੁਹਾਲੀ- ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੀਨੀਅਰ ਆਗੂ ਤੇਜਿੰਦਰਪਾਲ ਸਿੰਘ ਬੱਗਾ ਨੂੰ ਵੱਡੀ ਰਾਹਤ ਦਿੰਦਿਆਂ ਉਸ ਦੀ ਗ੍ਰਿਫ਼ਤਾਰੀ 'ਤੇ 5 ਜੁਲਾਈ ਤੱਕ ਰੋਕ ਲਗਾ ਦਿੱਤੀ ਹੈ।

ਬੱਗਾ ਵਿਰੁੱਧ ਮੁਹਾਲੀ ਸਥਿਤ ਪੰਜਾਬ ਪੁਲੀਸ ਦੇ ਸਟੇਟ ਸਾਈਬਰ ਸੈੱਲ ਥਾਣੇ ਵਿੱਚ ਅਪਰਾਧਿਕ ਪਰਚਾ ਦਰਜ ਕੀਤਾ ਗਿਆ ਸੀ। ਮੁਹਾਲੀ ਪੁਲੀਸ ਨੇ ਇਸ ਮਾਮਲੇ ਵਿੱਚ ਉਸ ਦੀ ਗ੍ਰਿਫ਼ਤਾਰੀ ਪਾ ਲਈ ਸੀ ਪਰ ਕੁੱਝ ਘੰਟਿਆਂ ਮਗਰੋਂ ਦਿੱਲੀ ਪੁਲੀਸ ਨੇ ਉਸ ਨੂੰ ਜਬਰਦਸਤੀ ਰਿਹਾਅ ਕਰਵਾ ਲਿਆ ਸੀ, ਜਿਥੇ ਵਿਰੋਧੀ ਪਾਰਟੀਆਂ ਨੇ ਪੰਜਾਬ ਦੀ ਆਪ ਸਰਕਾਰ 'ਤੇ ਨਿਸ਼ਾਨਾ ਸਾਧਿਆ ਹੈ, ਉਥੇ ਸਰਕਾ ਦੀ ਪੁਲੀਸ ਦੇ ਕੰਮ ਦੀ ਸਿੱਧੀ ਦਖ਼ਲਅੰਦਾਜ਼ੀ ਕਰਨ 'ਤੇ ਵੀ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ। ਪਿਛਲੇ ਦਿਨੀਂ ਮੁਹਾਲੀ ਅਦਾਲਤ ਨੇ ਬੱਗਾ ਦੇ ਗ੍ਰਿਫ਼ਤਾਰੀ ਵਰੰਟ ਜਾਰੀ ਕੀਤੇ ਗਏ ਸੀ ਪਰ ਉਸੇ ਰਾਤ ਭਾਜਪਾ ਆਗੂ ਨੇ ਹਾਈ ਕੋਰਟ ਦਾ ਬੂਹਾ ਖੜਕਾਉਂਦਿਆਂ ਮੁਹਾਲੀ ਅਦਾਲਤ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਗਈ ਅਤੇ




ਉੱਚ ਅਦਾਲਤ ਨੇ ਰਾਤ ਨੂੰ ਹੀ ਇਸ ਕੇਸ ਦੀ ਸੁਣਵਾਈ ਕਰਦਿਆਂ ਬੱਗਾ ਦੀ ਗ੍ਰਿਫ਼ਤਾਰੀ 'ਤੇ ਅੱਜ ਤੱਕ (10 ਮਈ) ਰੋਕ ਲਗਾਈ ਗਈ ਸੀ। ਅੱਜ ਅਦਾਲਤ ਨੇ ਭਾਜਪਾ ਆਗੂ ਨੂੰ ਵੱਡੀ ਰਾਹਤ ਦਿੰਦਿਆਂ ਉਸ ਦੀ ਗ੍ਰਿਫ਼ਤਾਰੀ 'ਤੇ 5 ਜੁਲਾਈ ਤੱਕ ਰੋਕ ਲਗਾ ਦਿੱਤੀ ਹੈ।

**ਹਿਮਾਚਲ 'ਚ ਹਾਈ ਅਲਰਟ, ਹੱਦਾਂ ਸੀਲ**

ਧਰਮਸ਼ਾਲਾ ਦੇ ਤਪੋਵਨ ਸਥਿਤ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਕੰਪਲੈਕਸ ਦੇ ਗੇਟ ਬਾਹਰ ਖਾਲਿਸਤਾਨੀ ਝੰਡਾ ਲਾਏ ਜਾਣ ਦੀ ਘਟਨਾ ਪਿੱਛੋਂ ਪੁਲਿਸ ਨੇ ਸੂਬੇ ਭਰ 'ਚ ਹਾਈ ਅਲਰਟ ਜਾਰੀ ਐਲਾਨ ਦਿੱਤਾ ਹੈ।

ਕਾਂਗੜਾ ਜ਼ਿਲ੍ਹੇ ਦੇ ਪਹਿਲਾਂ ਦਰਜ ਮਾਮਲੇ 'ਚ ਇਕ ਹੋਰ ਧਾਰਾ ਜੋੜੀ ਗਈ ਹੈ। ਇਸ ਵਿਚ ਸਿੱਖ ਫਾਰ ਜਸਟਿਸ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਨੂੰ ਮੁੱਖ ਮੁਲਜ਼ਮ ਬਣਾਇਆ ਗਿਆ ਹੈ। ਪੰਨੂ ਨੇ ਛੇ ਜੂਨ ਨੂੰ ਹਿਮਾਚਲ 'ਚ ਖਾਲਿਸਤਾਨ ਨੂੰ ਲੈ ਕੇ ਜਨਮਤ ਸੰਗ੍ਰਹਿ 'ਤੇ ਵੋਟਿੰਗ ਕਰਵਾਉਣ ਦਾ ਐਲਾਨ ਕੀਤਾ ਹੈ।

# ਪੰਜਾਬ ਦੇ ਸਿਰ ਕਰਜ਼ੇ ਦੀ ਨਿੱਤ ਭਾਰੀ ਹੁੰਦੀ ਪੰਡ

**ਤਰਲੋਚਨ ਸਿੰਘ ਭੱਟੀ**

'ਭੰਡਾ-ਭੰਡਾਰੀਆ ਕਿੰਨਾ ਕੁ ਭਾਰ, ਇਕ ਮੁੱਠੀ ਚੁੱਕ ਲੈ ਦੂਜੀ ਤਿਆਰ' ਨਿੱਕੇ ਹੁੰਦੇ ਅਸੀਂ ਇਹ ਖੇਡ ਖੇਡਦੇ ਹੁੰਦੇ ਸਾਂ। ਹੁਣ ਸਿਆਸਤਦਾਨ ਜਿਨ੍ਹਾਂ ਨੂੰ ਅਸੀਂ ਆਪਣੇ ਨੁਮਾਇੰਦੇ ਚੁਣ ਕੇ ਵਿਧਾਨ ਸਭਾਵਾਂ, ਲੋਕ ਸਭਾ ਵਿਚ ਭੇਜਦੇ ਹਾਂ ਆਪਣੀ ਪਾਰਟੀ ਦੀਆਂ ਸਰਕਾਰਾਂ ਬਣਾ ਕੇ ਸਾਡੇ ਨਾਲ ਹੀ ਅਜਿਹੀ ਹੀ ਖੇਡ ਖੇਡਦੇ ਹਨ। ਸਰਕਾਰ ਦੁਆਰਾ ਪੰਜਾਬ ਦੇ ਸਿਰ ਚੜ੍ਹੇ ਕਰਜ਼ੇ ਬਾਰੇ ਸਾਰੇ ਪੰਜਾਬੀਆਂ ਨੂੰ ਗੰਭੀਰ ਹੋਣ ਦੀ ਲੋੜ ਹੈ। ਸੰਨ 1983-84 ਦੌਰਾਨ ਪੰਜਾਬ ਸਰਕਾਰ ਨੇ 1,450 ਕਰੋੜ ਦਾ ਕਰਜ਼ਾ ਲਿਆ ਸੀ ਤੇ 1993-94 ਦੌਰਾਨ ਇਹ 10,500 ਕਰੋੜ ਰੁਪਏ ਹੋ ਗਿਆ ਸੀ। ਸੰਨ 1996-97 ਵਿਚ 15,250 ਕਰੋੜ, 2002-03 ਦੌਰਾਨ 32,496 ਕਰੋੜ, 2006-07 ਵਿਚ 51,000 ਕਰੋੜ, 2017 'ਚ 1,82,000 ਕਰੋੜ ਅਤੇ 2022 ਵਿਚ ਇਹ 2,82,000 ਕਰੋੜ ਹੋ ਗਿਆ।

ਪੰਜਾਬ ਸਿਰ ਚੜ੍ਹਿਆ ਕਰਜ਼ਾ ਕੇਵਲ ਅੱਤਵਾਦ ਨਾਲ ਨਜਿੱਠਣ ਲਈ ਹੀ ਨਹੀਂ ਲਿਆ ਗਿਆ ਸਗੋਂ ਇਹ ਸਮੇਂ ਦੀਆਂ ਸਰਕਾਰਾਂ ਦੀਆਂ ਗ਼ਲਤ ਨੀਤੀਆਂ ਤੇ ਕੁਸ਼ਾਸਨ ਦੀ ਉਪਜ ਹੈ। ਕੈਗ ਦੀ ਰਿਪੋਰਟ ਅਨੁਸਾਰ 2024-25 ਤਕ ਪੰਜਾਬ ਸਿਰ ਕਰਜ਼ਾ 3।73 ਲੱਖ ਕਰੋੜ ਰੁਪਏ ਹੋ ਜਾਵੇਗਾ। ਪੰਜਾਬ ਦੇ ਹਾਕਮ ਤਰਕ ਦਿੰਦੇ ਹਨ ਕਿ ਪੰਜਾਬ ਦੇ ਵਿਕਾਸ ਅਤੇ ਲੋਕ ਭਲਾਈ ਲਈ ਕਰਜ਼ਾ ਲੈਣਾ ਕੋਈ ਮਾੜੀ ਗੱਲ ਨਹੀਂ ਹੈ। ਉਹ ਦੂਜੇ ਰਾਜਾਂ ਦਾ ਵੀ ਹਵਾਲਾ ਦਿੰਦੇ ਹਨ ਜਿਨ੍ਹਾਂ ਨੇ ਕਰਜ਼ਾ ਲੈ ਰੱਖਿਆ ਹੈ। ਵਿੱਤੀ ਸਾਲ 2021-22 ਦੌਰਾਨ ਰਾਜ ਸਰਕਾਰਾਂ ਦੇ ਜੀਡੀਪੀ ਦੇ ਅਨੁਪਾਤ ਨਾਲ ਰਾਜਸਥਾਨ ਨੇ 39।8%, ਪੱਛਮੀ ਬੰਗਾਲ ਨੇ 38।8%, ਕੇਰਲ ਨੇ 38।3%, ਆਂਧਰਾ ਪ੍ਰਦੇਸ਼ ਨੇ 32।4% ਕਰਜ਼ਾ ਲਿਆ ਹੈ ਜਦਕਿ ਪੰਜਾਬ ਦਾ ਇਸੇ ਵਿੱਤੀ ਸਾਲ ਦੌਰਾਨ ਕਰਜ਼ਾ 53।3% ਹੈ। ਪੰਜਾਬ ਕਰਜ਼ੇ ਦੇ ਮਾਮਲੇ ਵਿਚ ਭਾਰਤ ਦਾ ਮੋਹਰੀ ਰਾਜ ਬਣ ਗਿਆ ਹੈ। ਨਵੰਬਰ 2020 ਵੇਲੇ ਆਂਧਰਾ ਪ੍ਰਦੇਸ਼ ਸਿਰ 3,37,140 ਕਰੋੜ, ਮਹਾਰਾਸ਼ਟਰ 'ਤੇ 6।5 ਲੱਖ ਕਰੋੜ, ਉੱਤਰ ਪ੍ਰਦੇਸ਼ 'ਤੇ 5 ਲੱਖ ਕਰੋੜ, ਪੱਛਮੀ ਬੰਗਾਲ 'ਤੇ 2 ਲੱਖ ਕਰੋੜ, ਦਿੱਲੀ 'ਤੇ 33,000 ਕਰੋੜ ਕਰਜ਼ਾ ਹੈ। ਪੰਜਾਬ ਸਿਰ ਚੜ੍ਹੇ ਕਰਜ਼ੇ ਨੂੰ ਤਰਕਸੰਗਤ ਬਣਾਉਣ ਦਾ ਇਹ ਤਰੀਕਾ ਪੰਜਾਬ ਦੇ ਲੋਕਾਂ ਦੀ ਸਮਝ ਤੋਂ ਪਰੇ ਹੈ ਅਤੇ ਉਨ੍ਹਾਂ ਨੂੰ ਇਹ ਤਰਕ ਹਜ਼ਮ ਨਹੀਂ ਹੋ ਰਿਹਾ। ਪੰਜਾਬ 'ਤੇ ਚੜ੍ਹ ਰਹੇ ਕਰਜ਼ੇ ਬਾਬਤ ਪੰਜਾਬੀਆਂ ਨੂੰ 'ਦੜ ਵੱਟ ਜ਼ਮਾਨਾ ਕੱਟ ਭਲੇ ਦਿਨ ਆਉਣਗੇ' ਵਾਲੀ ਨੀਤੀ ਅਪਨਾਉਣੀ ਚਾਹੀਦੀ ਹੈ ਜਾਂ ਫਿਰ ਸਮੇਂ ਦੀਆਂ ਸਰਕਾਰਾਂ ਦੁਆਲੇ ਹੋਣਾ ਚਾਹੀਦਾ ਹੈ ਜੋ ਇਸ ਕਰਜ਼ੇ ਲਈ ਜ਼ਿੰਮੇਵਾਰ ਹਨ।

ਸੰਨ 2001 ਵਿਚ ਪੰਜਾਬ ਦੀ ਆਬਾਦੀ 2.44 ਕਰੋੜ, 2011 ਵਿਚ 2.77 ਕਰੋੜ ਸੀ। ਪ੍ਰੋਵੀਜ਼ਨਲ ਅੰਕੜਿਆਂ ਅਨੁਸਾਰ ਸਾਲ 2018 ਵਿਚ 2।99 ਕਰੋੜ, 2019 ਵਿਚ 3.02 ਕਰੋੜ, 2020 ਵਿਚ 3.05 ਕਰੋੜ, 2021 ਵਿਚ 3.07 ਕਰੋੜ ਅਤੇ 2022 ਵਿਚ 3.10 ਕਰੋੜ ਹੋਵੇਗੀ ਜਿਸ ਵਿਚ 62% ਪੇਂਡੂ ਅਤੇ 38% ਸ਼ਹਿਰੀ ਵਸੋਂ ਹੈ। ਆਬਾਦੀ ਦਾ ਅੰਕੜਾ ਦੇਣ ਦਾ ਸਾਡਾ ਮਕਸਦ ਇਹ ਦੱਸਣਾ ਹੈ ਕਿ ਪੰਜਾਬ ਸਿਰ 3 ਲੱਖ ਕਰੋੜ ਦਾ ਜੋ ਕਰਜ਼ਾ ਹੈ, ਹਰੇਕ ਪੰਜਾਬੀ ਦੇ ਜੁੰਮੇ 1 ਲੱਖ ਰੁਪਏ ਦਾ ਕਰਜ਼ਾ ਆਉਂਦਾ ਹੈ।

ਖੇਤੀ ਪ੍ਰਧਾਨ ਪੰਜਾਬ ਰਾਜ ਦੀ 2003 ਤਕ ਪ੍ਰਤੀ ਵਿਅਕਤੀ ਆਮਦਨ ਭਾਰਤ ਦੇ ਸਾਰੇ ਰਾਜਾਂ ਨਾਲੋਂ ਸਭ ਤੋਂ ਵਧੇਰੇ ਸੀ ਜਦਕਿ ਭਾਰਤ ਦੇ ਨੀਤੀ ਆਯੋਗ ਦੇ ਤਾਜ਼ਾ ਅੰਕੜਿਆਂ ਅਨੁਸਾਰ ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨ ਭਾਵ 1,15,882 ਰੁਪਏ ਹੈ ਜਦਕਿ ਰਾਸ਼ਟਰੀ ਪੱਧਰ 'ਤੇ



ਇਹ ਅੰਕੜਾ 1,16,067 ਰੁਪਏ ਹੈ। ਕਿੰਨੇ ਅਫ਼ਸੋਸ ਦੀ ਗੱਲ ਹੈ ਕਿ ਪੰਜਾਬ ਜੋ ਭਾਰਤ ਦੇ ਸਾਰੇ ਰਾਜਾਂ ਦੀ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਅਤੇ ਵਿਕਾਸ ਦੇ ਪੱਖੋਂ ਅਗਵਾਈ ਕਰਦਾ ਸੀ ਅੱਜ ਫਾਡੀ ਨਜ਼ਰ ਆਉਂਦਾ ਹੈ ਅਤੇ ਕਰਜ਼ੇ ਦੇ ਮਾਮਲੇ 'ਚ ਸਭ ਤੋਂ ਮੋਹਰੀ। ਕਰਜ਼ਾਈ ਰਾਜਾਂ ਵੱਲ ਜੇਕਰ ਨਜ਼ਰ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਸਾਲ 2021-22 ਦੌਰਾਨ ਰਾਜਾਂ ਦੀ ਜੀਡੀਪੀ ਦੇ ਹਿਸਾਬ ਨਾਲ ਕਰਜ਼ੇ ਦੀ ਦਰ ਪੰਜਾਬ ਦੀ 53.3%, ਰਾਜਸਥਾਨ ਦੀ 39.8%, ਪੱਛਮੀ ਬੰਗਾਲ ਦੀ 38.8%, ਕੇਰਲ ਦੀ 38.3% ਅਤੇ ਆਂਧਰ ਪ੍ਰਦੇਸ਼ ਦੀ 32.4% ਹੈ। ਪਿੱਛੇ ਜਿਹੇ ਦੀਵਾਲੀਆ ਹੋਏ ਸ੍ਰੀਲੰਕਾ ਦੀ ਇਹ ਦਰ 102.8% ਹੈ। ਪੰਜਾਬੀ ਸੱਭਿਆਚਾਰ ਸਾਡੇ ਗੁਰੂਆਂ-ਪੀਰਾਂ ਦੀਆਂ ਸਿੱਖਿਆਵਾਂ ਉੱਪਰ ਆਸ਼ਰਿਤ ਹੈ। ਕਿਰਤ ਕਰਨੀ ਅਤੇ ਵੰਡ ਛਕਣਾ ਪੰਜਾਬੀਆਂ ਦੀ ਫ਼ਿਤਰਤ ਹੈ। ਪੰਜਾਬੀਆਂ ਦੀ ਜੀਵਨਸ਼ੈਲੀ ਇਸ ਵਿਚਾਰ ਨਾਲ ਭਰੀ ਪਈ ਹੈ ਕਿ ਰੋਟੀ ਭਾਵੇਂ ਇਕ ਤੋਂ ਅੱਧੀ ਖਾ ਲਓ, ਕੱਪੜਾ ਭਾਵੇਂ ਸਾਧਾਰਨ ਜਿਹਾ ਪਾ ਲਓ ਪਰ ਸਿਰ ਉੱਤੇ ਕੋਈ ਕਰਜ਼ਾ ਨਹੀਂ ਹੋਣਾ ਚਾਹੀਦਾ। ਲੱਗਦਾ ਹੈ ਕਿ ਪਿਛਲੇ 15-20 ਸਾਲਾਂ ਤੋਂ ਰਾਜਨੀਤਕ ਪਾਰਟੀਆਂ ਤੇ ਸਾਡੇ ਵੱਲੋਂ ਚੁਣੇ ਗਏ ਵਿਧਾਇਕਾਂ ਨੇ ਆਪਣੀ ਪਾਰਟੀ ਦੀ ਵਿਚਾਰਧਾਰਾ ਤੇ ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਹਿੱਤ ਪੰਜਾਬੀਆਂ ਦੀ ਜੀਵਨ-ਸ਼ੈਲੀ ਹੀ ਬਦਲ ਦਿੱਤੀ ਹੈ।

ਉਹ ਲੋਕ ਜੋ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਕਿਰਤ ਕਰਨੀ, ਵੰਡ ਛਕਣਾ ਅਤੇ ਨਾਮ ਜਪਣ ਨੂੰ ਆਪਣੇ ਜੀਵਨ ਦਾ ਆਧਾਰ ਮੰਨਦੇ ਸਨ, ਸਮੇਂ ਦੀਆਂ ਸਰਕਾਰਾਂ ਅੱਗੇ ਮੁਫ਼ਤ ਵਿਚ ਆਟਾ-ਦਾਲ, ਟਿਊਬਵੈੱਲਾਂ ਲਈ ਅਤੇ ਘਰੇਲੂ ਬਿਜਲੀ ਮੁਫ਼ਤ ਲੈਣ ਲਈ ਤਰਲੋਮੱਛੀ ਹੋ ਰਹੇ ਹਨ। ਇਸ ਦੇ ਨਾਲ ਹੀ ਉਹ ਆਪਣੇ ਨਿੱਜੀ ਕਾਰੋਬਾਰਾਂ ਲਈ ਲਏ ਗਏ ਕਰਜ਼ਿਆਂ ਨੂੰ ਮਾਫ਼ ਕਰਵਾਉਣ ਲਈ ਸਰਕਾਰਾਂ ਅੱਗੇ ਹਾੜੇ ਕੱਢ ਰਹੇ ਹਨ। ਪੰਜਾਬੀਆਂ ਦੀ ਅੱਜ-ਕੱਲ੍ਹ ਇਹ ਆਦਤ ਬਣ ਗਈ ਹੈ ਕਿ ਕੋਈ ਕੰਮਕਾਰ ਕੀਤੇ ਬਿਨਾਂ ਸਰਕਾਰ ਕੋਲੋਂ ਹਰ ਤਰ੍ਹਾਂ ਦੀ ਸੁੱਖ-ਸਹੂਲਤ ਭਾਲਦੇ ਹਨ। ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਨੇ ਪੰਜਾਬੀਆਂ ਨੂੰ ਇਕ ਪਾਸੇ ਨਸ਼ਿਆਂ ਵੱਲ ਧੱਕ ਦਿੱਤਾ ਹੈ, ਦੂਜੇ ਪਾਸੇ ਲੋਕਾਂ ਵਿਹਲੜ ਬਣਾ ਦਿੱਤਾ ਹੈ। ਪੰਜਾਬ ਵਿਧਾਨ ਸਭਾ ਦੀਆਂ 2022 ਵਿਚ ਹੋਈਆਂ ਚੋਣਾਂ 'ਚ ਲੋਕਾਂ ਨੇ ਪਿਛਲੀਆਂ ਨਿਕੰਮੀਆਂ ਸਰਕਾਰਾਂ ਚਲਾਉਣ ਵਾਲੀਆਂ ਪਾਰਟੀਆਂ ਨੂੰ ਦਰਕਿਨਾਰ ਕਰ ਕੇ ਆਮ ਆਦਮੀ ਪਾਰਟੀ ਦੀ ਬੇਨਤੀ ਨੂੰ ਸਵੀਕਾਰਦੇ ਹੋਏ ਉਸ ਨੂੰ ਬੇਮਿਸਾਲ ਸਮਰਥਨ ਦਿੱਤਾ ਹੈ ਤਾਂ ਕਿ ਰਵਾਇਤੀ ਪਾਰਟੀਆਂ ਦੀ ਮੁਫ਼ਤਖੋਰੀ ਵਾਲੀ ਵਿਚਾਰਧਾਰਾ ਅਤੇ ਕੁਸ਼ਾਸ਼ਨ ਵਾਲੀ ਕਾਰਜ-ਸ਼ੈਲੀ ਵਿਚ ਇਨਕਲਾਬੀ ਬਦਲਾਅ ਲਿਆਂਦਾ ਜਾ ਸਕੇ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਤਾਰੀਫ਼ ਕਰਨੀ ਬਣਦੀ ਹੈ ਕਿ ਉਨ੍ਹਾਂ ਨੇ ਲੋਕਾਂ ਦੇ ਰੂਬਰੂ ਹੁੰਦੇ ਹੋਏ ਐਲਾਨ ਕੀਤਾ ਹੈ ਕਿ ਉਹ ਪੰਜਾਬ ਸਿਰ ਚੜ੍ਹੇ ਕਰਜ਼ੇ ਬਾਰੇ ਪੜਤਾਲ ਕਰਨਗੇ ਤੇ ਯਕੀਨੀ ਬਣਾਉਣਗੇ ਕਿ ਜ਼ਿੰਮੇਵਾਰ ਅਧਿਕਾਰੀਆਂ/ਰਾਜਨੇਤਾਵਾਂ ਪਾਸੋਂ ਇਸ ਦੀ ਭਰਪਾਈ ਹੋਵੇ ਅਤੇ ਮੁਜਰਮ ਅਧਿਕਾਰੀਆਂ ਅਤੇ ਰਾਜਨੇਤਾਵਾਂ ਨੂੰ ਕਾਨੂੰਨ ਅਨੁਸਾਰ ਕੀਤੇ ਦੀ ਸਜ਼ਾ ਦਿਵਾਉਣਗੇ। ਭਗਵੰਤ ਮਾਨ ਆਪਣੇ ਇਸ ਫ਼ੈਸਲੇ 'ਤੇ ਕਿੰਨਾ ਕੁ ਅਮਲ ਕਰਦੇ ਹਨ, ਇਹ ਵੇਖਣ ਵਾਲੀ ਗੱਲ ਹੋਵੇਗੀ। ਕੁਝ ਸਾਲਾਂ ਵਿਚ ਨਹੀਂ ਸਗੋਂ ਕੁਝ ਮਹੀਨਿਆਂ ਵਿਚ ਹੀ ਇਸ ਦਾ ਅਸਰ ਪੰਜਾਬ ਦੇ ਲੋਕ ਵੇਖਣ ਲਈ ਬੇਤਾਬ ਹਨ। ਪੰਜਾਬ ਸਿਰ ਚੜ੍ਹੇ ਤਿੰਨ ਲੱਖ ਕਰੋੜ ਦੇ ਕਰਜ਼ੇ ਨੂੰ ਪੰਜਾਬੀਆਂ ਅਤੇ ਭਗਵੰਤ ਮਾਨ ਸਰਕਾਰ ਵੱਲੋਂ ਇਕ ਆਫ਼ਤ ਦੇ ਤੌਰ 'ਤੇ ਲੈਣਾ ਹੋਵੇਗਾ। ਆਫ਼ਤ ਵੀ ਐਸੀ ਜੋ ਕੇਵਲ ਤੇ ਕੇਵਲ ਸਾਬਕਾ ਸਰਕਾਰਾਂ ਵੱਲੋਂ ਜਾਣਬੁੱਝ ਕੇ ਪੈਦਾ ਕੀਤੀ ਗਈ ਹੈ। ਭਗਵੰਤ ਮਾਨ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਨੂੰ ਵਿਸ਼ਵਾਸ ਦਿਵਾਉਣ ਕਿ ਪੰਜਾਬ ਸਿਰ ਚੜ੍ਹੇ ਤਿੰਨ ਲੱਖ ਕਰੋੜ ਦੇ ਕਰਜ਼ੇ ਨਾਲ ਨਜਿੱਠਣ ਲਈ ਤਤਪਰ ਹਨ ਭਾਵੇਂ ਇਸ ਲਈ ਉਨ੍ਹਾਂ ਨੂੰ ਕਿਸੇ ਵੀ ਹੱਦ ਤਕ ਕਿਉਂ ਨਾ ਜਾਣਾ ਪਵੇ।

ਭਗਵੰਤ ਮਾਨ ਸਰਕਾਰ ਨੂੰ ਯਾਦ ਰੱਖਣਾ ਹੋਵੇਗਾ ਕਿ ਪੰਜਾਬ ਦੇ ਲੋਕਾਂ 'ਚ ਆਪਣੀ ਕਮਾਈ 'ਚੋਂ ਦਸਵੰਧ ਕੱਢਣ ਦੀ ਅਤੇ ਦਾਨ ਦੇਣ ਦੀ ਆਦਤ ਅਜੇ ਖ਼ਤਮ ਨਹੀਂ ਹੋਈ। ਪੰਜਾਬ ਵਿਚ ਭ੍ਰਿਸ਼ਟਾਚਾਰ ਨਾਲ ਨਜਿੱਠਣ ਲਈ ਜਿਵੇਂ ਭਗਵੰਤ ਮਾਨ ਹੋਰਾਂ ਇਕ ਹੈਲਪਲਾਈਨ ਨੰਬਰ ਜਾਰੀ ਕੀਤਾ ਹੈ ਉਸੇ ਤਰ੍ਹਾਂ ਪੰਜਾਬ ਦੇ ਕਰਜ਼ੇ ਨਾਲ ਨਜਿੱਠਣ ਲਈ ਵੀ ਇਕ ਬੈਂਕ ਅਕਾਊਂਟ ਨੰਬਰ ਜਾਰੀ ਕਰਨਾ ਚਾਹੀਦਾ ਹੈ ਜਿਸ ਵਿਚ ਪੰਜਾਬ ਵਿਚ ਰਹਿਣ ਵਾਲੇ ਅਤੇ ਵਿਦੇਸ਼ਾਂ ਵਿਚ ਵਸਦੇ ਪੰਜਾਬੀ ਆਪਣੀ ਸਮਰੱਥਾ ਅਨੁਸਾਰ ਪੈਸੇ ਜਮ੍ਹਾ ਕਰਵਾਉਣ ਅਤੇ ਪੰਜਾਬ ਸਰਕਾਰ ਧੰਨਵਾਦ ਸਹਿਤ ਕੀਤੇ ਦਾਨ ਦੀ ਰਸੀਦ ਜਾਰੀ ਕਰੇ।

ਪੰਜਾਬ ਸਰਕਾਰ ਵੱਲੋਂ ਨੀਤੀ ਅਤੇ ਵਿਵਸਥਾ ਬਣਾਉਣੀ ਹੋਵੇਗੀ ਤਾਂ ਕਿ ਇਸ ਅਕਾਊਂਟ ਵਿਚ ਆਈ ਰਾਸ਼ੀ ਕੇਵਲ ਤੇ ਕੇਵਲ ਪੰਜਾਬ ਸਿਰ ਚੜ੍ਹੇ ਕਰਜ਼ੇ ਨੂੰ ਉਤਾਰਨ ਲਈ ਹੀ ਵਰਤੀ ਜਾਵੇ। ਭਗਵੰਤ ਮਾਨ ਸਰਕਾਰ ਵੱਲੋਂ ਲੋਕਾਂ ਨੂੰ ਦਿੱਤੀ ਜਾ ਰਹੀ ਹਰ ਤਰ੍ਹਾਂ ਸਬਸਿਡੀ, ਮੁਫ਼ਤ ਬਿਜਲੀ ਸਹੂਲਤ, ਕਰਜ਼ਾ ਮਾਫ਼ੀ, ਫਜ਼ੂਲ ਦੀ ਇਸ਼ਤਿਹਾਰਬਾਜ਼ੀ ਆਦਿ ਉਦੋਂ ਤਕ ਬੰਦ ਰੱਖਣੀ ਹੋਵੇਗੀ ਜਦੋਂ ਤਕ ਪੰਜਾਬ ਦਾ ਵਿੱਤੀ ਸੰਕਟ ਹੱਲ ਨਹੀ ਹੋ ਜਾਂਦਾ। ਹਰ ਤਰ੍ਹਾਂ ਦੇ ਟੈਕਸਾਂ ਦੀ ਵਸੂਲੀ ਕਰਨੀ ਹੋਵੇਗੀ। ਇਨਕਲਾਬੀ ਬਦਲਾਅ ਲਈ ਇਨਕਲਾਬੀ ਫ਼ੈਸਲੇ ਲੈਣੇ ਹੋਣਗੇ ਵਰਨਾ ਇਨਕਲਾਬ ਦਾ ਮਿਸ਼ਨ 'ਇਨ-ਕਾ-ਲਾਭ' ਬਣ ਕੇ ਹੀ ਰਹਿ ਜਾਵੇਗਾ। ਕਿਸੇ ਕਵੀ ਨੇ ਬਹਤ ਸੋਹਣਾ ਲਿਖਿਆ ਹੈ:

ਸਮੇਂ ਨਾਲ ਬਦਲੋਗੇ ਤਾਂ ਮੌਸਮ ਬਣੋਗੇ
ਅਗਰ ਚੁੱਪ ਰਹੋਗੇ ਤਾਂ ਮਾਤਮ ਬਣੋਗੇ
ਬਣੋਗੇ ਜੇ ਗ਼ਮ ਵਿਚ ਕਿਸੇ ਦਾ ਸਾਥੀ
ਤਾਂ ਸੰਗੀਤ ਦੀ ਕੋਈ ਸ਼ਰਗਮ ਬਣੋਗੇ
ਬਣਕੇ ਦੀਵਾਰ ਜੇ ਰੋਕੋਗੇ ਰਸਤਾ
ਤਾਂ ਕੋਈ ਬੇਦਰਦ ਹਾਕਮ ਬਣੋਗੇ।

# ਵਿਦੇਸ਼ ਨੀਤੀ 'ਚ ਭਾਰਤੀ ਨੀਤੀਆਂ ਦਾ ਆਦਰਸ਼ਵਾਦ ਮੱਠਾ ਪਿਆ

**ਪਾਰਸਾ ਵੈਂਕਟੇਸ਼ਵਰ ਰਾਓ ਜੂਨੀਅਰ**

ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ 23 ਅਪਰੈਲ ਨੂੰ ਵਾਸ਼ਿੰਗਟਨ ਵਿਚ ਬਲੂਮਬਰਗ ਨਾਲ ਗੱਲ ਕਰਦਿਆਂ ਕਿਹਾ ਕਿ ਭਾਰਤ ਭਾਵੇਂ 'ਯੂਰੋਪੀਅਨ ਯੂਨੀਅਨ ਅਤੇ ਪੱਛਮ ਨਾਲ ਆਜ਼ਾਦ ਤੇ ਉਦਾਰ ਦੁਨੀਆਂ ਵਿਚ' ਰਹਿਣਾ ਚਾਹੁੰਦਾ ਹੈ, ਤਾਂ ਵੀ ਇਹ ਪਾਕਿਸਤਾਨ ਅਤੇ ਚੀਨ ਕਾਰਨ ਰੂਸ ਨਾਲ ਖੜ੍ਹਨ ਲਈ ਮਜਬੂਰ ਹੈ। ਇਸ ਨੂੰ ਭਾਰਤ ਦੇ ਸਪੱਸ਼ਟ ਇਕਬਾਲ ਵਜੋਂ ਦੇਖਿਆ ਜਾ ਸਕਦਾ ਹੈ ਜਿਥੇ ਰਣਨੀਤਕ ਮਜਬੂਰੀਆਂ ਮੰਨੀਆਂ ਜਾਂਦੀਆਂ ਹਨ ਭਾਵੇਂ ਲੋਭ-ਲਾਲਚ ਕੁਝ ਵੀ ਹੋਵੇ। ਇਸ ਤੋਂ ਸਾਫ਼ ਇਸ਼ਾਰਾ ਮਿਲਦਾ ਹੈ ਕਿ ਭਾਰਤ ਦਾ ਦਿਲ ਤਾਂ ਪੱਛਮੀ ਜਮਹੂਰੀ ਸੰਸਾਰ ਨਾਲ ਮਿਲਣਾ ਚਾਹੁੰਦਾ ਹੈ ਪਰ ਉਹ ਇਸ ਧੜੇ ਵਿਚ ਸ਼ਾਮਲ ਹੋਣ ਦਾ ਜੋਖ਼ਿਮ ਨਹੀਂ ਉਠਾ ਸਕਦਾ। ਸ਼ਾਇਦ ਇਹ ਭਾਰਤ ਦੀ ਦੁਚਿੱਤੀ ਪ੍ਰਗਟਾਉਣ ਦਾ ਬਿ-ਹਤਰੀਨ ਤਰੀਕਾ ਨਹੀਂ ; ਜਾਂ ਫਿਰ ਇੰਝ ਵੀ ਹੋ ਸਕਦਾ ਹੈ ਕਿ ਇਹ ਯੂਕਰੇਨ ਉਤੇ ਰੂਸ ਦੇ ਹਮਲੇ ਤੋਂ ਬਾਅਦ ਛਿੜੀ ਜੰਗ ਵਿਚ ਭਾਰਤ ਦਾ ਆਪਣੀ ਅਸਹਿਜ ਸਥਿਤੀ ਤੋਂ ਬਾਹਰ ਨਿਕਲਣ ਦਾ ਚਾਰਾ ਹੋਵੇ। ਉਂਝ, ਇਸ ਦੇ ਨਾਲ ਹੀ ਇਸ ਤੋਂ ਹੋਰ ਸਭ ਕਾਸੇ ਦੇ ਮੁਕਾਬਲੇ ਭਾਰਤ ਦੀ ਨਾਜ਼ੁਕ ਹਾਲਤ ਦਾ ਵੀ ਪਤਾ ਲੱਗਦਾ ਹੈ ਕਿਉਂਕਿ ਇਸ ਦਾ ਮਤਲਬ ਇਹ ਹੈ ਕਿ ਭਾਰਤ ਅਜੇ ਵੀ ਆਪਣੇ ਲਈ ਵੈਰੀ ਚੀਨ ਅਤੇ ਪਾਕਿ-ਸਤਾਨ ਵੱਲੋਂ ਇਕਮੁੱਠ ਢੰਗ ਨਾਲ ਖੜ੍ਹੀਆਂ ਕੀਤੀਆਂ ਵੰਗਾਰਾਂ ਦਾ ਟਾਕਰਾ ਕਰਨ ਦੇ ਸਮਰੱਥ ਨਹੀਂ ਹੈ। ਨਾਲ ਹੀ ਇਸ ਦੇ ਇਹ ਮਾਇਨੇ ਵੀ ਹਨ ਕਿ ਭਾਰਤ ਅਜੇ ਵੀ ਆਪਣੇ ਗੁਆਂਢੀਆਂ ਨਾਲ ਨਜਿੱਠਣ ਲਈ ਰੂਸੀ ਹਥਿਆਰਾਂ ਦਾ ਮੁਹਤਾਜ ਹੈ।

ਯਕੀਨਨ, ਹਕੀਕਤ ਇਸ ਤੋਂ ਵੀ ਕਿਤੇ ਵੱਧ ਗੁੰਝਲਦਾਰ ਹੈ। ਕੇਂਦਰ ਸਰਕਾਰ ਭਾਰਤ ਨੂੰ ਹਥਿਆਰਾਂ ਦੇ ਨਿਰਮਾਣ ਅਤੇ ਪੈਦਾਵਾਰ ਦੇ ਮਾਮਲੇ ਵਿਚ ਆਤਮ-ਨਿਰਭਰ ਹੀ ਨਹੀਂ ਬਣਾਉਣਾ ਚਾਹੁੰਦੀ ਸਗੋਂ ਮੁਲਕ ਨੂੰ ਹਥਿਆਰਾਂ ਦਾ ਬਰਾਮਦਕਾਰ ਵੀ ਬਣਾਉਣ ਦੀ ਖ਼ਾਹਿਸ਼ਮੰਦ ਹੈ ਪਰ ਇਸ ਦੇ ਬਾਵਜੂਦ ਜਾਪਦਾ ਨਹੀਂ ਕਿ ਭਾਰਤ ਦੀ ਅਜਿਹੀ ਕੋਈ ਸਾਫ਼-ਸਪਸ਼ਟ ਤੇ ਗਿਣੀ-ਮਿਥੀ ਠੋਸ ਯੋਜਨਾ ਹੈ ਜਿਸ ਰਾਹੀਂ ਭਾਰਤ ਨੂੰ ਅਜਿਹੀ ਆਤਮ-ਨਿਰਭਰ ਫ਼ੌਜੀ ਤਾਕਤ ਬਣ-ਾਉਣ ਦਾ ਦਾਈਆ ਸਰ ਕੀਤਾ ਜਾ ਸਕੇ ਜਦੋਂ ਇਹ ਆਪਣੀ ਰਾਖੀ ਖ਼ੁਦ ਕਰ ਸਕੇ। ਇਸ ਮੁਤੱਲਕ ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਘੜੀ



ਰਣਨੀਤੀ ਇਹੋ ਹੈ ਕਿ ਅਮਰੀਕਾ, ਬਰਤਾਨੀਆ, ਫਰਾਂਸ ਆਦਿ ਨੂੰ ਆਖਿਆ ਜਾਵੇ ਕਿ ਉਹ ਰੱਖਿਆ ਭਾਈਵਾਲੀਆਂ ਕਾਇਮ ਕਰਨ ਦੇ ਕਦਮ ਵਜੋਂ ਭਾਰਤ ਵਿਚ ਆਪਣੀਆਂ ਹਥਿਆਰ ਪੈਦਾਵਾਰੀ ਯੂਨਿਟਾਂ ਕਾਇਮ ਕਰਨ। ਬਰਤਾਨਵੀ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਆਪਣੀ ਹਾਲੀਆ ਭਾਰਤ ਫੇਰੀ ਦੌਰਾਨ ਪੇਸ਼ਕਸ਼ ਕੀਤੀ ਸੀ ਕਿ ਬਰਤਾਨੀਆ ਭਾਰਤ ਦੀ ਨਵੀਂ ਤਕਨਾਲੋਜੀ ਨਾਲ ਲੈਸ ਜੰਗੀ ਜਹਾਜ਼ ਬਣਾਉਣ ਵਿਚ ਮਦਦ ਕਰੇਗਾ। ਉਨ੍ਹਾਂ ਦਾ ਅਸਿੱਧੇ ਤੌਰ 'ਤੇ ਇਹੋ ਕਹਿਣਾ ਸੀ ਕਿ ਬਰਤਾਨੀਆ ਦੀ ਜੰਗੀ ਜਹਾਜ਼ ਬਣਾਉਣ ਦੀ ਤਕਨਾਲੋਜੀ ਇਸ ਨੂੰ ਰੂਸ, ਇਥੋਂ ਤੱਕ ਕਿ ਫਰਾਂਸ ਤੋਂ ਮਿਲ ਰਹੇ ਜੰਗੀ ਜਹਾਜ਼ਾਂ ਦੀ ਤਕਨਾਲੋਜੀ ਦੇ ਮੁਕਾਬਲੇ ਬਿਹਤਰ ਹੈ। ਜ਼ਾਹਰਾ ਤੌਰ 'ਤੇ ਉਨ੍ਹਾਂ ਦਾ ਇਸ਼ਾਰਾ ਫਰਾਂਸ ਤੋਂ ਭਾਰਤ ਵੱਲੋਂ ਖ਼ਰੀਦੇ ਗਏ ਰਾਫਾਲ ਜਹਾਜ਼ਾਂ ਅਤੇ ਰੂਸੀ ਸੁਖੋਈ ਜਹਾਜ਼ਾਂ ਵੱਲ ਸੀ।

ਭਾਰਤ ਦਾ ਪੱਛਮ ਨੂੰ ਇਹ ਇਸ਼ਾਰਾ ਹੈ- ਜੇ ਉਹ ਚਾਹੁੰਦਾ ਹੈ ਕਿ ਭਾਰਤ ਉਸ ਦੀ ਧਿਰ ਵਿਚ ਖੜੋਤਾ ਹੋਵੇ ਤਾਂ ਉਸ ਨੂੰ ਪਾਕਿਸਤਾਨ ਤੇ ਚੀਨ ਦੇ ਨਾਲ ਨਾਲ ਭਾਰਤ ਦੇ ਸਰੋਕਾਰਾਂ ਦਾ ਵੀ ਖ਼ਿਆਲ ਰੱਖਣਾ ਪਵੇਗਾ। ਇਸ ਦਾ ਇਹ ਮਤਲਬ ਹੈ ਕਿ ਪੱਛਮ ਨੂੰ ਨਾ ਸਿਰਫ਼ ਪਾਕਿਸਤਾਨ ਨੂੰ ਨੱਥ ਪਾਉਣੀ ਚਾਹੀਦੀ ਹੈ ਸਗੋਂ ਇਸ ਨੂੰ ਚੀਨੀ-ਪਾਕਿਸਤਾਨੀ ਗੱਠਜੋੜ ਵੀ ਤੋੜਨਾ ਚਾਹੀਦਾ ਹੈ। ਪੱਛਮ ਦਾ ਸਾਫ਼ ਤੌਰ 'ਤੇ ਚੀਨ ਵਿਰੋਧੀ ਹਮਲਾਵਰ ਰੁਖ਼ ਹੈ ਪਰ ਇਸ ਵੱਲੋਂ ਪਾਕਿਸਤਾਨ ਖ਼ਿਲਾਫ਼ ਵੀ ਅਜਿਹਾ ਹੀ ਹਮਲਾਵਰ ਰੁਖ਼ ਅਖ਼ਤਿਆਰ ਕੀਤੇ ਜਾਣ ਦੇ ਕੋਈ ਆਸਾਰ ਨਹੀਂ। ਪੱਛਮ ਨੂੰ ਪਾਕਿਸਤਾਨ ਤੋਂ ਜੋ ਵੀ ਸਮੱਸਿਆਵਾਂ ਹੋਣ, ਤਾਂ ਵੀ ਇਹ ਭਾਰਤ ਦੀ ਖ਼ਾਤਰ ਪਾਕਿਸਤਾਨ ਨੂੰ ਨਹੀਂ ਛੱਡ ਸਕਦਾ।

ਦੂਜੇ ਪਾਸੇ ਰੂਸ ਨੇ ਚੀਨ ਨਾਲ ਕਰੀਬੀ ਰਿਸ਼ਤਿਆਂ ਤੋਂ ਇਲਾਵਾ ਪਾਕਿਸਤਾਨ ਲਈ ਵੀ ਆਪਣੇ ਬੂਹੇ ਖੁੱਲ੍ਹੇ ਰੱਖੇ ਹੋਏ ਹਨ। ਇਸੇ ਤਰ੍ਹਾਂ ਜਿਥੇ ਭਾਰਤ ਰੂਸ ਨਾਲ ਆਪਣੇ ਕਰੀਬੀ ਰਿਸ਼ਤੇ ਤੋੜਨ ਲਈ ਤਿਆਰ ਨਹੀਂ, ਉਸੇ ਤਰ੍ਹਾਂ ਪਾਕਿਸਤਾਨ ਵੀ ਚੀਨ ਤੋਂ ਲਾਂਭੇ ਹੋਣ ਲਈ ਤਿਆਰ ਨਹੀਂ ਹੋਵੇਗਾ; ਨਾਲ ਹੀ ਉਸ ਦੀ ਕੋਸ਼ਿਸ਼ ਹੋਵੇਗੀ ਕਿ ਉਹ ਰੂਸ ਤੋਂ ਜੋ ਲਾਹਾ ਲੈ ਸਕਦਾ ਹੈ, ਲੈ ਲਵੇ। ਇਕ-ਦੂਜੇ ਦੇ ਵਿਰੋਧੀ ਹਿੱਤਾਂ ਵਿਚ ਤਵਾਜ਼ਨ ਦੀ ਖੇਡ ਹੀ ਇਸ ਬਹੁ-ਧ੍ਰੁਰੀ ਆਲਮੀ ਸਿਆਸਤ ਦਾ ਆਧਾਰ ਹੈ।

ਇਉਂ ਸਾਫ਼ ਹੈ ਕਿ ਭਾਰਤ ਮਜਬੂਰੀਆਂ ਦੇ ਬੰਧਨ ਵਿਚ ਬੰਨ੍ਹਿਆ ਗਿਆ ਹੈ। ਆਖਿਆ ਜਾ ਸਕਦਾ ਹੈ ਕਿ ਮੋਦੀ ਸਰਕਾਰ ਵੀ ਆਪਣੇ ਤੋਂ ਪਹਿਲੀਆਂ ਸਰਕਾਰਾਂ ਵਾਂਗ ਹੀ ਰਣਨੀਤਕ ਮਜਬੂਰੀਆਂ ਦੇ ਘੇਰੇ ਦਰਮਿਆਨ ਆਪਣੇ ਬਦਲਾਂ ਦਾ ਇਸਤੇਮਾਲ ਕਰ ਰਹੀ ਹੈ। ਇਸ ਸੂਰਤ ਵਿਚ ਭਾਰਤ ਲਈ ਆਦਰਸ਼ਾਂ ਅਤੇ ਸਿਧਾਂਤਾਂ ਦੀ ਗੱਲ ਕਰਨੀ ਸੰਭਵ ਨਹੀਂ ਹੋਵੇਗੀ, ਜਦੋਂਕਿ ਭਾਰਤ ਅਤੇ ਭਾਰਤੀਆਂ ਤੋਂ ਇਸ ਦੀ ਤਵੱਕੋ ਕੀਤੀ ਜਾਂਦੀ ਹੈ। ਰਣਨੀਤਕ ਆਜ਼ਾਦੀ ਦੇ ਮੁਕਾਬਲਤਨ ਮੋਕਲੇ ਮਾਹੌਲ ਤੱਕ ਪੁੱਜਣ ਲਈ ਕੋਈ ਰਾਹ

(ਬਾਕੀ ਅਗਲੇ ਸਫੇ 'ਤੇ)

# ਡੂੰਘਾ ਵਾਹ ਲੈ ਹਲ ਵੇ, ਤੇਰੀ ਘਰੇ ਨੌਂਕਰੀ



ਡਾ ਧਰਮ ਸਿੰਘ

ਕੁਦਰਤੀ ਦਾਤਾਂ ਜਿਵੇਂ ਹਵਾ, ਪਾਣੀ ਅਤੇ ਸੂਰਜ ਦੀ ਰੌਸ਼ਨੀ ਮੁਫ਼ਤ ਹਨ ਜਿਨ੍ਹਾਂ ਦਾ ਲਾਭ ਮਨੁੱਖ ਸਦੀਆਂ ਤੋਂ ਲੈ ਰਿਹਾ ਹੈ। ਜੋ ਬਾਕੀ ਵਸਤਾਂ ਮਨੁੱਖ ਨੇ ਪੈਸਾ ਖ਼ਰਚ ਕੇ ਤਿਆਰ ਕੀਤੀਆਂ ਹਨ, ਉਹ ਮੁੱਲ ਮਿਲਦੀਆਂ ਹਨ। ਪੰਜਾਬ ਵਿਚ ਪਿਛਲੇ ਕੁਝ ਸਮੇਂ ਤੋਂ ਵੋਟਾਂ ਬਟੋਰਨ ਖ਼ਾਤਰ, ਕੁਝ ਵਸਤਾਂ ਮੁਫ਼ਤ ਵੰਡੀਆਂ ਜਾ ਰਹੀਆਂ ਹਨ। ਇਨ੍ਹਾਂ ਮੁਫ਼ਤਖੋਰੀਆਂ ਦਾ ਪੰਜਾਬ ਦੇ ਖ਼ਜ਼ਾਨੇ ਉੱਪਰ ਕਿੰਨਾ ਮਾੜਾ ਪ੍ਰਭਾਵ ਪੈ ਚੁੱਕਾ ਹੈ ਜਾਂ ਪੈ ਰਿਹਾ ਹੈ, ਉਸ ਤੋਂ ਸਭ ਜਾਣੂ ਹਨ। ਅੱਜ ਪੰਜਾਬ ਸਿਰ ਤਿੰਨ ਲੱਖ ਕਰੋੜ ਤੋਂ ਵੱਧ ਦਾ ਕਰਜ਼ਾ ਹੈ।

ਪਿਛਲੇ ਤਕਰੀਬਨ ਵੀਹ ਸਾਲਾਂ ਤੋਂ ਕਿਸਾਨ ਨੂੰ ਉਸ ਦੇ ਟਿਊਬਵੈੱਲ ਲਈ ਬਿਜਲੀ ਮੁਫ਼ਤ ਮਿਲ ਰਹੀ ਹੈ। ਇਸ ਮੁਫ਼ਤ ਬਿਜਲੀ ਦਾ ਜੋ ਦੁਰਉਪਯੋਗ ਹੋ ਰਿਹਾ ਹੈ, ਉਹ ਇਕ ਵੱਖਰਾ ਵਿਸ਼ਾ ਹੈ ਪਰ ਇਸ ਲਾਲਚ ਨੇ ਧਰਤੀ ਹੇਠਲੇ ਪਾਣੀ ਦਾ ਕਿੰਨਾ ਨੁਕਸਾਨ ਕੀਤਾ ਹੈ, ਇਹ ਅੰਦਾਜ਼ੇ ਤੋਂ ਪਰੇ ਹੈ। ਪੰਜਾਬ ਬੰਜਰ ਹੋਣ ਵੱਲ ਵਧ ਰਿਹਾ ਹੈ।



ਪੰਜਾਬ ਦੀ ਤਤਕਾਲੀ ਸਰਕਾਰ ਨੇ ਜਦ ਇਹ ਫ਼ੈਸਲਾ ਲਿਆ ਸੀ ਤਾਂ ਕਈ ਖੇਤੀਬਾੜੀ ਅਰਥ-ਸ਼ਾਸਤਰੀਆਂ ਨੇ ਇਸ ਦਾ ਵਿਰੋਧ ਕੀਤਾ ਸੀ। ਉਨ੍ਹਾਂ ਦੀ ਮੁੱਖ ਦਲੀਲ ਇਹ ਸੀ ਕਿ ਜਿਸ ਚੀਜ਼ ਦੀ ਪੈਦਾਵਾਰ ਉੱਪਰ ਖ਼ਰਚਾ ਹੋ ਰਿਹਾ ਹੈ, ਉਹ ਮੁਫ਼ਤ ਨਹੀਂ ਦੇਣੀ ਬਣਦੀ। ਇਹ ਵੀ ਤਜਵੀਜ਼ ਦਿੱਤੀ ਗਈ ਸੀ ਕਿ ਪੰਜਾਬ ਵਿਚ ਪਚਾਸੀ ਫ਼ੀਸਦੀ ਤਕ ਛੋਟੇ ਕਿਸਾਨ ਹਨ, ਇਸ ਲਈ ਪੰਜ ਏਕੜ ਜਾਂ ਹੱਦ ਦਸ ਏਕੜ ਦੇ ਮਾਲਕ ਕਿਸਾਨ ਨੂੰ ਇਹ ਸਹੂਲਤ ਦੇ ਦਿੱਤੀ ਜਾਵੇ। ਉਨ੍ਹਾਂ ਦੀ ਦਲੀਲ ਇਹ ਵੀ ਸੀ ਸੀ ਕਿ ਜੇਕਰ ਫ਼ਸਲ ਉੱਪਰ ਹੋ ਰਹੇ ਖ਼ਰਚੇ ਵਿਚ ਬਿਜਲੀ ਬਿੱਲ ਦੇ ਪੈਸੇ ਜੋੜ ਦਿੱਤੇ ਜਾਣ ਤਾਂ ਇਸ ਦਾ ਸਮਰਥਨ ਮੁੱਲ ਵੀ ਵਧ ਜਾਵੇਗਾ ਜਿਸ ਦਾ ਫ਼ਾਇਦਾ ਕਿਸਾਨ ਨੂੰ ਹੋਵੇਗਾ। ਖ਼ੈਰ! ਅਰਥ-ਸ਼ਾਸਤਰੀਆਂ ਦੀ ਅਪੀਲ, ਦਲੀਲ ਜਾਂ ਤਰਲਾ ਸਿਆਸਤ ਦੀ ਭੇਟ ਚੜ੍ਹ ਗਿਆ ਅਤੇ ਕਿਸਾਨੀ ਦੇ ਬਿਜਲੀ ਬਿੱਲ ਮਾਫ਼ ਹੋ ਗਏ। ਅੱਜ ਹਜ਼ਾਰਾਂ ਕਰੋੜਾਂ ਰੁਪਏ ਸਰਕਾਰ ਨੂੰ ਬਿਜਲੀ ਮਹਿਕਮੇ ਨੂੰ ਸਬਸਿਡੀ ਵਜੋਂ ਦੇਣੇ ਪੈ ਰਹੇ ਹਨ। ਇਕ ਪਾਸੇ ਤਾਂ ਸੂਬਾ ਸਰਕਾਰ ਦਾ ਖ਼ਜ਼ਾਨਾ ਖ਼ਾਲੀ ਹੈ। ਉਧਰ ਮੁਫ਼ਤ ਬਿਜਲੀ ਅਤੇ ਛੋਟੇ ਘਰੇਲੂ ਖਪਤਕਾਰਾਂ ਦੇ ਬਕਾਇਆ ਬਿੱਲਾਂ ਦੀ ਰਾਸ਼ੀ ਵਿੱਤੀ ਸਰੋਤਾਂ ਨੂੰ ਹੋਰ ਸੀਮਤ ਕਰੇਗੀ। ਅਜਿਹੀ ਗੁੰਝਲਦਾਰ ਸਥਿਤੀ ਨਾਲ ਨਜਿੱਠਣਾ ਅਜੋਕੀ ਸਰਕਾਰ ਲਈ ਗੰਭੀਰ ਸਮੱਸਿਆ ਬਣੀ ਹੋਈ ਹੈ।

ਮੇਰੇ ਬਾਪ ਦੇ ਦੇਹਾਂਤ ਹੋਏ ਨੂੰ ਚਾਲੀ ਸਾਲ ਤੋਂ ਵੱਧ ਦਾ ਅਰਸਾ ਗੁਜ਼ਰ ਚੁੱਕਾ ਹੈ। ਉਦੋਂ ਤੋਂ ਮੈਂ ਸਿਰ-ਬ-ਸਿਰ ਆਪਣੀ ਛੋਟੀ ਕਿਸਾਨੀ ਦੀ ਦੇਖ-ਭਾਲ ਕਰ ਰਿਹਾ ਹਾਂ। ਇਨ੍ਹਾਂ ਚਾਲੀ ਸਾਲਾਂ ਵਿਚ ਮੈਨੂੰ ਇਕ ਸਾਲ ਨੂੰ ਛੱਡ ਕੇ ਜਦ ਬਹੁਤ ਹਨੇਰ ਵਗਿਆ ਅਤੇ ਮੀਂਹ ਪਿਆ ਸੀ, ਬਾਕੀ ਕੋਈ ਵੀ ਸਾਲ ਅਜਿਹਾ ਯਾਦ ਨਹੀਂ ਜਦ ਮੌਸਮ ਨਾ ਵਿਗੜਿਆ ਹੋਵੇ। ਕੁਦਰਤ ਦਾ ਆਪਣਾ ਕੈਲੰਡਰ ਹੈ।

ਹਰ ਸਾਲ ਹਨੇਰੀਆਂ ਵੀ ਵਗਦੀਆਂ ਹਨ ਅਤੇ ਮੀਂਹ ਵੀ ਪੈਂਦਾ ਹੈ। ਕਿਸੇ-ਕਿਸੇ ਸਾਲ ਤਾਂ ਕਣਕ ਦੀਆਂ ਭਰੀਆਂ ਨੂੰ ਕਈ-ਕਈ ਵਾਰ ਉੱਲਦਣਾ ਪੈਂਦਾ ਸੀ ਤਾਂ ਕਿ ਦਾਣੇ ਉੱਗ ਨਾ ਪੈਣ। ਕਈ ਵਾਰੀ ਦਾਣੇ ਕਾਲੇ ਵੀ ਪੈ ਜਾਂਦੇ ਸਨ ਪਰ ਕਿਸਾਨ ਉਨ੍ਹਾਂ ਵਿੱਚੋਂ ਹੀ ਘਰ ਲਈ ਵੀ ਉਹੋ ਕਣਕ ਰੱਖ ਲੈਂਦਾ ਸੀ ਅਤੇ ਚੱਕੀ ਤੋਂ ਰੂਲਾ ਲਵਾ ਕੇ ਉਸ ਦਾ ਹੀ ਆਟਾ ਵਰਤ ਲੈਂਦਾ ਸੀ। ਵਧੇਰੇ ਖ਼ਰਾਬ ਦਾਣੇ ਪਸ਼ੂਆਂ ਦੀ ਲੇਟੀ ਜਾਂ ਗੁਤਾਵੇ ਲਈ ਆਟੇ ਦੇ ਰੂਪ ਵਿਚ ਕੰਮ ਆ ਜਾਂਦੇ। ਏਸੇ ਲਈ ਜੇਠ-ਹਾੜ੍ਹ ਵਿਚ ਸੋਨੇ ਦੀ ਕਣੀ ਵੀ ਨਹੀਂ ਮੰਗੀ ਗਈ।



ਕੁਦਰਤ ਦਾ ਨਿਯਮ ਹੈ ਕਿ ਸਖ਼ਤ ਗਰਮੀ ਤੋਂ ਬਾਅਦ ਮੀਂਹ ਪੈਣਾ ਹੀ ਪੈਣਾ ਹੈ। ਸੰਖੇਪ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਚਾਰ ਛਿੱਟੇ ਪੈ ਵੀ ਜਾਣ ਤਾਂ ਪਾਹਰਿਆ ਦੁਹਾਈ ਨਹੀਂ ਪਾਉਣੀ ਚਾਹੀਦੀ ਅਤੇ ਮੰਗਤਿਆਂ ਵਾਂਗੂ ਕਿਸੇ ਬੋਨਸ ਦੀ ਝਾਕ ਨਹੀਂ ਰੱਖਣੀ ਚਾਹੀਦੀ। ਵਿਓਂਤਬੰਦੀ ਤਾਂ ਸਾਡੇ ਆਪਣੇ ਹੱਥ ਹੈ। ਅੱਜ ਤੋਂ ਪੰਜਾਹ ਸਾਲ ਪਹਿਲਾਂ ਜਦ ਖੇਤੀ ਦਾ ਮਸ਼ੀਨੀਕਰਨ ਨਹੀਂ ਸੀ ਹੋਇਆ, ਉਦੋਂ ਸ਼ਾਇਦ ਨੁਕਸਾਨ ਵੀ ਵੱਧ ਹੁੰਦਾ ਹੋਵੇਗਾ ਪਰ ਅਜਿਹੀ ਮਾਨਸਿਕਤਾ ਕਿਸੇ ਨੇ ਨਹੀਂ ਵੇਖੀ। ਪੰਜਾਬੀਆਂ ਦੀ ਮਿਹਨਤਕਸ਼ ਕੌਮ ਲਈ ਇਹ ਨਮੋਸ਼ੀ ਦਾ ਸਬੱਬ ਹੋਣਾ ਚਾਹੀਦਾ ਹੈ ਕਿ ਸਿਆਸੀ ਜਮਾਤਾਂ ਵੋਟਾਂ ਖ਼ਾਤਰ ਖ਼ੈਰਾਤਾਂ ਵੰਡਦੀਆਂ ਹਨ। ਇਸ ਸਾਲ ਮਾਰਚ ਮਹੀਨੇ ਵਿਚ ਸਾਧਾਰਨ ਨਾਲੋਂ ਰਤਾ ਵੱਧ ਗਰਮੀ ਪਈ ਹੈ। ਜਿਨ੍ਹਾਂ ਕਿਸਾਨਾਂ ਨੇ ਕਣਕ ਨੂੰ ਆਖ਼ਰੀ ਪਾਣੀ ਪਛੜ ਕੇ ਦਿੱਤਾ ਜਾਂ ਨਾ ਦਿੱਤਾ ਹੋਵੇਗਾ, ਉਨ੍ਹਾਂ ਦੀ ਕਣਕ ਦੇ ਦਾਣੇ ਬਾਰੀਕ ਰਹਿ ਗਏ ਜਾਂ ਸੁੰਗੜ ਗਏ। ਸਰਕਾਰੀ ਅੰਕੜਿਆਂ ਮੁਤਾਬਕ ਇਹ ਨੁਕਸਾਨ ਦਸ ਪ੍ਰਤੀਸ਼ਤ ਜਾਂ ਇਸ ਤੋਂ ਵੀ ਘੱਟ ਹੈ।

ਕਿਸੇ ਸਾਲ ਮੀਂਹ ਪੈਣ ਨਾਲ ਦਾਣਿਆਂ ਵਿਚ ਨਮੀ ਦੀ ਮਾਤਰਾ ਵਧ ਜਾਂਦੀ ਹੈ। ਕੰਬਾਈਨ ਨਾਲ ਵੱਢੀ ਕਣਕ ਵਿਚ ਵੀ ਨਮੀ ਰਹਿ ਜਾਂਦੀ ਹੈ ਪਰ ਖ਼ਰੀਦ ਫਿਰ ਵੀ ਹੋਈ ਜਾਂਦੀ ਹੈ। ਅਜਿਹੀ ਹਾਲਤ ਵਿਚ ਸਰਕਾਰ ਵੀ ਮਾਪਦੰਡਾਂ ਵਿਚ ਢਿੱਲ ਦੇ ਕੇ ਕਣਕ ਖ਼ਰੀਦ ਲੈਂਦੀ ਹੈ।

ਹੁਣ ਵੀ ਅਜਿਹਾ ਹੀ ਹੋ ਰਿਹਾ ਹੈ। ਕਹਿਣ ਦਾ ਭਾਵ ਹੈ ਕਿ ਸਰਕਾਰ ਆਪਣੇ ਵੱਲੋਂ ਕੋਸ਼ਿਸ਼ ਕਰਦੀ ਹੈ ਕਿ ਕਿਸਾਨ ਦਾ ਘਰ ਪੂਰਾ ਕੀਤਾ ਜਾਵੇ। ਸਿੱਲ ਜਾਂ ਦਾਣੇ ਸੁੰਗੜ ਜਾਣ ਦੀ ਦੁਹਾਈ ਦੇ ਕੇ ਹਰ ਸਾਲ ਬੋਨਸ ਮੰਗਣ ਦੀ ਰੱਟ ਲਾਈ ਜਾਣੀ ਕਿਸੇ ਵੀ ਤਰ੍ਹਾਂ ਕਿਸਾਨ ਨੂੰ ਸ਼ੋਭਦੀ ਨਹੀਂ। ਕਿਸਾਨ ਤਾਂ ਜਿਗਰੇ ਵਾਲਾ ਹੈ, ਥੋੜ੍ਹ ਦਿਲਾ ਨਹੀਂ। ਪੰਜਾਬੀ ਕਿਸਾਨ ਨੇ ਹੱਥੀਂ ਕਾਰ ਦਾ ਮਹਾਤਮ ਗੁਰੂ ਨਾਨਕ ਤੋਂ ਸਿੱਖਿਆ ਹੈ ਜਿਨ੍ਹਾਂ ਕਰਤਾਰਪੁਰ ਦੀ ਧਰਤੀ 'ਤੇ ਹਲ ਦੀ ਹੱਥੀ ਫੜ ਕ ਖ਼ੁਦ ਰਾਹਲਾਂ ਤੇ ਸਿਆੜ ਕੱਢੇ ਸਨ। ਲੋੜ ਹੈ ਕੁਦਰਤ ਦੇ ਕੈਲੰਡਰ ਨੂੰ ਸਮਝ ਕੇ ਵਿਉਂਤਬੰਦੀ ਦੀ। ਕੈਲੰਡਰ ਨੂੰ ਬਦਲਣਾ ਮਨੁੱਖ ਦੇ ਵੱਸ ਵਿਚ ਨਹੀਂ, ਉਸ ਦੇ ਨਾਲ ਚੱਲਣ ਵਿਚ ਹੀ ਭਲਾਈ ਹੈ।

ਖੇਤੀ ਘਾਟੇ ਵਾਲਾ ਸੌਦਾ ਨਹੀਂ ਹੈ। ਜੇਕਰ ਕਿਸੇ ਨੂੰ ਮੇਰੀ ਗੱਲ 'ਤੇ ਯਕੀਨ ਨਹੀਂ ਤਾਂ ਉਹ ਸੋਸ਼ਲ ਮੀਡੀਆ ਉੱਪਰ ਚੱਲ ਰਹੀਆਂ ਵੀਡੀਓਜ਼ ਦੇਖ ਸਕਦਾ ਹੈ। ਕਈ ਉਤਸ਼ਾਹੀ ਕਿਸਾਨ ਤਾਂ ਏਕੜ 'ਚੋਂ ਨਹੀਂ, ਕਨਾਲਾਂ ਵਿੱਚੋਂ ਲੱਖਾਂ ਰੁਪਏ ਕਮਾ ਰਹੇ ਹਨ। ਖੇਤੀ ਵਿਭਿੰਨਤਾ ਅਪਣਾ ਕੇ ਉਹ ਆਪਣੀ ਕਮਾਈ ਵਿਚ ਵਾਧਾ ਕਰ ਸਕਦੇ ਹਨ।

ਖਾਣ ਵਾਲੇ ਤੇਲ ਖ਼ਾਸ ਕਰਕੇ ਸਰ੍ਹੋਂ ਦਾ ਤੇਲ ਬਹੁਤ ਮਹਿੰਗਾ ਵਿਕ ਰਿਹਾ ਹੈ। ਮੇਰਾ ਅਨੁਮਾਨ ਹੈ ਕਿ ਜਿਨ੍ਹਾਂ ਕਿਸਾਨਾਂ ਨੇ ਸਰ੍ਹੋਂ-ਤੋਰੀਆ ਬੀਜਿਆ ਸੀ, ਉਹ ਕਣਕ ਬੀਜਣ ਵਾਲੇ ਕਿਸਾਨਾਂ ਨਾਲੋਂ ਵਧੇਰੇ ਫ਼ਾਇਦੇ ਵਿਚ ਰਹੇ ਹੋਣਗੇ। ਅੱਜ ਤੋਂ ਕੁਝ ਸਾਲ ਪਹਿਲਾਂ ਤੋਰੀਆ ਅਤੇ ਗੋਭੀ ਸਰ੍ਹੋਂ ਰਲਾਅ ਕੇ ਬੀਜਣ ਦਾ ਰਿਵਾਜ ਸੀ।

ਪਹਿਲਾਂ ਤੋਰੀਆ ਵੱਢ ਲਿਆ ਜਾਂਦਾ ਸੀ, ਫਿਰ ਗੋਭੀ ਸਰ੍ਹੋਂ। ਇੱਕੋ ਖੇਤ ਵਿੱਚੋਂ ਇਕ ਹੀ ਮੌਸਮ ਵਿਚ ਦੋ ਫ਼ਸਲਾਂ ਦਾ ਲਾਭ ਲਿਆ ਜਾਂਦਾ ਸੀ। ਹੁਣ ਸਰ੍ਹੋਂ ਸਮਰਥਨ ਮੁੱਲ ਤੋਂ ਵੱਧ ਮੁੱਲ ਉੱਪਰ ਵਿਕ ਰਹੀ ਹੈ। ਖ਼ਰਚ ਵੀ ਕਣਕ ਨਾਲੋਂ ਥੋੜ੍ਹਾ ਹੁੰਦਾ ਹੈ। ਪੰਜਾਬੀ ਕਿਸਾਨ ਘਰ 'ਚੋਂ ਕੱਢ ਕੇ ਕੇਵਲ ਕਣਕ, ਝੋਨਾ, ਮੱਕੀ ਅਤੇ ਬਰਸੀਮ ਆਦਿ ਫ਼ਸਲਾਂ ਦਾ ਬੀਜ ਵਰਤਦਾ ਹੈ ਅਤੇ ਉਹ ਵੀ ਉਸ ਨੂੰ ਚੌਥੇ-ਪੰਜਵੇਂ ਸਾਲ ਨਵੇਂ ਬੀਜ ਨਾਲ ਬਦਲਣਾ ਪੈਂਦਾ ਹੈ। ਬਾਕੀ ਸਭ ਫ਼ਸਲਾਂ ਦਾ ਬੀਜ ਉਹ ਖੁੱਲ੍ਹੀ ਮੰਡੀ ਵਿੱਚੋਂ ਲੈ ਕੇ ਪਾਉਂਦਾ ਹੈ। ਪੰਜਾਬੀ ਕਿਸਾਨ ਬੀਜ ਉਦਪਾਦਨ ਵੱਲ ਵੀ ਧਿਆਨ ਦੇ ਸਕਦਾ ਹੈ।

ਚੱਲ ਰਹੇ ਸਾਉਣੀ ਦੇ ਚਾਰਿਆਂ ਵਿੱਚੋਂ ਚਰੀ, ਮੋਠ, ਬਾਜਰਾ ਤੇ ਸਵਾਂਕ ਆਦਿ ਹਨ ਜਿਨ੍ਹਾਂ ਦੇ ਬੀਜ ਕਿਸਾਨ ਕੋਲ ਨਹੀਂ ਹਨ। ਸਬਜ਼ੀਆਂ ਦੇ ਬੀਜ ਜਾਂ ਪਨੀਰੀ ਤਿਆਰ ਕਰ ਕੇ ਵੇਚਣਾ ਵੀ ਲਾਹੇਵੰਦ ਹੈ। ਕਈ ਉਤਸ਼ਾਹੀ ਕਿਸਾਨ ਝੋਨੇ/ਬਾਸਮਤੀ ਦੀ ਪਨੀਰੀ ਵਪਾਰਕ ਪੱਧਰ ਉੱਪਰ ਬੀਜ ਕੇ ਮਹੀਨੇ-ਡੇਢ ਮਹੀਨੇ ਵਿਚ ਹੀ ਵਾਧੂ ਮੁਨਾਫ਼ਾ ਕਮਾ ਲੈਂਦੇ ਹਨ। ਵਪਾਰਕ ਪੱਧਰ ਉੱਪਰ ਸਬਜ਼ੀਆਂ ਦੀ ਕਾਸ਼ਤ ਕਰਨ ਵਾਲੇ ਕਾਸ਼ਤਕਾਰ ਇਨ੍ਹਾਂ ਦੇ ਬੀਜ ਆਪ ਤਿਆਰ ਕਰ ਸਕਦੇ ਹਨ। ਫੁੱਲਾਂ ਦੇ ਬੀਜ ਪੁੜੀਆਂ ਵਿਚ ਵਿਕਦੇ ਹਨ। ਉਤਸ਼ਾਹੀ ਕਿਸਾਨ ਬੀਜ ਉਤਪਾਦਨ ਸਬੰਧੀ ਨਾਮਧਾਰੀ ਸੀਡਜ਼ ਦੇ ਅਨੁਭਵ ਅਤੇ ਤਜਰਬੇ ਦਾ ਫ਼ਾਇਦਾ ਚੁੱਕ ਸਕਦੇ ਹਨ।

ਸਹਾਇਕ ਧੰਦਿਆਂ ਵੱਲ ਵਧੇਰੇ ਧਿਆਨ ਦਿੱਤਾ ਜਾ ਸਕਦਾ ਹੈ। ਪਸ਼ੂ ਪਾਲਣ, ਮੁਰਗਾ ਪਾਲਣ, ਸੂਰ ਪਾਲਣ, ਸਟੱਡ ਫਾਰਮ ਤੇ ਬੱਕਰੀ ਪਾਲਣ ਆਦਿ ਅਜਿਹੇ ਹੀ ਧੰਦੇ ਹਨ। ਬੱਕਰੀ ਪਾਲਣ ਦਾ ਧੰਦਾ ਅੱਜ-ਕੱਲ੍ਹ ਵਧੇਰੇ ਵਧ-ਫੁੱਲ ਰਿਹਾ ਹੈ। ਮੀਟ ਤੋਂ ਬਿਨਾਂ ਕੋਰੋਨਾ ਕਾਲ ਵੇਲੇ ਜਿਨ੍ਹਾਂ ਲੋਕਾਂ ਦੇ ਸੈੱਲ ਘੱਟ ਗਏ ਸਨ, ਉਨ੍ਹਾਂ ਨੇ ਚਾਰ ਸੌ ਤੋਂ ਲੈ ਕੇ ਛੇ ਸੌ ਰੁਪਏ ਪ੍ਰਤੀ ਲੀਟਰ ਬੱਕਰੀ ਦਾ ਦੁੱਧ ਲੈ ਕੇ ਪੀਤਾ ਸੀ।

ਵਧੇਰੇ ਕਿਸਾਨਾਂ ਕੋਲ ਟਰੈਕਟਰ-ਟਰਾਲੀਆਂ ਹਨ, ਇਸ ਲਈ ਉਹ ਉਨ੍ਹਾਂ ਨੂੰ ਕਿਰਾਏ 'ਤੇ ਦੇ ਕੇ ਜਾਂ ਆਪ ਚਲਾ ਕੇ ਵਾਧੂ ਮੁਨਾਫ਼ਾ ਕਮਾ ਸਕਦੇ ਹਨ। ਰੇਤ, ਬਜਰੀ, ਸੀਮੈਂਟ, ਸਰੀਆ, ਰੋੜੀ ਤੇ ਇੱਟਾਂ ਦੀ ਢੋਆ-ਢੁਆਈ ਵਧੇਰੇ ਕਰ ਕੇ ਟਰੈਕਟਰ-ਟਰਾਲੀਆਂ ਰਾਹੀਂ ਹੀ ਹੋ ਰਹੀ ਹੈ। ਇੰਜ ਖੇਤੀ ਵਿਉਂਤਬੰਦੀ, ਜਾਨ ਹੂਲ ਕੇ ਕੰਮ ਕਰਨਾ, ਖ਼ਰਚੇ ਵਿਚ ਸੰਜਮ, ਭੇਡ ਚਾਲ ਤੋਂ ਬਚਣਾ ਆਦਿ ਅਜਿਹੇ ਮੰਤਰ ਹਨ ਜਿਨ੍ਹਾਂ ਉੱਪਰ ਅਮਲ ਕਰ ਕੇ ਕਿਸਾਨ ਸਰਕਾਰ ਤੋਂ ਮੰਗਣ ਵਾਲੀ ਮਾਨਸਿਕਤਾ ਤੋਂ ਛੁਟਕਾਰਾ ਪਾ ਸਕਦਾ ਹੈ। ਲੋਕ-ਸਿਆਣਪ ਵੀ ਹੈ : ਡੂੰਘਾ ਵਾਹ ਲੈ ਹਲ ਵੇ, ਤੇਰੀ ਘਰੇ ਨੌਂਕਰੀ।


## Need Caretaker

Need a male person to take care of 88 year old man who has Alzheimer and is bed ridden. He requires hands on care. Applicant should have work permit or legal immigrant. $ 3000 plus board and lodging will be provided. If a couple wants to do it that will also be considered.

**Please call at 831 359 3562.**

## ਸਿੱਖ ਪਰਿਵਾਰ ਦੇ ਬਜ਼ੁਰਗ ਨੂੰ ਸੰਭਾਲਣ ਵਾਲੇ ਦੀ ਲੋੜ

ਇਕ 88 ਸਾਲਾ ਸਿੱਖ ਪਰਿਵਾਰ ਦੇ ਬਜ਼ੁਰਗ ਦੀ ਸੰਭਾਲ ਕਰਨ ਲਈ ਇਕ ਚੰਗੇ ਸੱਜਣ ਦੀ ਲੋੜ ਹੈ। ਤਨਖਾਹ $3000 ਡਾਲਰ ਹੋਵੇਗੀ ਅਤੇ ਰਿਹਾਇਸ਼ ਵੀ ਨਾਲ ਹੀ ਦਿੱਤੀ ਜਾਵੇਗੀ। ਅਮਰੀਕਾ ਵਿਚ ਕੰਮ ਕਰਨ ਦੀ ਇਜਾਜ਼ਤ (ਪਰਮਿਟ) ਰੱਖਣ ਵਾਲੇ ਜਾਂ ਗ੍ਰੀਨ ਕਾਰਡ ਹੋਲਡਰ ਵਿਅਕਤੀ ਨੂੰ ਤਰਜੀਹ ਦਿੱਤੀ ਜਾਵੇਗੀ। ਪਤੀ-ਪਤਨੀ ਦੋਵੇਂ ਹੋਣ ਤਾਂ ਵੀ ਰਿਹਾਇਸ਼ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਨਵਦੀਪ ਜੀ ਨਾਲ **831 359 3562** ਸੇ ਸੰਪਰਕ ਕਰੋ।


# ਵਿਦੇਸ਼ ਨੀਤੀ 'ਚ ਭਾਰਤੀ ਨੀਤੀਆਂ ਦਾ ਆਦਰਸ਼ਵਾਦ ਮੱਠਾ ਪਿਆ

**(ਸਫਾ 6 ਦੀ ਬਾਕੀ)**

ਤਲਾਸ਼ਿਆ ਜਾਣਾ ਲਾਜ਼ਮੀ ਹੈ ਜਿਹੜਾ ਉਸ ਰਣਨੀਤਕ ਖ਼ੁਦਮੁਖ਼ਤਾਰੀ ਤੋਂ ਬਹੁਤ ਜ਼ਿਆਦਾ ਵੱਖਰਾ ਹੈ ਜਿਸ ਦਾ ਇਸਤੇਮਾਲ ਭਾਰਤ ਇਸ ਵਕਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਰਣਨੀਤਕ ਆਜ਼ਾਦੀ ਉਦੋਂ ਹੀ ਮੁਮਕਿਨ ਹੋਵੇਗੀ ਜਦੋਂ ਭਾਰਤ ਸਾਇੰਸ ਅਤੇ ਤਕਨਾਲੋਜੀ ਪੱਖੋਂ ਆਪਣੇ ਪੈਰਾਂ 'ਤੇ ਖੜ੍ਹਾ ਹੋਵੇਗਾ ਕਿਉਂਕਿ ਇਸ ਨਾਲ ਹੀ ਮਾਲੀ ਅਤੇ ਫ਼ੌਜੀ ਲਾਹਾ ਮਿਲ ਸਕੇਗਾ। ਯੂਕਰੇਨ ਜੰਗ ਵਿਚ ਰੂਸ ਦੀ ਧਾਰ ਖੁੰਢੀ ਹੋ ਰਹੀ ਹੈ, ਇਹ ਸ਼ਾਇਦ ਮਾਲੀ ਮੋਰਚੇ ਉਤੇ ਜ਼ਿਆਦਾ ਸਮਾਂ ਨਾ ਟਿਕ ਸਕੇ। ਸੋਵੀਅਤ ਸੰਘ ਦੇ ਟੁੱਟਣ ਦਾ ਵੀ ਇਹੋ ਮੁੱਖ ਕਾਰਨ ਸੀ।

ਰੂਸ ਕੋਲ ਜੋ ਚੀਜ਼ ਨਹੀਂ ਹੈ ਅਤੇ ਜੋ ਕੁਝ ਸੋਵੀਅਤ ਸੰਘ ਕੋਲ ਵੀ ਨਹੀਂ ਸੀ, ਉਹ ਹੈ ਆਜ਼ਾਦੀ ਜਦੋਂਕਿ ਆਜ਼ਾਦੀ ਇਨਸਾਨੀ ਰਚਨਾਤਮਕਤਾ ਦੀ ਬੁਨਿਆਦ ਹੈ। ਆਪਣੇ ਤਮਾਮ ਨੁਕਸਾਂ ਅਤੇ ਕਮੀਆਂ ਜਿਨ੍ਹਾਂ ਵਿਚੋਂ ਬਹੁਤ ਸਾਰੀਆਂ ਬਹੁਤ ਹੀ ਨਿੰਦਣਯੋਗ ਵੀ ਸਨ, ਦੇ ਬਾਵਜੂਦ ਪੱਛਮ ਸਮੇਤ ਪੁਰਾਣੀ ਯੂਰੋਪੀਅਨ ਦੁਨੀਆ ਅਤੇ ਨਵੀਂ ਅਮਰੀਕੀ ਦੁਨੀਆ ਨੇ ਧਰਮ, ਫਿਲਾਸਫੀ, ਕਲਾ ਅਤੇ ਸਾਇੰਸ ਵਿਚ ਪੂਰਨਤਾ ਤੇ ਉੱਤਮਤਾ ਦੇ ਆਦਰਸ਼ ਲਈ ਕੋਸ਼ਿਸ਼ਾਂ ਕੀਤੀਆਂ ਹਨ। ਆਜ਼ਾਦੀ ਵਿਚ ਇਕਮੁੱਠਤਾ ਦੀ ਕਮੀ ਤਾਂ ਰੜਕਦੀ ਹੈ ਪਰ ਇਹੀ ਤਾਂ ਉਹ ਸ਼ਕਤੀ ਹੈ ਜਿਹੜੀ ਇਨਸਾਨੀ ਤਹਜ਼ੀਬ ਤੇ ਸੱਭਿਅਤਾ ਨੂੰ ਅੱਗੇ ਵਧਣ ਲਈ ਹੁਲਾਰਾ ਦਿੰਦੀ ਹੈ। ਆਪਣੇ ਸਭ ਫ਼ਰੇਬਾਂ ਦੇ ਬਾਵਜੂਦ ਪੱਛਮ ਨੇ ਜੇ ਆਜ਼ਾਦੀ ਦੇ ਆਦਰਸ਼ ਦਾ ਪੱਲਾ ਨਾ ਛੱਡਿਆ ਤਾਂ ਇਹ ਜਿੱਤ ਜਾਵੇਗਾ; ਇਸੇ ਆਜ਼ਾਦੀ ਲਈ ਤਾਂ ਪੱਛਮ ਜੂਝ ਰਿਹਾ ਹੈ।

ਭਾਰਤ ਅਤੇ ਭਾਰਤੀਆਂ ਨੂੰ ਲਾਜ਼ਮੀ ਤੌਰ 'ਤੇ ਆਜ਼ਾਦੀ ਦੇ ਵਿਚਾਰ ਵਿਚ ਭਰੋਸਾ ਰੱਖਣਾ ਚਾਹੀਦਾ ਹੈ ਜੋ ਰਾਸ਼ਟਰਵਾਦ ਦੀਆਂ ਹੱਦਾਂ ਤੋਂ ਅਗਾਂਹ ਦੀ ਗੱਲ ਹੈ। ਇਹ ਇਸ ਗੱਲ ਦਾ ਵਿਸ਼ਵਾਸ ਹੈ ਕਿ ਹਰ ਇਨਸਾਨ ਆਜ਼ਾਦ ਪੈਦਾ ਹੋਇਆ ਹੈ, ਭਾਵੇਂ ਉਹ ਕਿਸੇ ਵੀ ਨਸਲ ਜਾਂ ਮੁਲਕ ਨਾਲ ਸਬੰਧ ਰੱਖਦਾ ਹੋਵੇ। ਵਲਾਦੀਮੀਰ ਪੂਤਿਨ ਦੇ ਤਹਿਤ ਰੂਸ ਅਤੇ ਸਮਾਜਵਾਦ ਦੇ ਤਹਿਤ ਚੀਨ ਦੀ ਆਜ਼ਾਦੀ ਪ੍ਰਤੀ ਇਹ ਵਚਨਬੱਧਤਾ ਨਹੀਂ ਹੈ। ਯੂਕਰੇਨ ਜੰਗ ਬਾਰੇ ਭਾਰਤ ਦਾ ਰੁਖ਼ ਹਕੀਕੀ ਅਤੇ ਸਮਝਦਾਰੀ ਵਾਲਾ ਹੈ ਪਰ ਇਸ ਵਿਚ ਆਦਰਸ਼ਵਾਦ ਵਾਲੀ ਚਿਣਗ ਦੀ ਕਮੀ ਹੈ।

ਭਾਰਤ ਦੀ ਆਜ਼ਾਦੀ ਦੀ ਲਹਿਰ ਵਿਚ ਮਹਾਤਮਾ ਗਾਂਧੀ ਦਾ ਯੋਗਦਾਨ ਭਾਰਤ ਲਈ ਸਿਆਸੀ ਆਜ਼ਾਦੀ ਹਾਸਲ ਕਰਨ ਤੱਕ ਹੀ ਮਹਿਦੂਦ ਨਹੀਂ ਸੀ। ਉਹ ਆਪਣੇ ਤਰੀਕੇ ਨਾਲ ਆਜ਼ਾਦੀ ਦੇ ਪੱਖ ਵਿਚ ਇਸ ਦੀ ਅਸਲੀ ਭਾਵਨਾ ਮੁਤਾਬਕ ਖੜ੍ਹੇ ਹੋਏ। ਗਾਂਧੀ ਲਈ ਆਜ਼ਾਦੀ ਨੈਤਿਕ ਜ਼ਰੂਰਤ ਸੀ।

ਆਜ਼ਾਦੀ ਤੋਂ ਬਾਅਦ ਜਵਾਹਰ ਲਾਲ ਨਹਿਰੂ ਦੀ ਅਗਵਾਈ ਹੇਠ ਕਾਂਗਰਸ ਨੇ ਜੰਗ ਵਿਰੋਧੀ ਹੋਣ ਦੇ ਆਪਣੇ ਬੇਅਸਰ ਬੰਧਨਾਂ ਦੇ ਬਾਵਜੂਦ ਇਸ ਆਦਰਸ਼ ਨੂੰ ਥੋੜ੍ਹਾ ਜਿਹਾ ਅੱਗੇ ਵਧਾਇਆ। ਅੱਜ ਸਾਨੂੰ ਜਿਸ ਚੀਜ਼ ਨੂੰ ਮੁੜ ਹਾਸਲ ਕਰਨ ਦੀ ਲੋੜ ਹੈ, ਉਹ ਹੈ ਆਜ਼ਾਦੀ ਦਾ ਨੈਤਿਕ ਜੋਸ਼ ਜਿਸ ਦੇ ਪ੍ਰਤੀਕ ਨੂੰ ਗਾਂਧੀ ਨੇ ਜ਼ੋਰਦਾਰ ਢੰਗ ਨਾਲ ਉਭਾਰਿਆ।

# ਦੋਸਤ ਤੇ ਵਿਰੋਧੀ 'ਚ ਅੰਤਰ ਸਮਝੀਏ



ਮਾਹ ਦਿਵਸ ਮੂਰਤਿ ਭਲੇ ਦੇ ਹੁਕਮ ਨਾਲ ਦਿਨ ਵਾਰ ਮਨਾਉਣ ਨਾਲੋਂ ਗੁਰੂ ਦੇ ਮਾਰਗ 'ਤੇ ਚੱਲ ਕੇ ਅਕਾਲ ਪੁਰਖ ਦੀ ਉਸਤਤੀ ਕਰਨੀ ਤੇ ਉਸ ਅੱਗੇ ਹੀ ਅਰਦਾਸ ਕਰਨ ਦਾ ਸਹੀ ਮਾਰਗ ਗੁਰੂ ਨਾਨਕ ਦੇਵ ਦੇ ਸਿੱਖਾਂ ਲਈ ਅੰਕਿਤ ਹੈ! ਸ਼ਾਇਦ ਇਸੇ ਕਾਰਨ ਹੀ ਸ੍ਰੀ ਗੁਰੂ ਅਮਰਦਾਸ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵੱਲੋਂ 1569 ਜਾਂ 1669 ਵਿਚ ਸ੍ਰੀ ਗੁਰੂ ਨਾਨਕ ਦੇਵ ਦੇ 100 ਜਾਂ 200 ਸਾਲਾ ਪ੍ਰਕਾਸ਼ ਦਿਹਾੜੇ ਮਨਾਉਣ ਦਾ ਇਤਿਹਾਸ, ਮਰਿਆਦਾ ਤੇ ਸਿੱਖ ਫ਼ਲਸਫਾ ਖ਼ਾਮੋਸ਼ ਹੈ। ਪੰਜਾਹ ਸਾਲਾ ਖ਼ਾਲਸਾ ਰਾਜ ਦਾ ਇਤਿਹਾਸ ਵੀ ਮਹਾਰਾਜਾ ਰਣਜੀਤ ਸਿੰਘ ਵੱਲੋਂ ਕਿਸੇ ਸਿੱਖ ਗੁਰੂ ਸਾਹਿਬ ਦੀ ਸ਼ਤਾਬਦੀ ਮਨਾਉਣ ਦੀ ਗਵਾਹੀ ਨਹੀਂ ਭਰਦਾ!



ਇਕਬਾਲ ਸਿੰਘ ਲਾਲਪੁਰਾ

ਲੰਬਾ ਸਮਾਂ ਸਿੱਖ ਕੌਮ ਨੂੰ ਸੰਘਰਸ਼ 'ਚੋਂ ਲੰਘਣਾ ਪਿਆ ਜਿਸ ਕਰਕੇ ਸ਼ਤਾਬਦੀਆਂ ਮਨਾਉਣ ਲਈ ਇਹ ਢੁੱਕਵਾਂ ਸਮਾਂ ਨਹੀਂ ਸੀ ਪਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਤਾਂ ਸਿੱਖ ਕੌਮ ਦਾ 'ਸੁਨਹਿਰਾ ਕਾਲ' ਮੰਨਿਆ ਜਾਂਦਾ ਹੈ ਜਦੋਂ ਅਜਿਹੇ ਸਮਾਗਮ ਸੰਭਵ ਸਨ। ਅੰਗਰੇਜ਼ ਰਾਜ ਸਮੇਂ ਸ਼ਾਇਦ ਇਹ ਪਿਰਤ ਸ਼ੁਰੂ ਹੋਈ ਜਿਸ ਬਾਰੇ ਫ਼ੌਜੀ ਵਰਦੀ ਵਿਚ ਗੋਰੇ ਫ਼ੌਜੀ ਤੇ ਪੁਲਿਸ ਅਫ਼ਸਰ ਸ੍ਰੀ ਦਰਬਾਰ ਸਾਹਿਬ ਅੰਦਰ ਘੁੰਮਦਿਆਂ ਦੀ ਵੀਡੀਓ ਵੀ ਵੇਖੀ ਜਾਂਦੀ ਹੈ।

ਦੀਵਾਲੀ ਤੇ ਵਿਸਾਖੀ ਦੇ ਮੌਕੇ ਪੰਥਕ ਆਗੂਆਂ ਵੱਲੋਂ 18ਵੀਂ ਸਦੀ ਤੋਂ ਹੀ ਕੌਮੀ ਸਮੱਸਿਆਵਾਂ ਦੇ ਨਿਵਾਰਨ ਲਈ ਸਿਰ ਜੋੜ ਕੇ ਬੈਠਣ ਤੇ ਦੇਸ਼-ਕੌਮ ਦੀ ਅਗਵਾਈ ਕਰਨ ਵਾਲੇ ਸੁਨਹਿਰੀ ਫ਼ੈਸਲਿਆਂ ਨਾਲ ਇਤਿਹਾਸ ਭਰਿਆ ਪਿਆ ਹੈ। ਮਿਸਲਾਂ ਦੇ ਆਪਸੀ ਟਕਰਾਅ ਦੇ ਬਾਵਜੂਦ ਕੌਮੀ ਮਸਲਿਆਂ ਬਾਰੇ ਏਕੇ, ਸ੍ਰੀ ਦਰਬਾਰ ਸਾਹਿਬ ਅੰਦਰ ਤੇ ਪੰਥਕ ਸਰਬੱਤ ਖ਼ਾਲਸਾ ਇਕ-ਦੂਜੇ ਦੇ ਸਤਿਕਾਰ ਕਰਨ ਦੀਆਂ ਬਹੁਤ ਸਾਰੀਆਂ ਪਵਿੱਤਰ ਮਿਸਾਲਾਂ ਹਨ ਜਿਸ ਨਾਲ ਭੌਤਿਕ ਲਾਲਚ ਤੋਂ ਉੱਤੇ ਉੱਠ ਕੇ ਕੌਮੀ ਆਗੂ ਨਿਮਾਣੇ ਸਿੱਖ ਵਜੋਂ ਇਕ-ਦੂਜੇ ਦਾ ਮਾਣ-ਸਤਿਕਾਰ ਕਰਦੇ ਸਨ।

ਕਿਸੇ ਇਕ ਦੀ ਗ਼ਲਤੀ ਜੇਕਰ ਨਾ ਸੁਧਾਰੀ ਜਾਵੇ ਤਾਂ ਸਾਰੀ ਕੌਮ ਦੀ ਦਿਸ਼ਾ ਬਦਲ ਦਿੰਦੀ ਹੈ। ਪੰਥ ਦੇ ਮਹਾਨ ਵਿਦਵਾਨ ਭਾਈ ਵੀਰ ਸਿੰਘ ਤੇ ਪ੍ਰੋਫੈਸਰ ਸਾਹਿਬ ਸਿੰਘ ਜੀ ਨੇ ਰਾਇ ਮੰਗਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਲਾਹ ਦਿੱਤੀ ਸੀ ਕਿ ਗੁਰੂ ਸਾਹਿਬਾਨ ਦੇ ਚਿੱਤਰ ਕਿਉਂਕਿ ਕਲਪਿਤ ਹਨ, ਇਸ ਲਈ ਇਨ੍ਹਾਂ ਨੂੰ ਮਾਨਤਾ ਨਾ ਦਿੱਤੀ ਜਾਵੇ ਕਿਉਂਕਿ ਸਿੱਖ ਦਾ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦਾ ਹਰ ਸ਼ਬਦ ਹੈ, ਇਸ ਦਾ ਹੀ ਪ੍ਰਚਾਰ ਹੋਣਾ ਚਾਹੀਦਾ ਹੈ। ਚਿੱਤਰ ਨਾਲ ਜੁੜ ਕੇ ਸਿੱਖ ਮੂਰਤੀ ਪੂਜਾ ਵੱਲ ਵਧੇਗਾ ਅਤੇ ਗਿਆਨ ਗੁਰੂ, ਬਾਣੀ ਦੇ ਨਾਲੋਂ ਟੁੱਟ ਜਾਵੇਗਾ।

ਇਹ ਮਨੋਕਲਪਿਤ ਚਿੱਤਰ ਅੱਜ ਧਰਮ ਪ੍ਰਚਾਰ ਕਰਨ ਵਾਲੀਆਂ ਸੰਸਥਾਵਾਂ ਤੇ ਸਿੱਖ ਗੁਰਧਾਮਾਂ ਦੇ ਪ੍ਰਬੰਧਕ ਵੀ ਵਰਤ ਰਹੇ ਹਨ। ਸੰਨ1969 ਈਸਵੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ 500 ਸਾਲਾ ਜਨਮ ਸ਼ਤਾਬਦੀ ਪਹਿਲੀ ਵਾਰੀ ਬੜੀ ਧੂਮਧਾਮ ਨਾਲ ਮਨਾਈ ਗਈ ਸੀ। ਸਾਰੀਆਂ ਰਾਜਨੀਤਕ ਪਾਰਟੀਆਂ ਤੇ ਦੇਸ਼ ਦੇ ਤਤਕਾਲੀ ਰਾਸ਼ਟਰਪਤੀ ਵੀ।ਵੀ। ਗਿਰੀ ਨੇ ਅਕਾਲੀ ਦਲ ਦੇ ਪ੍ਰਧਾਨ ਸੰਤ ਫਤਿਹ ਸਿੰਘ ਤੇ ਹੋਰ ਆਗੂਆਂ ਨਾਲ ਸਾਂਝੀ ਕੀਤੀ। ਸ੍ਰੀ ਗੁਰੂ ਨਾਨਕ ਦੇਵ ਯੂਨੀ-ਵਰਸਟੀ ਅੰਮ੍ਰਿਤਸਰ ਵੀ ਇਸੇ ਸਮਾਗਮ ਦੀ ਪ੍ਰਾਪਤੀ ਹੈ।

ਫਿਰ ਤਾਂ ਸ਼ਤਾਬਦੀਆਂ ਤੇ ਧਾਰਮਿਕ ਪ੍ਰੋਗਰਾਮ ਕਰਨ ਦੀ ਹੋੜ ਹੀ ਲੱਗ ਗਈ। ਗਿਆਨੀ ਜ਼ੈਲ ਸਿੰਘ ਤਤਕਾਲੀ ਮੁੱਖ ਮੰਤਰੀ ਪੰਜਾਬ ਨੇ 10 ਅਪ੍ਰੈਲ 1973 ਵਿਚ ਗੁਰੂ ਗੋਬਿੰਦ ਸਿੰਘ ਮਾਰਗ ਸ੍ਰੀ ਆਨੰਦਪੁਰ ਸਾਹਿਬ ਤੋਂ ਦਮਦਮਾ ਸਾਹਿਬ ਤਕ ਦਾ ਉਦਘਾਟਨ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਤ 91 ਗੁਰਦੁਆਰਾ ਸਾਹਿਬਾਨ ਨੂੰ ਜੋੜਿਆ ਗਿਆ।

ਅਲੌਕਿਕ ਕੀਰਤਨ ਦਰਬਾਰ ਆਯੋਜਿਤ ਕੀਤੇ ਗਏ ਅਤੇ ਥਾਂ-ਥਾਂ ਨਗਰ ਕੀਰਤਨ ਸਜਾਏ ਗਏ। ਹਰ ਨਾਨਕ ਨਾਮਲੇਵਾ ਨੇ ਸਿਆਸੀ ਸਮੀਕਰਨਾਂ ਤੋਂ ਉੱਪਰ ਉੱਠ ਕੇ ਇਨ੍ਹਾਂ ਵਿਚ ਸ਼ਿਰਕਤ ਕੀਤੀ। ਅਕਾਲੀ ਆਗੂ ਵੀ ਨਾਲ ਲੱਗ ਪ੍ਰਸ਼ਾਦ ਵੰਡਦੇ ਰਹੇ ਪਰ ਅੱਜ ਤਕ ਵੀ ਇਸ ਰੂਟ 'ਤੇ ਬੱਸ ਨਹੀਂ ਚੱਲੀ। ਤਿੰਨ ਸੌ ਸਾਲਾ ਖ਼ਾਲਸਾ ਸਾਜਨਾ ਦਿਵਸ 1999 ਵਿਚ ਮਨਾਇਆ ਗਿਆ ਸੀ। ਕੇਂਦਰ ਸਰਕਾਰ ਨੇ ਖ਼ੂਬ ਪੈਸਾ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 400 ਸਾਲਾ ਸੰਪੂਰਨਤਾ ਦਿਵਸ , ਸ੍ਰੀ ਗੁਰੂ ਅਰਜਨ ਦੇਵ ਜੀ ਦਾ 400 ਸਾਲਾ ਸ਼ਹੀਦੀ ਦਿਵਸ, ਬਾਬਾ ਬੰਦਾ ਸਿੰਘ ਬਹਾਦਰ ਵੱਲੋਂ 300 ਸਾਲਾ ਖ਼ਾਲਸਾ ਰਾਜ ਸਥਾਪਨਾ ਦਿਵਸ ਆਦਿ-ਆਦਿ। ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦੀ 550ਵੀਂ ਅਰਧ ਸ਼ਤਾਬਦੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 350ਵੀਂ ਜਨਮ ਅਰਧ ਸ਼ਤਾਬਦੀਆਂ ਵੀ ਮਨਾਈਆਂ ਗਈਆਂ।

21 ਅਪ੍ਰੈਲ 2022 ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ 400 ਸਾਲਾ ਜਨਮ ਸ਼ਤਾਬਦੀ ਦਿੱਲੀ ਦੇ ਲਾਲ ਕਿਲ੍ਹੇ ਵਿਖੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਿਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 2019 ਵਿਚ ਸਿੱਖ ਕੌਮ ਦੇ ਮਸੀਹਾ ਵਜੋਂ ਕੌਮੀ ਸੇਵਾ ਐਵਾਰਡ ਨਾਲ ਸਨਮਾਨਿਤ ਕੀਤਾ ਸੀ, ਵੱਲੋਂ ਪੂਰੀ ਸ਼ਾਨੋ-ਸ਼ੌਕਤ ਤੇ ਗੁਰ ਮਰਿਆਦਾ ਅਨੁਸਾਰ ਮਨਾਈ ਗਈ। ਦੇਸ਼ ਦੇ ਸਾਰੇ ਸਕੂਲਾਂ ਵਿਚ 18 ਲੱਖ ਬੱਚਿਆਂ ਨੇ ਸ੍ਰੀ ਗੁਰੂ ਤੇਗ ਬਹਾਦਰ 'ਤੇ ਲੇਖ ਲਿਖੇ। ਮੁੰਬਈ ਰਾਜ ਭਵਨ ਸਮੇਤ ਬਹੁਤ ਸਾਰੇ ਸੂਬਿਆਂ ਦੇ ਗਵਰਨਰ ਤੇ ਮੁੱਖ ਮੰਤਰੀ ਸਾਹਿਬਾਨ ਨੇ ਸ੍ਰੀ ਗੁਰੂ ਤੇਗ ਬਹਾਦਰ ਦੀ ਜਨਮ ਸ਼ਤਾਬਦੀ, ਪਾਠ, ਕੀਰਤਨ ਤੇ ਗਿਆਨ ਚਰਚਾ ਕਰ ਕੇ ਮਨਾਈ, 400 ਰੁਪਏ ਦਾ ਸਿੱਕਾ ਤੇ ਡਾਕ ਟਿਕਟ ਵੀ ਜਾਰੀ ਹੋਈ ਅਤੇ 70 ਪ੍ਰਮੁੱਖ ਸਿੱਖ ਧਾਰਮਿਕ, ਰਾਜਨੀਤਕ, ਲੇਖਕ ਤੇ ਸਮਾਜਿਕ ਸ਼ਖ਼ਸੀਅਤਾਂ 'ਤੇ ਆਧਾਰਤ ਇਕ ਕਮੇਟੀ ਵੀ ਬਣਾਈ ਗਈ। ਇਹ ਗੱਲ ਵੱਖਰੀ ਹੈ ਕਿ ਇਨ੍ਹਾਂ 'ਚੋਂ ਬਹੁਤ ਸਾਰਿਆਂ ਨੇ ਕੋਈ ਯੋਗਦਾਨ ਨਹੀਂ ਪਾਇਆ ਬਲਕਿ ਸਮਾਗਮਾਂ ਵਿਚ ਸ਼ਾਮਲ ਹੀ ਨਹੀਂ ਹੋਏ।

ਪੰਜਾਬ ਸਰਕਾਰ ਨੇ ਪਿਛਲੇ ਸਾਲ ਗੁਰਪੁਰਬ ਸਮਾਗਮ ਮਨਾਉਣ ਲਈ 937 ਕਰੋੜ ਰੁਪਏ ਦੀ ਮੰਗ ਕੀਤੀ ਸੀ ਪਰ ਨਾ ਕੋਈ ਸਮਾਗਮ ਹੀ ਕੀਤਾ ਤੇ 1 ਮਈ ਇਸ ਸਮਾਗਮ ਲਈ ਅੰਤਿਮ ਮਿਤੀ ਰੱਖੀ ਸੀ। ਲੱਗਦਾ ਨਹੀਂ ਇਨਕਲਾਬ ਜਿੰਦਾਬਾਦ ਵਾਲਿਆਂ ਦੇ ਦਿਲ ਵਿਚ ਤਿਲਕ-ਜੰਞੂ ਦੇ ਰਾਖੇ ਗੁਰੂ ਲਈ ਪਿਆਰ ਹੈ ਤੇ ਨਾ ਗੁਰੂ ਜੀ ਦੇ ਫ਼ਲਸਫੇ 'ਤੇ ਵਿਸ਼ਵਾਸ ਹੋ ਸਕਦਾ ਹੈ?

1000 ਕਰੋੜ ਰੁਪਏ ਦੇ ਸਾਲਾਨਾ ਬਜਟ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਪਹਿਲੀ ਵਾਰ ਦੇਸ਼ ਦੇ ਕੌਮੀ ਆਗੂਆਂ ਨੂੰ ਨਹੀਂ ਬੁਲਾਇਆ ਤੇ ਆਪ ਵੀ ਧਾਰਮਿਕ ਆਗੂ, ਸਿੰਘ ਸਾਹਿਬਾਨ, ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਦਿੱਲੀ ਦੇ ਲਾਲ ਕਿਲ੍ਹੇ ਦੇ ਸਮਾਗਮਾਂ ਵਿਚ ਸ਼ਾਮਲ ਨਹੀਂ ਹੋਏ। ਬਹੁਤੇ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਕੇ ਮਹਿਲ ਜਨਮ ਅਸਥਾਨ ਤੇ ਮੰਜੀ ਸਾਹਿਬ ਦੇ ਸਮਾਗਮਾਂ ਤੋਂ ਵੀ ਗ਼ੈਰ ਹਾਜ਼ਰ ਰਹੇ। ਦੂਜੀਆਂ ਰਾਜਨੀਤਕ ਪਾਰਟੀਆਂ ਤੇ ਸਰਕਾਰੇ ਦਰਬਾਰੇ ਤੇ ਹੋਰ ਪਾਰਟੀਆਂ ਵਿਚ ਬੈਠੇ ਗੁਰੂ ਕੇ ਸਿੱਖਾਂ ਨੂੰ ਤਾਂ ਕੀ ਬਲਾਉਣਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਗੁਰੂ ਨਾਨਕ ਦੀ ਉਪਮਾ ਤਿਲਕ-ਜੰਞੂ ਦਾ ਰਾਖਾ ਪ੍ਰਭਿ ਅੰਕਿਤ ਕਰ ਕੇ ਕੀਤੀ ਹੈ। ਤਿਲਕ-ਜੰਞੂ ਧਾਰਨ ਕਰਨ ਵਾਲੇ ਹਿੰਦੂ ਸਮਾਜ ਦੇ ਲੋਕ ਤਾਂ ਅੱਜ ਵੀ ਗੁਰੂ ਜੀ ਦੀ ਉਪਮਾ ਕਰਦੇ ਹਨ ਪਰ ਆਪਣੇ-ਆਪ ਨੂੰ ਗੁਰੂ ਕੇ ਸਿੱਖ ਅਖਵਾਉਣ ਵਾਲੇ ਗੁਰੂ ਤੋਂ ਹੀ ਪਿੱਛੇ ਹੱਟਦੇ ਨਜ਼ਰ ਆਏ।

ਸਭ ਤੋਂ ਵੱਡਾ ਸਮਾਗਮ ਤਾਂ ਹਰਿਆਣਾ ਸਰਕਾਰ ਨੇ ਪਾਨੀਪਤ ਵਿਚ ਕੀਤਾ ਜਿੱਥੇ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਸ਼ਾਮਲ ਹੋਏ। ਯਮੁਨਾਨਗਰ ਦੇ ਮੈਡੀਕਲ ਕਾਲਜ ਦਾ ਨਾਂ ਗੁਰੂ ਜੀ ਦੇ ਨਾਂ 'ਤੇ ਰੱਖਣ ਦਾ ਫ਼ੈਸਲਾ ਕੀਤਾ, ਪਾਨੀਪਤ ਦੇ ਪਾਰਕ ਤੇ ਸੜਕਾਂ ਦੇ ਨਾਂ ਵੀ ਗੁਰੂ ਤੇਗ ਬਹਾਦਰ ਜੀ ਦੇ ਨਾਂ 'ਤੇ ਰੱਖੇ ਗਏ।

ਹਰ ਸਮਾਗਮ ਸਮੇਂ ਗੁਰੂ ਫ਼ਲਸਫੇ ਤੇ ਇਤਿਹਾਸ 'ਤੇ ਆਧਾਰਤ ਪੁਸਤਕਾਂ ਦੀ ਘੁੰਡ ਚੁਕਾਈ ਵੀ ਕੀਤੀ ਗਈ। ਇਸ ਤਰ੍ਹਾਂ ਭਾਰਤ ਸਰਕਾਰ, ਹਰਿਆਣਾ, ਮਹਾਰਾਸ਼ਟਰ, ਉੱਤਰ ਪ੍ਰਦੇਸ਼, ਉੱਤਰਾਖੰਡ ਤੇ ਮੱਧ ਪ੍ਰਦੇਸ਼ ਦੀਆਂ ਸਰਕਾਰਾਂ ਗੁਰੂ ਜੀ ਦੇ ਜਨਮ ਸ਼ਤਾਬਦੀ ਸਮਾਗਮ ਮਨਾ ਚੁੱਕੀਆਂ ਹਨ ਜਾਂ ਅਜੇ ਵੀ ਯਤਨਸ਼ੀਲ ਹਨ ਪਰ ਪੰਜਾਬ ਵਿਚ ਅਜਿਹਾ ਉਪਰਾਲਾ ਰਾਜ ਪੱਧਰ 'ਤੇ ਕੇਵਲ ਇਕ ਸਿਆਸੀ ਪਾਰਟੀ ਤੋਂ ਇਲਾਵਾ ਕਿਸੇ ਸਿਆਸੀ ਪਾਰਟੀ ਤੇ ਸਮਾਜਿਕ ਸੰਸਥਾ ਵੱਲੋਂ ਨਜ਼ਰ ਨਹੀਂ ਆਇਆ।

ਗੁਰੂ ਸਾਹਿਬਾਨ ਦਾ ਫ਼ਲਸਫਾ ਤੇ ਇਤਿਹਾਸ, ਵਿਸ਼ਵ ਸ਼ਾਂਤੀ, ਧਾਰਮਿਕ ਸਹਿਣਸ਼ੀਲਤਾ ਤੇ ਦੂਜੇ ਧਰਮਾਂ ਤੇ ਧਰਮ ਚਿੰਨ੍ਹਾਂ ਦੇ ਸਤਿਕਾਰ ਦਾ ਚਾਨਣ-ਮੁਨਾਰਾ ਹਨ ਜਿਸ ਦਾ ਪ੍ਰਚਾਰ-ਪ੍ਰਸਾਰ ਵਿਸ਼ਵ ਪੱਧਰ 'ਤੇ ਹੋਣਾ ਚਾਹੀਦਾ ਹੈ ਜਿਸ ਲਈ ਉਪਰਾਲਾ ਕਰਨਾ ਬਣਦਾ ਹੈ।

ਵਿਸ਼ਵ ਭਰ ਵਿਚ ਵਸਦੇ ਸਿੱਖ ਕਈ ਸਮੱਸਿਆਵਾਂ ਨਾਲ ਦੋ-ਚਾਰ ਹਨ ਤੇ ਉਨ੍ਹਾਂ ਲਈ ਜ਼ਿੰਮੇਵਾਰ ਰਾਜਨੀਤਕ ਧਿਰਾਂ ਤੇ ਆਗੂਆਂ ਦੇ ਹੱਥਾਂ ਵਿਚ ਅੱਜ ਵੀ ਖੇਡ ਰਹੇ ਹਨ। ਦੋਸਤ ਤੇ ਵਿਰੋਧੀ ਵਿਚ ਪਛਾਣ ਕਰਨ ਤੇ ਸਮੱਸਿਆ ਦੇ ਹੱਲ ਲਈ ਗੁਰੂ ਹੁਕਮ ਅਨੁਸਾਰ ਸੰਵਾਦ ਰਚਾਉਣਾ ਲੋੜੀਂਦਾ ਹੈ।

# ਪੰਜਾਬ ਦੇ ਅਨੁਕੂਲ ਨਵਾਂ ਮਾਡਲ ਅਖਤਿਆਰ ਕਰਨ ਦੀ ਲੋੜ

ਪੰਜਾਬ ਦੇ ਸਿਆਸੀ ਸਮੀਕਰਨ ਬਦਲਣ ਨਾਲ ਨਵੀਆਂ ਸੰਭਾਵਨਾਵਾਂ ਤੇ ਚੁਣੌਤੀਆਂ ਦਰਪੇਸ਼ ਹਨ। ਪੰਜਾਬ ਦੀ ਜਨਤਾ ਨੇ ਰਵਾਇਤੀ ਸਿਆਸਤ ਦਾ ਬਦਲ ਨਵੀਂ ਸੋਚ ਦਾ ਦਾਅਵਾ ਰੱਖਦੀ ਨੌਜਵਾਨੀ ਆਧਾਰਿਤ ਆਮ ਆਦਮੀ ਪਾਰਟੀ ਨੂੰ ਵਾਗਡੋਰ ਸੌਂਪੀ ਹੈ। ਪੰਜਾਬ ਪਿਛਲੇ ਚਾਰ ਦਹਾਕਿਆਂ ਤੋਂ



ਸਮਾਜਿਕ, ਆਰਥਿਕ ਤੇ ਰਾਜਨੀਤਕ ਪ੍ਰਣਾਲੀ 'ਚ ਗਿਰਾਵਟ ਕਾਰਨ ਬਹੁਤ ਨਾਜ਼ੁਕ ਮੋੜ 'ਤੇ ਖੜ੍ਹਾ ਹੈ, ਜਿਸ ਨੂੰ ਸਮਾਜਿਕ, ਭੂਗੋਲਿਕ, ਆਰਥਿਕ ਹਾਲਤ 'ਤੇ ਆਧਾਰਿਤ ਸਥਾਈ ਇਲਾਜ ਦੀ ਲੋੜ ਹੈ। ਪੰਜਾਬ ਦੀਆਂ ਜ਼ਮੀਨੀ ਹਕੀਕਤਾਂ ਤੇ ਮੁੱਦਿਆਂ ਤੋਂ ਬੇ-ਵਾਸਤਾ ਪਿਛਲੀਆਂ ਸਰਕਾਰਾਂ ਵੱਲੋਂ ਪੰਜਾਬ ਦੀ ਪੀੜਾ ਸਮਝਣ ਤੇ ਸੁਲਝਾਉਣ ਲਈ ਸੁਯੋਗ ਢੰਗ ਨਾਲ ਉਪਰਾਲੇ ਨਹੀਂ ਕੀਤੇ ਗਏ। ਸੌੜੀ ਸੋਚ ਵਾਲੀ ਤੇ ਨਾਇਕ ਵਿਹੂਣੀ ਰਾਜਨੀਤੀ ਨੇ ਪੰਜਾਬ ਨੂੰ ਆਰਥਿਕ, ਰਾਜਨੀਤਕ, ਸੱਭਿਆਚਾਰਕ, ਸਮਾਜਿਕ, ਨੈਤਿਕ ਤੇ ਬੌਧਿਕ ਪੱਖੋਂ ਖੋਖਲਾ ਕਰ ਦਿੱਤਾ ਹੈ। ਲੋਕਾਂ ਨੇ ਸੁਸ਼ਾਸਨ, ਸਿਹਤ, ਸਿੱਖਿਆ ਤੇ ਪੇਟ ਨਾਲ ਜੁੜੇ ਅਹਿਮ ਤੇ ਗੰਭੀਰ ਮਸਲਿਆਂ ਦੇ ਹੱਲ ਲਈ 'ਆਪ' ਨੂੰ ਰਾਜਨੀਤਕ ਧਰਾਤਲ ਪ੍ਰਦਾਨ ਕੀਤਾ ਹੈ।

ਵਰਤਮਾਨ 'ਚ ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਪਰਵਾਸ, ਨਸ਼ਾਖੋਰੀ ਤੇ ਏਜੰਟ ਆਧਾਰਿਤ ਸਰਕਾਰੀ ਤੰਤਰ ਆਦਿ ਅਲਾਮਤਾਂ ਪੰਜਾਬ ਦੇ ਸਨਮੁੱਖ ਹਨ। ਸੂਬੇ ਪ੍ਰਤੀ ਆਪਣੇ ਫ਼ਰਜ਼ਾਂ ਤੇ ਜ਼ਿੰਮੇਵਾਰੀਆਂ ਨੂੰ ਇਮਾਨਦਾਰੀ ਨਾਲ ਨਿਭਾਉਣ ਲਈ ਮੌਜੂਦਾ ਸਰਕਾਰ ਨੂੰ ਆਪਣੀ ਨੀਤੀ ਤੇ ਨੀਅਤ ਸਪੱਸ਼ਟ ਰੱਖਣੀ ਪਵੇਗੀ। ਪੰਜਾਬ ਦੀ ਵਿਡੰਬਣਾ ਹੈ ਕਿ ਸਮੇਂ ਦੀਆਂ ਸਰਕਾਰਾਂ ਦੀ ਅਸੰਵੇਦਨਸ਼ੀਲਤਾ ਕਰਕੇ ਇਸ ਸੂਬੇ ਨੂੰ ਕਦੇ ਵੀ ਕੇਂਦਰ ਤੋਂ ਆਪਣੇ ਬਣਦੇ ਹੱਕ ਨਹੀਂ ਮਿਲੇ। ਪੰਜਾਬ ਦੀ ਤ੍ਰਾਸਦੀ ਹੈ ਕਿ ਰਾਜਨੇਤਾ ਪੰਜਾਬ ਦੇ ਵਿਕਾਸ ਤੇ ਖ਼ੁਸ਼ਹਾਲੀ ਦੇ ਮਸਲਿਆਂ ਨੂੰ ਪਿਛਾਂਹ ਰੱਖ ਕੇ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਕਰਦੇ ਰਹੇ ਹਨ।

ਹਾਲ ਹੀ 'ਚ ਨਵੀਂ ਸਰਕਾਰ ਨੇ ਰਾਜ ਸਭਾ ਲਈ ਆਪਣੇ ਪੰਜ ਨੁਮਾਇੰਦੇ ਭੇਜੇ ਹਨ। ਪੰਜਾਬ ਦੇ ਹਿੱਤਾਂ ਲਈ ਆਵਾਜ਼ ਉਠਾਉਣ ਸਬੰਧੀ ਇਨ੍ਹਾਂ ਮੈਂਬਰਾਂ ਉੱਪਰ ਹਾਲ ਦੀ ਘੜੀ ਪ੍ਰਸ਼ਨ ਚਿੰਨ੍ਹ ਹੈ। ਕੇਜਰੀਵਾਲ ਸਰਕਾਰ ਦਿੱਲੀ 'ਚ ਹਰ ਅਹਿਮ ਫ਼ੈਸਲਾ ਲੈਣ ਤੋਂ ਪਹਿਲਾਂ ਰਾਮ ਲੀਲ੍ਹਾ ਮੈਦਾਨ ਤੇ ਹੋਰ ਜਨਤਕ ਥਾਵਾਂ ਉੱਪਰ ਭਾਰੀ ਇਕੱਠ ਕਰ ਕੇ ਲੋਕਾਂ ਦੀ ਸਹਿਮਤੀ ਲੈਂਦੀ ਆਈ ਹੈ। ਪੰਜਾਬ ਦਾ ਮੁੱਖ ਮੰਤਰੀ ਚਿਹਰਾ ਐਲਾਨਣ ਤੋਂ ਪਹਿਲਾਂ ਵੀ ਲੋਕ ਰਾਇ ਸਬੰਧੀ ਸਰਵੇ ਕੀਤੇ ਗਏ ਪਰ ਪੰਜਾਬ 'ਚ ਸਰਕਾਰ ਬਣਦਿਆਂ ਹੀ ਰਾਜ ਸਭਾ ਦੇ ਮੈਂਬਰਾਂ ਦੀ ਚੋਣ ਜਿਹੇ ਅਹਿਮ ਮੁੱਦੇ ਸਮੇਂ ਅਜਿਹਾ ਨਹੀਂ ਕੀਤਾ ਗਿਆ। ਸੂਬੇ ਦੀ ਰੀੜ੍ਹ ਦੀ ਹੱਡੀ ਕਿਰਸਾਨੀ ਤੇ ਪੰਜਾਬ ਦੇ ਬੁਨਿਆਦੀ ਮਸਲਿਆਂ ਦੀ ਆਵਾਜ਼ ਉਠਾਉਣ ਲਈ ਬਿਹਤਰ ਸੀ ਕਿ ਰਾਜ ਸਭਾ ਦੀ ਨੁਮਾਇੰਦਗੀ ਪੰਜਾਬ ਦੀ ਕੌਮੀ ਵਿਰਾਸਤ ਦੀ ਸੂਝ ਰੱਖਣ ਵਾਲੇ ਬੋਲਣਯੋਗ ਦਾਨਿਸ਼ਵਰ ਹੀ ਕਰਦੇ।

**ਪ੍ਰਿੰ. ਹੇਮਜੀਤ ਸਿੰਘ**

ਸਰਕਾਰ ਨੂੰ ਇਹ ਸਮਝਣਾ ਪਵੇਗਾ ਕਿ ਜੋ ਮਸਲੇ ਪੰਜਾਬੀ ਸਮਾਜ ਨਾਲ ਜੁੜੇ ਹੋਏ ਹਨ, ਉਨ੍ਹਾਂ ਦਾ ਹੱਲ ਪੰਜਾਬ ਤੋਂ ਬਾਹਰ ਦੇਸ਼ ਦੀ ਰਾਜਧਾਨੀ 'ਚ ਨਹੀਂ ਕੱਢਿਆ ਜਾ ਸਕਦਾ। ਸਮਾਜ ਦੀ ਭਲਾਈ ਤੇ ਤਰੱਕੀ ਲਈ ਸੰਵੇਦਨਾਤਮਿਕ ਤੇ ਗੰਭੀਰ ਹੋ ਕੇ ਵਿਚਾਰ ਮੰਥਨ ਕਰਨ ਦੀ ਲੋੜ ਹੈ ਕਿ ਕਾਰਪੋਰੇਟ ਮਾਡਲ ਨਾਲ ਲੋੜੋਂ ਵੱਧ ਮੋਹ ਪੰਜਾਬ ਲਈ ਘਾਤਕ ਹੈ। ਸਮਾਜ ਦੀ ਬਿਹਤਰੀ ਲਈ ਹਰ ਵਿਅਕਤੀ ਵਿਸ਼ੇਸ਼ ਦਾ ਅਹਿਮ ਯੋਗਦਾਨ ਹੁੰਦਾ ਹੈ ਤੇ ਸਰਕਾਰ ਲੋਕ ਸ਼ਕਤੀ ਨਾਲ ਮਿਲ ਕੇ ਹੀ ਪੰਜਾਬ ਨੂੰ ਬਹੁਪੱਖੀ ਬਦਹਾਲੀ 'ਚੋਂ ਕੱਢ ਸਕਦੀ ਹੈ।

ਪੰਜਾਬ ਸਰਕਾਰ ਲਈ ਸਭ ਤੋਂ ਵੱਡਾ ਮੁੱਦਾ ਭ੍ਰਿਸ਼ਟਾਚਾਰ ਦਾ ਹੈ, ਜਿਸ ਨੂੰ ਠੱਲ੍ਹ ਪਾਉਣ ਲਈ ਮੁੱਖ ਮੰਤਰੀ ਵੱਲੋਂ ਹੈਲਪ ਲਾਈਨ ਜਾਰੀ ਕੀਤੀ ਗਈ ਹੈ। ਸਵਾਲ ਇਹ ਹੈ ਕਿ ਸਰਕਾਰ ਇਸ ਮਸਲੇ ਪ੍ਰਤੀ ਦ੍ਰਿੜ੍ਹ ਫ਼ੈਸਲਾ ਲੈਣ ਲਈ ਆਪਣੀ ਕਿੰਨੀ ਸਮਰੱਥਾ ਜ਼ਾਹਿਰ ਕਰਦੀ ਹੈ? ਭ੍ਰਿਸ਼ਟ ਅਫ਼ਸਰਸ਼ਾਹੀ ਨੂੰ ਨਕੇਲ ਪਾ ਕੇ ਹੀ ਏਜੰਟ-ਅਫਸਰ ਗਠਜੋੜ ਨੇਸਤੋ-ਨਾਬੂਦ ਕੀਤਾ ਜਾ ਸਕਦਾ ਹੈ। ਇਮਾਨਦਾਰ ਤੇ ਡਿਊਟੀ ਪਾਬੰਦ ਮੁਲਾਜ਼ਮਾਂ ਦਾ ਬਣਦਾ ਮਾਣ-ਸਤਿਕਾਰ ਸੂਬੇ ਦੀ ਅਫ਼ਸਰਸ਼ਾਹੀ ਨੂੰ ਦੇਣਾ ਪਵੇਗਾ।

ਪੇ-ਕਮਿਸ਼ਨ ਦੇ ਨਾਂ ਹੇਠ ਮੁਲਾਜ਼ਮਾਂ ਨਾਲ ਹੋਈ ਧੱਕੇਸ਼ਾਹੀ ਪੰਜਾਬ ਦੇ ਅਤਿਅੰਤ ਪੱਛੜੇਪਣ ਦੀ ਨਿਸ਼ਾਨਦੇਹੀ ਕਰਦੀ ਹੈ। ਕਾਲਜਾਂ ਤੇ ਯੂਨੀਵਰਸਿਟੀਆਂ 'ਚ ਪੜ੍ਹਾਉਂਦੇ ਪ੍ਰੋਫੈਸਰਾਂ ਨੂੰ ਸਕੇਲ ਦੇਣਾ ਤਾਂ ਦੂਰ ਸਗੋਂ ਯੂਜੀਸੀ ਤੋਂ ਵੱਖ (ਡੀ-ਲਿੰਕ) ਕਰ ਕੇ ਸਰਕਾਰ ਵੱਲੋਂ ਉਚੇਰੀ ਸਿੱਖਿਆ ਦੀ ਕਬਰ ਪੁੱਟ ਕੇ ਬੌਧਿਕ ਕੰਗਾਲੀ ਦਾ ਜਨਾਜ਼ਾ ਕੱਢਿਆ ਜਾ ਰਿਹਾ ਹੈ। ਬੁੱਧੀਜੀਵੀ ਵਰਗ ਤੇ ਚਿੰਤਕਾਂ ਨਾਲ ਹੋਏ ਇਸ ਕੋਝੇ ਮਜ਼ਾਕ ਨਾਲ ਪੰਜਾਬੀ ਸੱਭਿਅਤਾ ਦਾ ਹਸ਼ਰ ਸਿੰਧੂ ਘਾਟੀ ਦੀ ਸੱਭਿਅਤਾ ਜਿਹਾ ਹੋਣ ਤੋਂ ਬਚਾਉਣਾ ਲਾਜ਼ਮੀ ਹੈ। ਇਸੇ ਤਰ੍ਹਾਂ ਦਫ਼ਤਰਾਂ 'ਚ ਕੰਮਕਾਜ ਦੀ ਗੁਣਵੱਤਾ ਵਧਾਉਣ ਲਈ ਮਿਆਰੀ ਉਪਰੇਟਿੰਗ ਵਿਧੀਆਂ ਤਿਆਰ ਕੀਤੀਆਂ ਜਾਣ।

ਜਿੱਤ ਦਾ ਐਲਾਨ ਹੁੰਦਿਆਂ ਹੀ ਮੁੱਖ ਮੰਤਰੀ ਵੱਲੋਂ ਹਰ ਸਰਕਾਰੀ ਦਫ਼ਤਰ 'ਚ ਸਿਰਫ਼ ਸ਼ਹੀਦ ਭਗਤ ਸਿੰਘ ਤੇ ਡਾ। ਭੀਮ ਰਾਓ ਅੰਬੇਡਕਰ ਦੀਆਂ ਤਸਵੀਰਾਂ ਲਾਉਣ ਦਾ ਫ਼ੈਸਲਾ ਬੜਾ ਸ਼ਲਾਘਾਯੋਗ ਹੈ। ਇਸੇ ਤਰ੍ਹਾਂ ਵਿਧਾਇਕਾਂ ਦੀ ਕੇਵਲ ਇਕ ਪੈਨਸ਼ਨ ਸਕੀਮ ਵੀ ਪੰਜਾਬ ਦੇ ਹਿੱਤ 'ਚ ਹੈ ਪਰ ਸਿਸਟਮ ਦੀਆਂ ਚੋਰ ਮੋਰੀਆਂ ਨੇ ਸਮਾਜ 'ਚੋਂ ਨਿਆਂ ਤੇ ਸੱਚ ਦੇ ਸਿਧਾਂਤ ਖ਼ਾਰਜ ਕਰ ਦਿੱਤੇ ਹਨ, ਜਿਸ ਦੀ ਮਿਸਾਲ ਮਹਿਜ਼ 12 ਦਿਨਾਂ 'ਚ ਕਾਲਜ ਕੇਡਰ ਦੇ 1158 ਸਹਾਇਕ ਪ੍ਰੋਫੈਸਰਾਂ ਦੀ ਭਰਤੀ ਦੀ ਪ੍ਰਕਿਰਿਆ ਹੈ। ਇਸ ਭਰਤੀ 'ਚ ਹੋਈਆਂ ਧਾਂਦਲੀਆਂ ਖ਼ਿਲਾਫ਼ ਦੋ ਸੌ ਦੇ ਕਰੀਬ ਕੇਸ ਉੱਚ ਅਦਾਲਤ 'ਚ ਚੱਲ ਰਹੇ ਹਨ ਪਰ ਇਸ ਭਰਤੀ 'ਚ ਰਿਕਾਰਡ ਸੀਲ ਕਰ ਦੇਣ ਦੇ ਬਾਵਜੂਦ ਸਮੇਂ ਦੀ ਸਰਕਾਰ ਵੱਲੋਂ ਸਹਾਇਕ ਪ੍ਰੋਫੈਸਰ ਰਾਤੋ-ਰਾਤ ਭਰਤੀ ਕਰ ਕੇ ਜੁਆਇਨ ਕਰਵਾਏ ਗਏ। ਇਸ ਸਾਰੇ ਗੋਰਖਧੰਦੇ 'ਚ ਕੰਟੈਂਪਟ ਆਫ ਕੋਰਟ ਤੇ ਚੋਣ ਕਮਿਸ਼ਨ ਦੇ ਕੋਡ ਆਫ ਕੰਡਕਟ ਨੂੰ ਹੀ ਨਹੀਂ ਸਗੋਂ ਡਾ। ਅੰਬੇਡਕਰ ਵੱਲੋਂ ਸਿਰਜੇ ਸੰਵਿਧਾਨ ਨੂੰ ਵੀ ਟਿੱਚ ਸਮਝਿਆ ਗਿਆ। ਸਿੱਖਿਆ ਮਾਫ਼ੀਆ ਖ਼ਤਮ ਕਰ ਕੇ ਕਾਲਜਾਂ 'ਚ ਖ਼ਾਲੀ ਪਈਆਂ ਅਧਿਆਪਕਾਂ ਦੀਆਂ ਅਸਾਮੀਆਂ ਸਰਕਾਰ ਨੂੰ ਸਪੱਸ਼ਟ ਨੀਤੀ ਬਣਾ ਕੇ ਤੇ ਸਾਫ਼ ਨੀਅਤ ਨਾਲ ਪੰਜਾਬ ਲੋਕ ਸੇਵਾ ਕਮਿਸ਼ਨ ਰਾਹੀਂ ਭਰਨੀਆਂ ਚਾਹੀਦੀਆਂ ਹਨ।

ਸਿਆਸੀ ਲੋਕਾਂ ਦੇ ਦੋਗਲੇ ਮਾਪਦੰਡਾਂ ਕਾਰਨ ਉਪਜੀ ਰਿਸ਼ਵਤਖੋਰੀ, ਚੋਰਬਾਜ਼ਾਰੀ, ਬੇਰੁਜ਼ਗਾਰੀ, ਤਸਕਰੀ ਤੇ ਭ੍ਰਿਸ਼ਟਾਚਾਰ ਨੇ ਨੌਜਵਾਨਾਂ ਨੂੰ ਨਸ਼ਿਆਂ ਦੇ ਰਾਹ ਪਾ ਦਿੱਤਾ।

**(ਬਾਕੀ ਅਗਲੇ ਸਫੇ 'ਤੇ)**

# ਜਮਰੌਦ ਫ਼ਤਿਹ ਕਰਨ ਵਾਲਾ ਮਹਾਨ ਜੰਗੀ ਜਰਨੈਲ ਹਰੀ ਸਿੰਘ ਨਲਵਾ

ਅਵਤਾਰ ਸਿੰਘ ਆਨੰਦ

ਜੇਕਰ ਮਹਾਨ ਜੰਗੀ ਜਰਨੈਲਾਂ 'ਤੇ ਪੰਛੀ ਝਾਤ ਮਾਰੀ ਜਾਵੇ ਤਾਂ ਇਨ੍ਹਾਂ 'ਚ ਫਰੈਡਰਿਕ ਮਹਾਨ, ਯੂਲਿਸਸ ਐਸ। ਗ੍ਰਾਂਟ, ਹੈਨੀਬਲ ਬਾਰਕਾ, ਖਾਲਿਦ ਇਬਨ ਅਲ-ਵਾਲਿਦ, ਆਰਥਰ ਵੈਲੇਸਲੀ, ਨੈਪੋਲੀਅਨ ਬੋਨਾਪਾਰਟ ਅਤੇ ਹਰੀ ਸਿੰਘ ਨਲਵਾ ਸ਼ੁਮਾਰ ਹਨ। ਇਹ ਉਹ ਮਹਾਨ ਜਰਨੈਲ ਹਨ ਜਿਨ੍ਹਾਂ ਨੇ ਆਪਣੇ ਦਮ 'ਤੇ ਮੈਦਾਨ-ਏ-ਜੰਗ ਦਾ ਨਕਸ਼ਾ ਹੀ ਬਦਲ ਦਿੱਤਾ ਸੀ। ਸਰਦਾਰ ਨਲਵਾ ਦਾ ਜਨਮ 1791 ਵਿਚ ਸ਼ੁਕਰਚੱਕੀਆ ਮਿਸਲ ਦੇ ਫ਼ੌਜਦਾਰ ਸਰਦਾਰ ਗੁਰਦਿਆਲ ਸਿੰਘ ਉਪਲ ਦੇ ਘਰ ਪਾਕਿਸਤਾਨ ਦੇ ਗੁਜਰਾਂਵਾਲਾ ਵਿਚ ਹੋਇਆ ਸੀ।

ਉਨ੍ਹਾਂ ਦੇ ਦਾਦਾ ਸਰਦਾਰ ਹਰਦਾਸ ਸਿੰਘ 1762 ਵਿਚ ਅਹਿਮਦ ਸ਼ਾਹ ਅਬਦਾਲੀ ਨਾਲ ਲੜਦੇ ਹੋਏ ਸ਼ਹੀਦ ਹੋਏ ਸਨ। ਇਨ੍ਹਾਂ ਦੇ ਪਿਤਾ ਗੁਰਦਿਆਲ ਸਿੰਘ ਨੇ ਵੀ ਸ਼ੁਕਰਚੱਕੀਆ ਦੀਆਂ ਕਈ ਮੁਹਿੰਮਾਂ ਵਿਚ ਚੜ੍ਹਤ ਸਿੰਘ ਅਤੇ ਮਹਾ ਸਿੰਘ ਦੇ ਨਾਲ ਹਿੱਸਾ ਲਿਆ ਸੀ। ਹਰੀ ਸਿੰਘ ਅਜੇ ਸੱਤ ਸਾਲ ਦੇ ਹੀ ਸਨ ਕਿ ਪਿਤਾ ਜੀ ਕਿਸੇ ਬਿਮਾਰੀ ਕਾਰਨ ਚਲਾਣਾ ਕਰ ਗਏ। ਇਸ ਤੋਂ ਬਾਅਦ ਆਪ ਦਾ ਪਾਲਣ-ਪੋਸ਼ਣ ਉਨ੍ਹਾਂ ਦੇ ਮਾਮਾ ਜੀ ਨੇ ਕੀਤਾ।

ਆਪ ਦੇ ਮਾਮਾ ਜੀ ਨੇ ਆਪ ਨੂੰ ਸ਼ਸਤਰ ਵਿੱਦਿਆ, ਤਲਵਾਰਬਾਜ਼ੀ, ਤੀਰਅੰਦਾਜ਼ੀ, ਨੇਜ਼ੇਬਾਜ਼ੀ ਅਤੇ ਘੋੜ ਸਵਾਰੀ ਆਦਿ ਕਰਤੱਵਾਂ ਵਿਚ ਨਿਪੁੰਨ ਕਰਵਾ ਦਿੱਤਾ। ਸੰਨ 1805 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਦਰਬਾਰ ਲਗਾਇਆ ਹੋਇਆ ਸੀ ਜਿਥੇ ਨੌਜਵਾਨ ਖ਼ਾਲਸਾ ਫ਼ੌਜ ਵਿਚ ਭਰਤੀ ਹੋਣ ਲਈ ਆਪਣੇ ਕਰਤੱਵ ਦਿਖਾ ਰਹੇ ਸਨ। ਹਰੀ ਸਿੰਘ ਨੇ ਆਪਣੀ ਜੰਗੀ ਸ਼ਸਤਰ ਵਿੱਦਿਆ ਦੇ ਅਦਭੁੱਤ ਜੌਹਰ ਦਿਖਾਏ ਜਿਸ ਤੋਂ ਪ੍ਰਭਾਵਿਤ ਹੋ ਕੇ ਮਹਾਰਾਜੇ ਨੇ ਹਰੀ ਸਿੰਘ ਨੂੰ ਆਪਣਾ ਨਿੱਜੀ ਸੇਵਾਦਾਰ ਰੱਖ ਲਿਆ। 'ਦਿ ਵੈਲੀ ਆਨ ਕਸ਼ਮੀਰ ਦੇ ਲੇਖਕ ਸਰ ਵਾਲਟਰ ਲਾਰੰਸ ਲਿਖਦਾ ਹੈ ਕਿ ਮਹਾਰਾਜਾ ਇਕ ਦਿਨ ਆਪਣੇ ਸੈਨਿਕਾਂ ਨਾਲ ਸ਼ਿਕਾਰ ਖੇਡਣ ਗਏ ਸਨ। ਜੰਗਲ ਵਿਚ ਸ਼ੇਰ ਨੇ ਅਚਾਨਕ ਟੁਕੜੀ 'ਤੇ ਹਮਲਾ ਕਰ ਦਿੱਤਾ। ਹਰੀ ਸਿੰਘ ਨਲਵਾ ਸ਼ੇਰ ਨਾਲ ਗੁੱਥਮ-ਗੁੱਥਾ ਹੋ ਗਿਆ ਅਤੇ ਸ਼ੇਰ ਨੂੰ ਮੂਧੜੇ ਮੂੰਹ ਸੁੱਟ ਦਿੱਤਾ। ਉਸ ਦੇ ਸੰਭਲਣ ਤੋਂ ਪਹਿਲਾਂ ਹੀ ਆਪ ਨੇ ਅਜਿਹਾ ਵਾਰ ਕੀਤਾ ਕਿ ਸ਼ੇਰ ਦੀ ਗਰਦਨ ਧੜ ਨਾਲੋਂ ਵੱਖ ਕਰ ਕੇ ਰੱਖ ਦਿੱਤੀ। ਇਹ ਦੇਖ ਕੇ ਮਹਾਰਾਜਾ ਹੈਰਾਨ ਰਹਿ ਗਿਆ। ਉਸ ਨੇ ਹਰੀ ਸਿੰਘ ਨੂੰ 'ਨਲਵਾ' ਦੀ ਉਪਾਧੀ ਨਾਲ ਸਨਮਾਨਿਆ।

ਸੰਨ 1807 ਵਿਚ ਮਹਾਰਾਜਾ ਰਣਜੀਤ ਸਿੰਘ 'ਤੇ ਜਦੋਂ ਕਸੂਰ ਸ਼ਹਿਰ ਨੇੜੇ ਹਮਲਾ ਹੁੰਦਾ ਹੈ ਉਦੋਂ ਹਰੀ ਸਿੰਘ ਨਲਵਾ ਨੇ ਆਪਣੀ ਬਹਾਦਰੀ ਦਿਖਾਈ ਤਾਂ ਉਸ ਨੂੰ ਇਨਾਮ ਵਜੋਂ ਚੋਖੀ ਜਾਗੀਰ ਦਿੱਤੀ ਗਈ। ਇਸ ਨੇ 1809-10 ਵਿਚ ਸਿਆਲਕੋਟ, ਸਾਹੀਵਾਲ ਅਤੇ ਖ਼ੁਸ਼ਾਬ ਦੀਆਂ ਮੁਹਿੰਮਾਂ ਵਿਚ ਅਤੇ ਰਣਜੀਤ ਸਿੰਘ ਦੀਆਂ ਮੁਲਤਾਨ ਖ਼ਿਲਾਫ਼ ਸੱਤ ਮੁਹਿੰਮਾਂ 'ਚੋਂ ਚਾਰ (1810, 1816, 1817 ਅਤੇ 1818) ਵਿਚ ਹਿੱਸਾ ਲਿਆ। ਉਹ ਆਪਣੇ ਬੇਮਿਸਾਲ ਤੇ ਅਦੁੱਤੀ ਗੁਣਾਂ ਕਾਰਨ ਨਾ ਕੇਵਲ ਖ਼ਾਲਸਾ ਫ਼ੌਜ ਦੇ ਕਮਾਂਡਰ ਇਨ ਚੀਫ ਦੇ ਮਹਾਨ ਉੱਚੇ ਅਹੁਦੇ 'ਤੇ ਪਹੁੰਚੇ ਸਗੋਂ ਕਸ਼ਮੀਰ, ਹਜ਼ਾਰਾ ਅਤੇ ਪਿਸ਼ਾਵਰ ਦੇ ਕਾਮਯਾਬ ਗਵਰਨਰ ਵੀ ਬਣੇ।

ਸੰਨ 1820 ਵਿਚ ਕਸ਼ਮੀਰ 'ਤੇ ਕਬਜ਼ਾ ਕਰਨ ਪਿਛੋਂ ਹਰੀ ਸਿੰਘ ਨੂੰ ਰਾਜਪਾਲ ਥਾਪਿਆ ਗਿਆ ਸੀ। ਉਨ੍ਹਾਂ ਨੇ ਗੜਬੜੀ ਵਾਲੇ ਇਲਾਕਿਆਂ ਵਿਚ ਸ਼ਾਂਤੀ ਕਾਇਮ ਕਰ ਦਿੱਤੀ



ਅਤੇ ਸਰਕਾਰੀ ਪ੍ਰਸ਼ਾਸਨ ਦਾ ਪੁਨਰਗਠਨ ਕੀਤਾ। ਸਰਦਾਰ ਹਰੀ ਸਿੰਘ ਨਲਵਾ ਦਾ ਪ੍ਰਤਾਪ ਐਨਾ ਸੀ ਕਿ ਮਹਾਰਾਜਾ ਰਣਜੀਤ ਸਿੰਘ ਜਿਸ ਵੀ ਜੰਗੀ ਮੁਹਿੰਮ ਲਈ ਉਨ੍ਹਾਂ ਨੂੰ ਭੇਜਦਾ ਸੀ ਉਹ ਮੈਦਾਨ ਫਤਿਹ ਨਾ ਹੋਵੇ, ਇਹ ਹੋ ਨਹੀਂ ਸੀ ਸਕਦਾ। ਮਹਾਰਾਜਾ ਰਣਜੀਤ ਸਿੰਘ ਵੱਲੋਂ ਹਰੀ ਸਿੰਘ ਨੂੰ ਇਕ ਖ਼ਾਸ ਰਿਆਇਤ ਦਿੱਤੀ ਗਈ ਸੀ ਜਿਸ ਵਿਚ ਉਸ ਨੇ ਹਰੀ ਸਿੰਘ ਨੂੰ ਆਪਣੇ ਨਾਂ 'ਤੇ ਸਿੱਕਾ ਚਲਾਉਣ ਦੀ ਆਗਿਆ ਦੇ ਦਿੱਤੀ। ਇਹ ਸਿੱਕਾ 'ਹਰੀ ਸਿੰਘ ਰੁਪਈਆ' ਨਾਂ ਨਾਲ ਜਾਣਿਆ ਜਾਂਦਾ ਹੈ। ਸੰਨ 1813 'ਚ ਹਰੀ ਸਿੰਘ ਨੇ ਅਫ਼ਗਾਨਾਂ ਦੇ ਦਰਿਆ ਸਿੰਧ ਦੇ ਠੀਕ ਪੱਤਣ ਉੱਪਰ ਬਣੇ ਹੋਏ ਅਟਕ ਦੇ ਕਿਲ੍ਹੇ ਨੂੰ ਜਿੱਤਿਆ। ਇਹ ਕਿਲ੍ਹਾ ਪਠਾਣਾਂ ਦਾ ਪੰਜਾਬ ਉੱਪਰ ਧਾਵਿਆਂ ਦਾ ਦਰਵਾਜ਼ਾ ਸੀ। ਇਸ ਜੰਗ ਵਿਚ 15000 ਤੋਂ ਵੀ ਜ਼ਿਆਦਾ ਅਫ਼ਗਾਨੀ ਫ਼ੌਜੀਆਂ ਨੂੰ ਹਰਾ ਕੇ ਸਬਕ ਸਿਖਾਇਆ। ਅਲੈਗਜ਼ੈਂਡਰ ਬਰਨਜ਼ ਲਿਖਦੇ ਹਨ ਕਿ ਖ਼ਾਲਸੇ ਦੇ ਇਨ੍ਹਾਂ ਕਾਰਨਾਮਿਆਂ ਨੇ ਵੱਡੀਆਂ-ਵੱਡੀਆਂ ਤਾਕਤਾਂ ਚਿੰਤਾ ਵਿਚ ਪਾ ਦਿੱਤੀਆਂ। ਸ਼ੇਰ-ਏ-ਪੰਜਾਬ ਤੇ ਸਰਦਾਰ ਹਰੀ ਸਿੰਘ ਨਲਵਾ ਨੇ ਫ਼ੈਸਲਾ ਕੀਤਾ ਕਿ ਪਿਸ਼ਾਵਰ ਤੇ ਸਰਹੱਦੀ ਸੂਬੇ ਜਿੰਨੀ ਦੇਰ ਤਕ ਖ਼ਾਲਸਾ ਰਾਜ ਵਿਚ ਨਹੀਂ ਮਿਲ ਜਾਂਦੇ, ਓਨੀ ਦੇਰ ਤਕ ਪੰਜਾਬ 'ਤੇ ਵਿਦੇਸ਼ੀਆਂ ਦੇ ਧਾਵਿਆਂ ਨੂੰ ਨਹੀਂ ਰੋਕਿਆ ਜਾ ਸਕਦਾ।

ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਹਰੀ ਸਿੰਘ ਨਲਵਾ ਅਤੇ ਕੰਵਰ ਨੌਨਿਹਾਲ ਸਿੰਘ ਨੂੰ ਪਿਸ਼ਾਵਰ 'ਤੇ ਹੱਲਾ ਬੋਲਣ ਲਈ ਆਖਿਆ। ਸਤਾਈ ਅਪ੍ਰੈਲ ਸੰਨ 1834 ਨੂੰ ਸਰਦਾਰ ਹਰੀ ਸਿੰਘ ਨੇ ਬੜੀ ਸਫਲਤਾ ਨਾਲ ਦਰਿਆ ਅਟਕ ਤੋਂ ਬੇੜੀਆਂ ਰਾਹੀਂ ਖ਼ਾਲਸਾ ਫ਼ੌਜ ਪਾਰ ਕਰਵਾਈ। ਓਧਰ ਜਦੋਂ ਖ਼ਾਲਸਾ ਫ਼ੌਜ ਉਨ੍ਹਾਂ ਦੇ ਮੋਰਚਿਆਂ 'ਤੇ ਪਹੁੰਚਣ ਵਾਲੀ ਸੀ ਤਾਂ ਅੱਗੋਂ ਅਫ਼ਗਾਨਾਂ ਨੇ ਧੂੰਆਂਧਾਰ ਗੋਲਾਬਾਰੀ ਸ਼ੁਰੂ ਕਰ ਦਿੱਤੀ। ਤੋਪਾਂ ਦੀ ਗੋਲਾਬਾਰੀ ਨਾਲ ਆਕਾਸ਼ ਕੰਬ ਉੱਠਿਆ। ਇਸੇ ਸਮੇਂ ਹਾਜੀ ਖ਼ਾਨ ਦਲੇਰੀ ਨਾਲ ਲੜਦਾ ਹੋਇਆ ਸਰਦਾਰ ਰਾਮ ਸਿੰਘ ਹਸਨਵਾਲੀਏ ਦੀ ਤਲਵਾਰ ਨਾਲ ਸਖ਼ਤ ਫੱਟੜ ਹੋ ਗਿਆ। ਅਫ਼ਗਾਨ ਦਲੇਰੀ ਨਾਲ ਲੜੇ ਪਰ ਖ਼ਾਲਸੇ ਦੇ ਜ਼ੋਰ ਅੱਗੇ ਟਿਕ ਨਾ ਸਕੇ। ਮਈ 1834 ਨੂੰ ਬਾਅਦ ਦੁਪਹਿਰ ਤਕ ਜਿੱਤ ਦਾ ਬਿਗੁਲ ਵੱਜ ਚੁੱਕਾ ਸੀ ਅਤੇ ਪਿਸ਼ਾਵਰ 'ਤੇ ਸਿੰਘਾਂ ਦਾ ਅਧਿਕਾਰ ਹੋ ਗਿਆ। ਹੁਣ ਸਾਰਾ ਸਰਹੱਦੀ ਇਲਾਕਾ ਖ਼ਾਲਸੇ ਦੇ ਅਧੀਨ ਹੋ ਗਿਆ ਸੀ। ਸੱਤ ਸਦੀਆਂ ਤੋਂ ਪੰਜਾਬ ਦਾ ਕੱਟ ਚੁੱਕਾ ਅੰਗ ਮੁੜ ਪੰਜਾਬ ਨਾਲ ਜੋੜਨ ਵਾਲੇ ਹਰੀ ਸਿੰਘ ਨਲਵਾ ਦੇ ਨਾਂ 'ਤੇ ਦੂਜੀ ਵਾਰ ਮਹਾਰਾਜਾ ਰਣਜੀਤ ਸਿੰਘ ਨੇ ਸਿੱਕਾ ਚਲਾਇਆ।

ਓਧਰ ਕਾਬੁਲ ਵਿਚ ਅਫ਼ਗਾਨੀ ਹਕੂਮਤ ਘਬਰਾਹਟ ਵਿਚ ਸੀ ਕਿ ਹੁਣ ਸਿੱਖ ਕਾਬੁਲ 'ਤੇ ਕਬਜ਼ਾ ਕਰਨ ਲਈ ਅੱਗੇ ਵਧਣਗੇ। ਕਾਬੁਲ ਵਿਚ ਇਕ ਬਹੁਤ ਵੱਡੀ ਜੰਗ ਲਈ ਬੜੀ ਤੇਜ਼ੀ ਨਾਲ ਤਿਆਰੀਆਂ ਆਰੰਭ ਹੋਈਆਂ। ਅਮੀਰ ਦੋਸਤ ਮੁਹੰਮਦ ਜੋ ਤਿੰਨ ਵਾਰ ਸਰਦਾਰ ਹਰੀ ਸਿੰਘ ਕੋਲੋਂ ਜੰਗ ਵਿਚ ਹਾਰ ਚੁੱਕਾ ਸੀ, ਨੇ ਆਪਣੇ ਪੰਜ ਪੁੱਤਰਾਂ ਨੂੰ ਜਮਰੌਦ ਦੀ ਲੜਾਈ ਵਾਸਤੇ 15 ਅਪ੍ਰੈਲ 1837 ਨੂੰ ਭਾਰੀ ਲਸ਼ਕਰ 30 ਹਜ਼ਾਰ ਫ਼ੌਜੀ ਅਤੇ 40 ਵੱਡੀਆਂ ਤੋਪਾਂ ਸਣੇ ਕਿਲ੍ਹੇ ਸ਼ੰਕਰਗੜ੍ਹ 'ਤੇ ਧਾਵਾ ਕਰਨ ਲਈ ਤੋਰ ਦਿੱਤਾ। ਦੂਜੇ ਪਾਸੇ ਰਸਾਲਾ ਫ਼ੌਜ, ਘੋੜਿਆਂ ਤੇ ਤੋਪਖਾਨਿਆਂ ਨਾਲ ਸਰਦਾਰ ਹਰੀ ਸਿੰਘ ਨੇ ਕੂਚ ਕੀਤਾ। ਜਮਰੌਦ ਦੀ ਜੰਗ ਤਿੰਨ ਦਿਨ ਚੱਲੀ ਅਤੇ ਪਹਿਲੇ ਦੋ ਦਿਨ ਖ਼ਾਲਸਾ ਫ਼ੌਜਾਂ ਅਤੇ ਹਰੀ ਸਿੰਘ ਨੇ ਜੰਗ ਦੇ ਮੈਦਾਨ ਵਿਚ ਜੌਹਰ ਦਿਖਾਏ। ਦੁਸ਼ਮਣ ਫ਼ੌਜਾਂ ਵੀ ਬੜੀ ਦ੍ਰਿੜ੍ਹਤਾ ਨਾਲ ਲੜੀਆਂ ਅਤੇ ਆਖ਼ਰੀ ਦਿਨ ਅਫ਼ਗਾਨ ਫ਼ੌਜਾਂ ਵਿਚ ਰੌਲਾ ਪੈ ਗਿਆ ਕਿ ਸਰਦਾਰ ਹਰੀ ਸਿੰਘ ਨਲਵਾ ਆਪ ਲੜ ਰਿਹਾ ਹੈ ਤਾਂ ਹਰੀ ਸਿੰਘ ਦਾ ਨਾਮ ਸੁਣ ਕੇ ਅਫ਼ਗਾਨੀ ਫ਼ੌਜੀਆਂ ਵਿਚ ਕੁਝ ਐਸੀ ਘਬਰਾਹਟ ਛਾ ਗਈ ਕਿ ਉਹ ਮੈਦਾਨ ਤੋਂ ਨੱਸਦੇ ਹੋਏ ਆਪਣੀ ਸਲਾਮਤੀ ਲਈ ਦੱਰਾ ਖ਼ੈਬਰ ਅੰਦਰ ਪਹੁੰਚ ਕੇ ਜਾਨ ਬਚਾਉਣ ਲੱਗੇ। ਇਸ ਮੈਦਾਨ ਵਿਚ ਸਰਦਾਰ ਹਰੀ ਸਿੰਘ ਨੇ ਅਫ਼ਗਾਨਾਂ ਦੀਆਂ 14 ਵੱਡੀਆਂ ਤੋਪਾਂ 'ਤੇ ਕਬਜ਼ਾ ਕਰ ਲਿਆ। ਅਫ਼ਗਾਨਾਂ ਨੂੰ ਭਾਜੜ ਪੈ ਗਈ। ਜਦੋਂ ਸਾਰੇ ਅਫ਼ਗਾਨ ਦੌੜ ਕੇ ਛਿਪ ਗਏ ਤਾਂ ਹਰੀ ਸਿੰਘ ਨਲਵਾ ਨੇ ਸੋਚਿਆ ਕਿ ਹੁਣ ਖ਼ਾਲਸਾ ਫ਼ੌਜ ਨੂੰ ਕਿਲ੍ਹਾ ਜਮਰੌਦ ਵਿਚ ਲਿਜਾ ਕੇ ਆਰਾਮ ਦਿਵਾਇਆ ਜਾਏ ਪਰ ਸ। ਨਿਧਾਨ ਸਿੰਘ ਖ਼ਾਲੀ ਹੱਥ ਜਿੱਤ ਦੇ ਜੋਸ਼ ਵਿਚ ਵੈਰੀਆਂ ਦੇ ਸਿਰ ਹੋਇਆ ਦੱਰ੍ਹੇ ਦੇ ਅੰਦਰ ਚਲਾ ਗਿਆ। ਹਰੀ ਸਿੰਘ ਨਲਵਾ ਦਾ ਬਾਡੀਗਾਰਡ ਸਰਦਾਰ ਅਜਾਇਬ ਸਿੰਘ ਗੁਫਾ ਵੱਲ ਵਧਿਆ ਤਾਂ ਗੁਫਾ ਵਿਚ ਛੁਪੇ ਅਫ਼ਗਾਨ ਨੇ ਅਜਾਇਬ ਸਿੰਘ ਦੇ ਗੋਲੀ ਮਾਰੀ। ਬਾਡੀਗਾਰਡ ਉੱਥੇ ਹੀ ਢੇਰੀ ਹੋ ਗਿਆ।

ਇਸੇ ਸਮੇਂ ਸ। ਹਰੀ ਸਿੰਘ ਨੇ ਆਪਣਾ ਘੋੜਾ ਅੱਗੇ ਕੀਤਾ ਤਾਂ ਗੁਫਾ 'ਚੋਂ ਹੋਰ ਗੋਲੀਆਂ ਚੱਲੀਆਂ ਜਿਸ 'ਚੋਂ ਦੋ ਨਲਵਾ ਦੇ ਲੱਗੀਆਂ। ਸਰਦਾਰ ਹਰੀ ਸਿੰਘ ਨਲਵਾ ਫੱਟੜ ਹੋਣ ਦੇ ਬਾਵਜੂਦ ਬੜੇ ਹੌਸਲੇ ਨਾਲ ਸਿੱਧੇ ਕਿਲ੍ਹੇ ਵਿਚ ਪਹੁੰਚ ਗਏ। ਸਰਦਾਰ ਮਹਾ ਸਿੰਘ ਨੇ ਹਰੀ ਸਿੰਘ ਨੂੰ ਘੋੜੇ ਤੋਂ ਉਤਾਰਿਆ। ਨਲਵਾ ਨੇ ਆਪਣੀ ਹਾਲਤ ਨਾਜ਼ੁਕ ਵੇਖੀ ਤਾਂ ਆਪਣੇ ਸਾਰੇ ਪੁਰਾਣੇ ਸਾਥੀਆਂ ਨੂੰ ਬੁਲਾ ਕੇ ਇਨ੍ਹਾਂ ਕਾਲੇ ਪਰਬਤਾਂ ਵਿਚ ਖ਼ਾਲਸਾਈ ਝੰਡੇ ਦੀ ਇੱਜ਼ਤ-ਆਬਰੂ ਕਾਇਮ ਰੱਖਣ ਲਈ ਅਖ਼ੀਰਲੇ ਸਵਾਸਾਂ ਤਕ ਡਟੇ ਰਹਿਣ ਦੀ ਪ੍ਰੇਰਨਾ ਕੀਤੀ। ਇਹ ਵੀ ਆਖਿਆ ਕਿ ਮੇਰੀ ਮੌਤ ਦੀ ਖ਼ਬਰ ਗੁਪਤ ਰੱਖਣੀ, ਅੱਗੇ ਹੋਰ ਵੀ ਕਈ ਕੁਝ ਕਹਿਣਾ ਚਾਹੁੰਦੇ ਸਨ ਪਰ ਗੱਲ ਪੂਰੀ ਨਾ ਕਰ ਸਕੇ। ਤੀਹ ਅਪ੍ਰੈਲ 1837 ਦੀ ਰਾਤ ਨੂੰ ਸ। ਮਹਾ ਸਿੰਘ ਨੇ ਸਰਦਾਰ ਨਲਵਾ ਦੀ ਆਖ਼ਰੀ ਇੱਛਾ ਅਨੁਸਾਰ ਭੇਤ ਗੁਪਤ ਰੱਖਣ ਲਈ ਰਾਤੋ-ਰਾਤ ਕਿਲ੍ਹੇ ਦੀ ਚੜ੍ਹਦੀ ਨੁੱਕਰ ਵੱਲ ਸਾਦੇ ਢੰਗ ਨਾਲ ਕਨਾਤਾਂ ਦੇ ਅੰਦਰ ਸਸਕਾਰ ਕਰ ਦਿੱਤਾ। ਹਰੀ ਸਿੰਘ ਨਲਵਾ ਵੀਰਤਾ ਅਤੇ ਨਿਰਭੈਤਾ ਵਿਚ ਅਜੋੜ ਸੀ। ਪਠਾਣ ਉਸ ਦਾ ਨਾਂ ਸੁਣ ਕੇ ਥਰ-ਥਰ ਕੰਬਦੇ ਸਨ। ਆਪਣੇ ਰੋਂਦੇ ਹੋਏ ਬੱਚਿਆਂ ਨੂੰ ਪਠਾਣੀਆਂ ਇਹ ਕਹਿ ਕੇ ਚੁੱਪ ਕਰਾਉਂਦੀਆਂ ਸਨ "ਚੁੱਪ ਸਾ, ਹਰੀਆ ਰਾਗਲੇ"- ਮਤਲਬ ਚੁੱਪ ਕਰ ਜਾ, ਹਰੀ ਸਿੰਘ ਆਉਂਦਾ ਹੈ।

# ਕੀ ਪੰਜਾਬ ਦੇ ਮੁੱਖ-ਮੰਤਰੀ ਚੱਕੀ ਦੇ ਦੋ ਪੁੜਾਂ ਵਿਚ ਪਿਸ ਰਹੇ ਹਨ?

ਚੰਡੀਗੜ੍ਹ - ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਚੱਕੀ ਦੇ ਦੋ ਪੁੜਾਂ ਵਿਚ ਪਿਸਦੇ ਨਜ਼ਰ ਆ ਰਹੇ ਹਨ। ਇਕ ਪਾਸੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਉਨ੍ਹਾਂ ਨੂੰ ਮਿੱਟੀ ਦਾ ਬੁੱਤ ਬਣਾ ਕੇ ਖ਼ੁਦ ਸੁਪਰ ਮੁੱਖ ਮੰਤਰੀ ਹੋਣ ਦਾ ਪ੍ਰਭਾਵ ਦੇ ਰਹੇ ਹਨ, ਦੂਜੇ ਪਾਸੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪਰੋਹਿਤ ਜਿਸ ਤਰ੍ਹਾਂ ਉਨ੍ਹਾਂ ਦੀ ਹਾਜ਼ਰੀ ਵਿਚ ਰਾਜ ਦੀ ਅਮਨ-ਕਾਨੂੰਨ ਦੀ ਸਥਿਤੀ ਬਾਰੇ ਮੀਟਿੰਗਾਂ ਕਰ ਰਹੇ ਹਨ, ਉਹ ਵੀ ਇਤਿਹਾਸ ਦੀਆਂ ਨਜ਼ਰਾਂ ਵਿਚ ਪਹਿਲਾਂ ਕਦੇ ਨਜ਼ਰ ਨਹੀਂ ਆਇਆ।

ਅਰਵਿੰਦ ਕੇਜਰੀਵਾਲ ਪੰਜਾਬ ਵਿਚ ਹਕੂਮਤੀ ਪਾਰਟੀ ਦੇ ਸਰਬਉੱਚ ਨੇਤਾ ਹਨ। ਉਨ੍ਹਾਂ ਨੂੰ ਪੂਰਾ-ਪੂਰਾ ਹੱਕ ਹੈ ਕਿ ਉਹ ਆਪਣੀ ਪਾਰਟੀ ਦੇ ਨੇਤਾਵਾਂ, ਵਿਧਾਇਕਾਂ, ਮੰਤਰੀਆਂ ਅਤੇ ਇਥੋਂ ਤੱਕ ਕਿ ਮੁੱਖ ਮੰਤਰੀ ਨੂੰ ਬੁਲਾਉਣ, ਉਨ੍ਹਾਂ ਨਾਲ ਮੀਟਿੰਗਾਂ ਕਰਨ ਤੇ ਉਨ੍ਹਾਂ ਨੂੰ ਪਾਰਟੀ ਦਾ ਪਾਲਸੀ ਪ੍ਰੋਗਰਾਮ ਦੇਣ। ਉਨ੍ਹਾਂ ਨੂੰ ਹਦਾਇਤਾਂ ਦੇਣ ਕਿ ਸਰਕਾਰ ਕਿਵੇਂ ਚੱਲਣੀ ਚਾਹੀਦੀ ਹੈ ਜਾਂ ਕਿਵੇਂ ਚਲਾਉਣੀ ਚਾਹੀਦੀ ਹੈ।ਪਰ ਇਹ ਬਹੁਤ ਗੰਭੀਰ ਗੱਲ ਹੈ ਕਿ ਉਹ ਮੁੱਖ ਮੰਤਰੀ ਨੂੰ ਪਾਸੇ ਰੱਖ ਕੇ ਖ਼ੁਦ ਹੀ ਪੰਜਾਬ ਦੇ ਅਫ਼ਸਰਾਂ ਨਾਲ ਮੀਟਿੰਗਾਂ ਕਰਨ ਤੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕਰਨ ਕਿ ਅਸਲ ਫ਼ੈਸਲਾ ਲੈਣ ਦੀ ਤਾਕਤ ਉਨ੍ਹਾਂ ਕੋਲ ਹੈ ਤੇ ਅਧਿਕਾਰੀ ਸਿੱਧੇ ਉਨ੍ਹਾਂ ਨੂੰ ਹੀ ਜਵਾਬਦੇਹ ਹਨ। ਫਿਰ ਅਜਿਹੇ ਚਰਚੇ ਵੀ ਹਨ ਕਿ ਪੰਜਾਬ ਦੇ ਕੁਝ ਅਧਿਕਾਰੀ ਆਨਲਾਈਨ ਵੀ ਉਨ੍ਹਾਂ ਨੂੰ ਸਿੱਧੀ ਰਿਪੋਰਟ ਕਰਦੇ ਹਨ ਤੇ ਕੁਝ ਖ਼ਾਸ ਅਹੁਦਿਆਂ 'ਤੇ ਅਫ਼ਸਰ ਵੀ ਕੇਜਰੀਵਾਲ ਦੇ ਵਿਸ਼ਵਾਸਪਾਤਰ ਹੀ ਲਾਏ ਜਾ ਰਹੇ ਹਨ ਤਾਂ ਕੁਦਰਤੀ ਹੈ ਕਿ ਅਜਿਹੇ ਅਫ਼ਸਰ ਮੁੱਖ ਮੰਤਰੀ ਦੀ ਪ੍ਰਵਾਹ ਕਿਉਂ ਕਰਨਗੇ?



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਜਲੰਧਰ ਵਿਚ ਬਾਬਾ ਸਾਹਿਬ ਅੰਬੇਡਕਰ ਨੂੰ ਯਾਦ ਕਰਦਿਆਂ ਇਕ ਕਹਾਣੀ ਸੁਣਾ ਰਹੇ ਸਨ ਕਿ ਇਕ ਵਾਰ ਸੋਨੇ ਨੇ ਲੋਹੇ ਨੂੰ ਪੁੱਛਿਆ ਕਿ ਹਥੌੜੇ ਤਾਂ ਮੇਰੇ ਵੀ ਬੜੇ ਪੈਂਦੇ ਹਨ ਪਰ ਮੇਰੀ ਆਵਾਜ਼ ਸੁਨਿਆਰ ਦੀ ਦੁਕਾਨ ਤੋਂ ਬਾਹਰ ਨਹੀਂ ਜਾਂਦੀ। ਪਰ ਜਦੋਂ ਉਹੀ ਹਥੌੜਾ ਤੈਨੂੰ ਵੱਜਦਾ ਹੈ ਤਾਂ ਤੂੰ ਏਨੀ ਉੱਚੀ-ਉੱਚੀ ਚੀਕਦਾ ਕਿਉਂ ਹੈਂ? ਰੌਲਾ ਕਿਉਂ ਪਾਉਂਦਾ ਹੈਂ? ਤਾਂ ਲੋਹੇ ਨੇ ਕਿਹਾ ਕਿ 'ਸੋਨਾ ਜੀ' ਫ਼ਰਕ ਇਹ ਹੈ ਕਿ ਤੁਹਾਨੂੰ ਬਿਗਾਨਾ ਭਾਵ ਲੋਹੇ ਦਾ ਹਥੌੜਾ ਮਾਰਦਾ ਹੈ, ਬਿਗਾਨਿਆਂ ਨੇ ਤਾਂ ਮਾਰਨਾ ਹੀ ਹੁੰਦਾ ਹੈ, ਪਰ ਜਦੋਂ ਆਪਣੇ ਕੁੱਟਦੇ ਨੇ ਤਾਂ ਬਰਦਾਸ਼ਤ ਕਰਨਾ ਔਖਾ ਹੁੰਦਾ ਹੈ। ਮੈਨੂੰ ਤਾਂ ਮੇਰਾ ਆਪਣਾ ਲੋਹੇ ਦਾ ਹਥੌੜਾ ਹੀ ਕੁੱਟ ਰਿਹਾ ਹੁੰਦਾ ਹੈ।

ਮੁੱਖ ਮੰਤਰੀ ਮਾਨ ਆਪਣਿਆਂ ਵਲੋਂ ਸੰਵਿਧਾਨ ਨਾਲ ਛੇੜਛਾੜ ਦੀ ਗੱਲ ਕਰ ਰਹੇ ਸਨ ਪਰ ਇੰਜ ਮਹਿਸੂਸ ਹੋ ਰਿਹਾ ਸੀ ਕਿ ਜਿਵੇਂ ਮਾਨ ਸਾਹਿਬ ਇਕ ਪਾਸੇ ਕੇਜਰੀਵਾਲ ਵਲੋਂ ਸੁਪਰ ਮੁੱਖ ਮੰਤਰੀ ਹੋਣ ਦੇ ਪ੍ਰਭਾਵ ਦੇਣ ਬਾਰੇ ਤੇ ਦੂਜੇ ਪਾਸੇ ਰਾਜਪਾਲ ਵਲੋਂ ਲੋਕਾਂ ਦੀ ਚੁਣੀ ਸਰਕਾਰ ਦੇ ਮੁੱਖ ਮੰਤਰੀ ਦੀ ਹਾਜ਼ਰੀ ਵਿਚ ਸਿੱਧੀਆਂ ਮੀਟਿੰਗਾਂ ਕਰਨ ਬਾਰੇ ਗਿਲਾ ਕਰ ਰਹੇ ਹੋਣ।

# ਪੰਜਾਬ ਦੇ ਅਨੁਕੂਲ ਨਵਾਂ ਮਾਡਲ ਅਖਤਿਆਰ ਕਰਨ ਦੀ ਲੋੜ

(ਸਫ਼ਾ 8 ਦੀ ਬਾਕੀ)

ਸਰਕਾਰੀ ਤੰਤਰ ਦੀ ਸਰਪ੍ਰਸਤੀ ਨਸ਼ੇ ਦੇ ਵਪਾਰੀਆਂ ਨੂੰ ਹਾਸਲ ਨਹੀਂ ਹੋਣੀ ਚਾਹੀਦੀ। ਮੌਜੂਦਾ ਸਿਸਟਮ ਦੀਆਂ ਚੋਰ ਮੋਰੀਆਂ ਤੋਂ ਦੁਖੀ ਚੇਤੰਨ ਨੌਜਵਾਨ ਵਿਦੇਸ਼ਾਂ ਵੱਲ ਹਿਜਰਤ ਕਰ ਰਹੇ ਹਨ। ਸੂਬੇ ਦੀਆਂ ਮੁੱਢਲੀਆਂ ਤੇ ਬੁਨਿਆਦੀ ਸੇਵਾਵਾਂ ਨੂੰ ਨਿਘਾਰ 'ਚੋਂ ਕੱਢਣਾ ਸਰਕਾਰ ਦਾ ਮੁੱਢਲਾ ਕਦਮ ਹੋਣਾ ਚਾਹੀਦਾ ਹੈ। ਇਸ ਸਮੇਂ ਕੋਈ ਮਹਿਕਮਾ, ਕੋਈ ਵਰਗ ਮਾਫ਼ੀਆ ਰਾਜ ਤੋਂ ਨਿਰਲੇਪ ਨਹੀਂ ਹੈ। ਮਹਿੰਗਾਈ ਅਸਮਾਨ ਛੂਹ ਰਹੀ ਹੈ। ਪੰਜਾਬੀ ਸਮਾਜ ਦੇ ਆਰਥਿਕ ਤੇ ਸਮਾਜਿਕ ਢਾਂਚੇ ਨੂੰ ਪ੍ਰਪੱਕ ਬਣਾਉਣ ਤੇ ਬੇਰੁਜ਼ਗਾਰੀ ਨੂੰ ਠੱਲ੍ਹ ਪਾਉਣ ਲਈ ਸਰਕਾਰ ਨੇ ਪੈਂਤੀ ਹਜ਼ਾਰ ਨੌਕਰੀਆਂ ਦੇਣ ਦਾ ਐਲਾਨ ਕੀਤਾ ਹੈ ਪਰ ਰੁਜ਼ਗਾਰ ਦੇਣ ਤੇ ਯੋਗ ਉਮੀਦਵਾਰਾਂ ਨੂੰ ਰੁਜ਼ਗਾਰ ਦੇਣ 'ਚ ਅਰਸ਼ ਤੇ ਫਰਸ਼ ਜਿੰਨਾ ਅੰਤਰ ਹੁੰਦਾ ਹੈ। ਨਵੀਂ ਸਰਕਾਰ ਗੰਭੀਰ ਤੇ ਦ੍ਰਿੜ੍ਹ ਹੋ ਕੇ ਲੋਕ ਪੱਖੀ ਫ਼ੈਸਲੇ ਲਵੇ।

ਭਗਵੰਤ ਮਾਨ ਦੀ ਸਰਕਾਰ ਸਬਆਲਟਰਨ (ਦੱਬੇ- ਕੁਚਲੇ ਵਰਗ) ਪੱਖੀ ਬ੍ਰਾਂਡਿੰਗ ਕਰ ਕੇ ਅਵਾਮ ਨੂੰ ਆਪਣੇ ਨਾਲ ਜੋੜਨ ਵਿਚ ਸਫ਼ਲ ਹੋਈ ਹੈ। ਰਾਜ ਸਰਕਾਰ ਆਪਣੇ ਇਖ਼ਲਾਕੀ ਫ਼ਰਜ਼ਾਂ ਨੂੰ ਪਛਾਣਦਿਆਂ ਸਮਾਜ-ਪ੍ਰਬੰਧ ਦੀ ਬਿਹਤਰੀ ਤੇ ਲੋਕ ਭਲਾਈ ਲਈ ਸੰਵੇਦਨਸ਼ੀਲ ਹੋ ਕੇ ਪੰਜਾਬ ਕੇਂਦਰਿਤ ਨੀਤੀ ਤਿਆਰ ਕਰੇ। ਪੰਜਾਬ ਲਈ ਦਿੱਲੀ ਮਾਡਲ ਇੰਨ-ਬਿੰਨ ਬਦਲ ਨਹੀਂ ਹੋ ਸਕਦਾ। ਸੂਬੇ ਦੀ ਪ੍ਰਗਤੀ ਲਈ ਮੌਲਿਕ, ਆਜ਼ਾਦ ਤੇ ਵਿਲੱਖਣ ਨੁਹਾਰ ਵਾਲੇ ਪੰਜਾਬ ਦੇ ਧਰਾਤਲ ਦੇ ਅਨੁਕੂਲ ਵਿਕਾਸ ਮਾਡਲ ਸਿਰਜਣ ਦੀ ਲੋੜ ਹੈ ਨਹੀਂ ਤਾਂ ਹਰੀ ਕ੍ਰਾਂਤੀ ਵਾਂਗ ਇੰਮਪੋਰਟਿਡ ਮਾਡਲ ਸਟੇਟ ਤੇ ਸਮਾਜ ਨੂੰ ਢਾਅ ਲਾਉਣਗੇ। ਪੰਜਾਬ ਸਰਹੱਦੀ ਅਤੇ ਸੰਵੇਦਨਸ਼ੀਲ ਸੂਬਾ ਹੈ। ਹਰ ਸੂਬੇ ਦੀਆਂ ਵੱਖਰੀਆਂ ਤਰਜੀਹਾਂ ਅਤੇ ਵੱਖਰੇ ਮਾਡਲ ਹੁੰਦੇ ਹਨ। ਕਿਸੇ ਵੀ ਮੁੱਦੇ ਨੂੰ ਉਲੀਕਦਿਆਂ ਗੰਭੀਰ ਵਿਚਾਰ-ਵਿਮਰਸ਼ ਦੀ ਲੋੜ ਹੁੰਦੀ ਹੈ। ਉਧਾਰ ਲਈਆਂ ਯੋਜਨਾਵਾਂ ਨਾਲ ਡੰਗ ਟਪਾਇਆ ਜਾ ਸਕਦਾ ਹੈ ਨਾ ਕਿ ਚਿਰ ਸਥਾਈ ਟੀਚੇ ਹਾਸਲ ਕੀਤੇ ਜਾ ਸਕਦੇ ਹਨ। ਗੁਰੂਆਂ ਪੀਰਾਂ ਦੀ ਵਰਸੋਈ ਇਸ ਧਰਤੀ ਤੇ ਲੋਕ ਰਾਜ, ਸਵਰਾਜ ਤੇ ਕਿਰਤੀ ਰਾਜ ਦੇ ਫੁੱਲ ਮਹਿਕਣੇ ਚਾਹੀਦੇ ਹਨ। ਰੂੜੀਵਾਦੀ ਗ਼ਲਤ ਸਿਧਾਂਤਾਂ ਤੇ ਨਿਯਮਾਂ ਨੂੰ ਤਿਲਾਂਜਲੀ ਦੇ ਕੇ ਸੰਵਿਧਾਨ ਅਨੁਸਾਰ ਬਣਦੇ ਫ਼ਰਜ਼ ਅਦਾ ਕਰਨੇ ਚਾਹੀਦੇ ਹਨ। ਸਿਹਤ, ਸੰਘਰਸ਼ ਤੇ ਆਰਥਿਕਤਾ ਤੋਂ ਬੇਹਾਲ ਲੋਕਾਂ ਨੂੰ ਮਾਨਸਿਕ ਤੇ ਆਤਮਿਕ ਪੀੜਾ ਤੋਂ ਮੁਕਤ ਕਰਨਾ ਸੂਬਾ ਸਰਕਾਰ ਦਾ ਕੌਮੀ ਧਰਮ ਹੈ। ਪੰਜਾਬ ਦੇ ਲੋਕ ਭਗਵੰਤ ਮਾਨ ਦੀ ਅਗਨੀ ਪ੍ਰੀਖਿਆ ਉਦੋਂ ਪਾਸ ਮੰਨਣਗੇ ਜਦੋਂ ਉਹ ਪੰਜਾਬ ਦੇ ਮੁੱਦਿਆਂ, ਮੰਗਾਂ ਅਤੇ ਹੱਕਾਂ ਦੀ ਪਹਿਰੇਦਾਰੀ ਕਰਨਗੇ ਨਾ ਕਿ ਬਿਊਰੋਕ੍ਰੈਟਿਕ ਮਾਡਲ ਨੂੰ ਜਮਹੂਰੀਅਤ ਢਾਂਚੇ ਉੱਪਰ ਭਾਰੂ ਪੈਣ ਦੇਣਗੇ :

ਸਿਤਾਰੋਂ ਸੇ ਆਗੇ ਆਸਮਾਂ ਔਰ ਭੀ ਹੈਂ
ਅਭੀ ਇਸ਼ਕ ਕੇ ਇਮਤਿਹਾਂ ਔਰ ਭੀ ਹੈਂ

# ਪੰਜਾਬ ਨੂੰ ਤਿੰਨ ਲੱਖ ਕਰੋੜ ਦਾ ਕਰਜ਼ਾਈ ਕਿਸ ਨੇ ਕੀਤਾ?

ਅਰਥਚਾਰਾ ਕਿਸੇ ਵੀ ਸਿਸਟਮ ਦੀ ਰੀੜ ਦੀ ਹੱਡੀ ਹੁੰਦਾ ਹੈ, ਜੇਕਰ ਰੀੜ ਦੀ ਹੱਡੀ ਟੁੱਟ ਜਾਵੇ ਤਾਂ ਜਿਸ ਤਰਾਂ ਕਿਸੇ ਵਿਅਕਤੀ ਦਾ ਬਚ ਸਕਣਾ ਮੁਸ਼ਕਲ ਹੁੰਦਾ ਹੈ, ਠੀਕ ਉਸੇ ਤਰਾਂ ਕਿਸੇ ਰਾਜ, ਵਪਾਰਕ ਅਦਾਰੇ ਜਾਂ ਫੇਰ ਸਿਸਟਮ ਦਾ ਬਚ ਸਕਣਾ ਉਨਾ ਚਿਰ ਅਸੰਭਵ ਹੁੰਦਾ ਹੈ ਜਿੰਨਾ ਚਿਰ ਕਿਸੇ ਪਾਸਿਓਂ ਅਰਥਚਾਰੇ ਨੂੰ ਠੁੰਮ੍ਹਣਾ ਨਹੀਂ ਮਿਲ ਜਾਂਦਾ। ਸਿਆਣਿਆ ਦਾ ਕਹਿਣਾ ਹੈ ਕਿ ਪੈਸਾ ਕਮਾਉਣਾ ਏਨਾ ਔਖਾ ਨਹੀਂ ਹੁੰਦਾ ਜਿੰਨਾ ਇਸ ਨੂੰ ਸਾਂਭਣਾ ਜਾਂ ਮੈਨੇਜ ਕਰਨਾ ਔਖਾ ਹੁੰਦਾ ਹੈ । ਆਮਦਨ ਜਿੰਨੀ ਮਰਜ਼ੀ ਹੋਵੇ ਪਰ ਜੇਕਰ ਉਸ ਆਮਦਨ ਦੀ ਮੈਨੇਜਮੈਂਟ ਖ਼ਰਾਬ ਹੈ ਤਾਂ ਕੰਗਾਲੀ ਤੋਂ ਉਰੇ ਕੁੱਜ ਵੀ ਨਹੀਂ । ਸ਼ਾਇਦ ਇਸੇ ਕਰਕੇ ਸਿਆਣੇ ਕਹਿੰਦੇ ਹਨ ਕਿ ਚਾਦਰ ਤੋਂ ਵੱਧ ਪੈਰ ਨਹੀ ਪਸਾਰਨੇ ਚਾਹੀਦੇ । ਸਹੇ ਦੀ ਬਜਾਏ ਪਹੇ ਨੂੰ ਵਿਚਾਰਨਾ ਚਾਹੀਦਾ ਹੈ ਤੇ ਖ਼ੂਨ ਪਸੀਨੇ ਨਾਲ ਕੀਤੀ ਕਮਾਈ ਨੂੰ ਐਵੇਂ ਨਹੀਂ ਰੋੜ੍ਹਨਾ ਚਾਹੀਦਾ । ਜੇਕਰ ਇਸ ਤਰਾਂ ਕੀਤਾ ਜਾਵੇਗਾ ਤਾਂ ਪੱਲੇ ਸਿਰਫ ਜਮ੍ਹਾਂ ਘਟਾਓ ਕਰਨ ਤੋਂ ਬਾਅਦ ਪਛਤਾਵਾ ਹੀ ਪਵੇਗਾ।

ਕਰਜਾ ਚੁੱਕਣਾ ਸਭ ਤੋਂ ਮਾੜੀ ਆਦਤ ਹੈ ਜਾਂ ਇੰਜ ਕਹਿ ਲਓ ਕਿ ਇਹ ਵੀ ਇਕ ਤਰਾਂ ਨਾਲ ਜੂਹਾਂ ਖੇਡਣ ਦਾ ਬੁਰਾ ਭੁਸ ਹੈ । ਜਦੋਂ ਕੋਈ ਕਰਜਾ ਚੁੱਕਦਾ ਹੈ, ਉਸ ਵੇਲੇ ਬਹੁਤੀ ਵਾਰ ਉਸ ਨੂੰ ਇਹ ਅਹਿਸਾਸ ਹੀ ਨਹੀਂ ਹੁੰਦਾ ਕਿ ਇਸ ਨੂੰ ਮੋੜਨਾ ਬੜਾ ਮੁਸ਼ਕਲ ਹੋਵੇਗਾ, ਪਰ ਜੋ ਬੰਦਾ ਇਹ ਸੋਚ ਕੇ ਕਰਜਾ ਚੁੱਕਦਾ ਹੈ ਕਿ ਮੋੜਨਾ ਤਾਂ ਮੁਸ਼ਕਲ ਹੀ ਹੋਵੇਗਾ ਪਰ ਚੁੱਕ ਲਓ ਤਾਂ ਇਸ ਤਰਾਂ ਦਾ ਬੰਦਾ ਜਿੱਥੇ ਵਾਰ ਵਾਰ ਕਰਜਾ ਚੁੱਕਣ ਦੇ ਚੱਕਰ ਵਿਊ ਚ ਫਸ ਜਾਂਦਾ ਹੈ ਉੱਥੇ ਇਸ ਦੇ ਨਾਲ ਹੀ ਉਹ ਆਪਣੇ ਉਜਾੜੇ ਤੇ ਬਰਬਾਦੀ ਦੀ ਪੁੱਠੀ ਗਿਣਤੀ ਵੀ ਸ਼ੁਰੂ ਕਰ ਲੈਂਦਾ ਹੈ ।

ਤਿੰਨ ਲੱਖ ਕਰੋੜ, ਇਸ ਵੇਲੇ ਪੰਜਾਬ ਦੇ ਸਿਰ ਕਰਜਾ ਹੈ । ਪੰਜਾਬ ਦੀ ਕੁਲ ਜੰਨਸੰਖਿਆ ਹੈ ਪੌਣੇ ਤਿੰਨ ਕਰੋੜ । ਇਸ ਦਾ ਦੂਜੇ ਸ਼ਬਦਾਂ ਚ ਅਰਥ ਬਣਦਾ ਹੈ ਕਿ ਹਰ ਪੰਜਾਬੀ ਤੇ ਪੰਜਾਬ ਚ ਜਨਮ ਲੈਣ ਵਲਾ ਹਰ ਬੱਚਾ ਇਸ ਵੇਲੇ ਲਗਭਗ ਤਿੰਨ ਲੱਖ ਦਾ ਲਿੱਧੇ ਤੌਰ 'ਤੇ ਕਰਜਈ ਹੈ ।

ਅੱਗੇ ਸਿਤਮ ਜਰੀਫੀ ਦੇਖੋ ਕਿ ਸਰਕਾਰਾਂ ਬਣ-ਦੀਆ ਬਦਲਦੀਆਂ ਰਹੀਆਂ ਤੇ ਕਰਜੇ ਦੀ ਪੰਡ ਵੱਡੀ ਹੁੰਦੀ ਗਈ । ਇਸ ਕਰਜ਼ੇ ਨੂੰ ਉਤਾਰਨ ਦੀ ਵਿਉਂਤਬੰਦੀ ਕਰਨ ਦੀ ਬਜਾਏ, ਸਮੇਂ ਦੀਆਂ ਸਰਕਾਰਾਂ ਤੇ ਮੰਤਰੀ, ਸਰਕਾਰੀ ਸੰਪਤੀ ਗਹਿਣੇ ਰੱਖਕੇ, ਇਸ ਕਰਜੇ 'ਤੇ ਹਰ ਸਾਲ ਪੈ ਰਹੇ ਕਰੋੜਾਂ ਰੁਪਏ ਦੇ ਵਿਆਜ ਨੂੰ ਮੋੜ ਕੇ ਬੁੱਤਾ ਸਾਰਨ ਦਾ ਹੀ ਜੁਗਾੜ ਕਰਕੇ ਡੰਗ ਟਪਾਉਂਦੇ ਰਹੇ ਤੇ ਉਤੋ ਹੋਰ ਕਰਜਾ ਚੁੱਕ ਕੇ ਮੂਲ ਨਾਲੋ ਵਿਆਜ ਜਾਂ ਇੰਜ ਕਹਿ ਲਓ ਕਿ ਦਾਹੜੀ ਨਾਲੋਂ ਮੁੱਛਾਂ ਵਧਾਉਣ ਚ ਲੱਗੇ ਰਹੇ ।



ਇਹ ਤਿੰਨ ਲੱਖ ਕਰੋੜ ਦਾ ਕਰਜਾ ਪੰਜਾਬ ਦੇ ਕਿਹੜੇ ਵਿਕਾਸ ਵਾਸਤੇ ਚੁੱਕਿਆ ਤੇ ਖਰਚਿਆ ਗਿਆ ਇਸ ਸੰਬੰਧੀ ਨਾ ਹੀ ਕਿਸੇ ਨੂੰ ਪਤਾ ਹੈ ਤੇ ਨਾ ਹੀ ਕਿਸੇ ਨੇ ਇਸ ਦਾ ਪਤਾ ਕਰਨ ਦੀ ਲੋੜ ਸਮਝੀ ਜਿਸ ਕਾਰਨ ਸਥਿਤੀ ਅੱਗਾ ਦੌੜ ਤੇ ਪਿੱਛਾ ਚੌੜ ਵਾਲੀ ਬਣ ਗਈ । ਇਸ ਤੋਂ ਵੀ ਅਗਲੀ ਗੱਲ ਕਿ ਰਾਜ ਦੇ ਲੋਕਾਂ ਨੇ ਵੀ ਇਸ ਮਸਲੇ 'ਤੇ ਕੋਈ ਅਵਾਜ ਚੁਕਣ ਦੀ ਲੋੜ ਨਾ ਸਮਝੀ । ਹੈਰਾਨੀ ਉਦੋ ਹੋਰ ਵੀ ਜਿਆਦਾ ਹੁੰਦੀ ਹੈ, ਜਦੋ ਇਹ ਦੇਖਦੇ ਹਾਂ ਕਿ ਰਾਜ ਦੇ ਅਰਥਚਾਰੇ ਨੂੰ ਮਜਬੂਤੀ ਦੇਣ ਵਾਲੇ ਕੁਦਰਤੀ ਸੋਮਿਆ 'ਤੇ ਬਾਹਰਲੇ ਧਾੜਵੀਆ ਦੀ ਬਜਾਏ ਵੋਟਾਂ ਨਾਲ ਚੁਣਕੇ ਵਿਧਾਨ ਸਭਾ ਚ ਭੇਜੇ ਅੰਦਰੂਨੀ ਧਾੜਵੀਆ ਵਲੋਂ ਚਿੱਟੇ ਦਿਨ ਬਿਨਾ ਕਿਸੇ ਰੋਕ ਟੋਕ ਦੇ ਡਾਕਾ ਮਾਰਿਆ ਜਾਂਦਾ ਰਿਹਾ । ਜਿਸ ਨੂੰ ਦੇਖ ਕੇ ਇੰਜ ਲੱਗਾ ਕਿ ਜਿਵੇਂ ਚੋਰ ਤੇ ਕੁੱਤੀ ਰਲੀ ਹੋਣ, ਛੋਲਿਆਂ ਤੇ ਬੋਹਲ ਦੀ ਰਾਖੀ ਬੱਕਰਾ ਬਿਠਾਇਆ ਹੋਵੇ ਜਾਂ ਫਿਰ ਦੁੱਧ ਦੀ ਰਾਖੀ ਬਿੱਲਾ ਬਿਠਾਇਆ ਹੋਵੇ । ਕਹਿਣ ਦਾ ਭਾਵ ਕਿ ਉਹ ਜਿਸ ਨੇ ਖੇਤ ਨੂੰ ਬਚਾਉਣਾ ਸੀ, ਉਹੀ ਵਾੜ ਖੇਤ ਨੂੰ ਖਾਣ ਉਜਾੜਨ ਚ ਲੱਗੀ ਰਹੀ ।

ਪੰਜਾਬ ਨੂੰ ਸ਼ਰੇਆਮ ਲੁੱਟਿਆ ਗਿਆ, ਚਿੱਟੇ ਦਿਨ ਡਾਕਾ ਵੱਜਾ ਪਰ ਪੰਜਾਬੀਆ ਨੂੰ ਪਤਾ ਤੱਕ ਨਾ ਲੱਗਾ । ਆਰਥਿਕ ਪੱਖੋ ਪੰਜਾਬ ਦਾ ਅੱਜ ਲੱਕ ਟੁੱਟ ਚੁੱਕਾ ਹੈ । ਸਰਕਾਰਾਂ ਪਹਿਲਾਂ ਵੀ ਬਣਦੀਆ ਬਦਲਦੀਆਂ ਰਹੀਆ ਤੇ ਅੱਗੇ ਵੀ ਇਹ ਸਿਲਸਿਲਾ ਚਲਦਾ ਰਹੇਗਾ, ਪਰ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇਸ ਮੁੱਦੇ ਨੂੰ ਵੀ ਪੜਤਾਲ ਦੇ ਘੇਰੇ ਚ ਲਿਆ ਕੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਨਿਤਾਰਨ ਦੀ ਗੱਲ ਕੀਤੀ ਹੈ । ਵਿਰੋਧੀ ਸਿਆਸੀ ਪਾਰਟੀਆ ਦੇ ਆਗੂ ਬੇਸ਼ਕ ਇਹ ਨੁਕਤਾਚੀਨੀ ਕਰਨ ਕਿ ਅਜਿਹਾ ਚੋਣਾ ਤੋ ਪਹਿਲਾਂ ਕੀਤੇ ਵਾਅਦਿਆ ਤੋ ਧਿਆਨ ਭਟਕਾਉਣ ਲਈ ਕੀਤਾ ਜਾ ਰਿਹਾ ਹੈ, ਪਰ ਸੱਚ ਇਹ ਵੀ ਕਿ ਜੇਕਰ ਪੰਜਾਬ ਨੂੰ ਮੁੜ ਪੈਰੀ ਖੜਾ ਕਰਨਾ ਹੈ ਤਾਂ ਫਿਰ ਤਿਨ ਲੱਖ ਕਰੋੜ ਦਾ ਕਰਜਾ ਕਿਸ ਨੇ ਲਿਆ, ਕਿਓਂ ਲਿਆ, ਕਿਥੇ ਖਰਚਿਆ ਤੇ ਇਸ ਤਰਾਂ ਦੇ ਹਾਲਾਤਾਂ ਦੀ ਲਗਾਤਾਰਤਾ ਕਿਵੇ ਬਣੀ ਆਗਿ ਇਹ ਸਭ ਇਕ ਵੱਡੀ ਜਾਚ ਦਾ ਵਿਸ਼ਾ ਹੈ । ਮੁੱਖ ਮੰਤਰੀ ਭਗਵੰਤ ਮਾਨ ਦੀ ਇਸ ਪੱਖੋਂ ਸ਼ਲਾਘਾ ਕਰਨੀ ਬਣਦੀ ਹੈ ਕਿ ਉਸ ਨੇ ਬੀਮਾਰੀਲਦੇ ਓਪਰੇ ਲੱਛਣਾ ਤੋਂ ਰੋਗ ਪਛਾਨਣ ਦੀ ਬਜਾਏ ਬਿਮਾਰੀ ਦੀ ਜੜ ਫੜਨ ਤੇ ਉਸ ਦਾ ਇਲਾਜ ਕਰਨ ਦੀ ਗੱਲ ਕੀਤੀ ਹੈ ।



ਪ੍ਰੋ ਸ਼ਿੰਗਾਰਾ ਸਿੰਘ ਢਿਲੋਂ, ਯੂ ਕੇ

ਜੇਕਰ ਮਾਨ ਸਰਕਾਰ ਇਸ ਸੰਬੰਧ ਚ ਹਾਈ ਕੋਰਟ ਦੇ ਸਾਬਕਾ ਜੱਜਾਂ ਦੀ ਨਿਗਰਾਨੀ ਹੇਠ ਸਮਾਂ ਬੱਧ ਨਿਆਂਇਕ ਜਾਂਚ ਕਰਾਉਦੀ ਹੈ ਤਾਂ ਬਹੁਤ ਵੱਡੇ ਇੰਕਸਾਫ ਸਾਹਮਣੇ ਆਉਣ ਦੀ ਪੂਰੀ ਸੰਭਾਵਨਾ ਹੈ, ਕਿਉਕਿ ਕਰਜੇ ਨੂੰ ਡਕਾਰਨ ਵਾਲੇ ਮੱਗਰਮੱਛ, ਜੋਕਾਂ, ਫਨੀਅਰ ਤੇ ਬਿਛੂ ਜਿਹਨਾ ਨੇ ਪੰਜਾਬ ਵਰਗੇ ਖੁਸ਼ਹਾਲ ਰਾਜ ਦੀ ਏਨੀ ਤਰਸਯੋਗ ਹਾਲਤ ਕੀਤੀ ਹੈ ਤੇ ਜੋ ਇਸ ਸਮੇਂ ਸਾਡੇ ਸਭਨਾ ਦੇ ਆਸ ਪਾਸ ਬਿਨਾ ਖੌਫ ਵਿਚਰ ਰਹੇ ਹਨ, ਸ਼ਲਾਖਾਂ ਪਿਛੇ ਨਜਰ ਆਉਣਗੇ। ਸੋ ਪੰਜਾਬ ਸਰਕਾਰ ਨੂੰ ਬਿਨਾ ਕਿਸੇ ਦੇਰੀ ਇਸ ਪੱਖੋ ਸਮਾਬੱਧ ਜਾਂਚ ਕਰਨ ਵਾਸਤੇ ਕਮੇਟੀ ਗਠਿਤ ਕਰਕੇ ਕੰਮ ਸ਼ੁਰੂ ਕਰਨਾ ਚਾਹੀਦਾ ਤੇ ਰਾਜ ਦੇ ਲੋਕਾਂ ਅੱਗੇ ਹਰੀਕਤ ਪੇਸ਼ ਕਰਕੇ ਨਾਮਣਾ ਖੱਟਣਾ ਚਾਹੀਦਾ ਹੈ।

# ਕੀ ਭਾਰਤ ਟਿਕਾਊ ਵਿਕਾਸ 2030 ਦੇ ਏਜੰਡੇ ਵਜੋਂ ਮਿੱਥੇ 17 ਟੀਚੇ ਪ੍ਰਾਪਤ ਕਰ ਸਕੇਗਾ?

ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ 25 ਸਤੰਬਰ 2015 ਨੂੰ ਆਪਣੇ 70ਵੇਂ ਸੈਸ਼ਨ ਦਾ ਆਯੋਜਨ ਕੀਤਾ। ਜਿਸ ਵਿੱਚ ਦਹਾਕਿਆਂ ਦੇ ਵਿਕਾਸ ਟੀਚਿਆਂ ਦੀ ਸਫ਼ਲਤਾ ਨੂੰ ਅੱਗੇ ਵਧਾਉਣ ਦੇ ਨਾਲ ਸਾਕਾਰਤਮਿਕ ਬਦਲਾਅ ਤਹਿਤ ਟਿਕਾਊ ਵਿਕਾਸ 2030 ਏਜੰਡਾ ਅਪਣਾਇਆ। ਜਿਸ ਵਿਚ ਗ਼ਰੀਬੀ ਨੂੰ ਖ਼ਤਮ ਕਰਨਾ, ਅਸਮਾਨਤਾਵਾਂ ਤੇ ਬੇਇਨਸਾਫ਼ੀਆਂ ਨਾਲ ਲੜਨਾ ਤੇ 2030 ਤੱਕ ਜਲਵਾਯੂ ਤਬਦੀਲੀ ਨਾਲ ਨਜਿੱਠਣ ਲਈ 17 ਟਿਕਾਊ ਵਿਕਾਸ ਟੀਚੇ ਤੇ 169 ਸਬੰਧਿਤ ਟੀਚੇ ਸ਼ਾਮਿਲ ਕੀਤੇ ਗਏ। ਭਾਰਤ ਸੰਯੁਕਤ ਰਾਸ਼ਟਰ ਦੇ ਸਾਰੇ 193 ਮੈਂਬਰ ਦੇਸ਼ਾਂ ਵਿੱਚੋਂ ਇੱਕ ਹੈ। ਟਿਕਾਊ ਵਿਕਾਸ ਸਰਬਵਿਆਪਕ ਹਨ ਭਾਵ ਵਿਕਸਤ, ਵਿਕਾਸਸ਼ੀਲ, ਘੱਟ ਵਿਕਸਤ ਦੇਸ਼ਾਂ ਤੇ ਵੀ ਲਾਗੂ ਹੁੰਦੇ ਹਨ।

14 ਜੂਨ 2021 ਨੂੰ ਸੰਯੁਕਤ ਰਾਸ਼ਟਰ ਦੇ ਟਿਕਾਊ ਵਿਕਾਸ ਬਾਰੇ ਕੈਂਬਰਿਜ ਯੂਨੀਵਰਸਿਟੀ ਵੱਲੋਂ ਜਾਰੀ ਕੀਤੀ ਰਿਪੋਰਟ ਅਨੁਸਾਰ ਭਾਰਤ ਟਿਕਾਊ ਵਿਕਾਸ ਤੇ 17 ਟੀਚੇ ਹਾਸਿਲ ਕਰਨ ਦੇ ਮਾਮਲੇ ਵਿੱਚ 165 ਦੇਸ਼ਾਂ ਵਿੱਚੋਂ 2019 (115 ਦਰਜੇ) ਨਾਲੋਂ 5 ਦਰਜੇ ਘੱਟ ਕੇ 120 ਰੈਂਕ ਤੇ ਪਹੁੰਚ ਗਿਆ ਹੈ। ਸੰਯੁਕਤ ਰਾਸ਼ਟਰ ਵੱਲੋਂ ਟਿਕਾਊ ਵਿਕਾਸ ਦੀ ਦਰਜਾਬੰਦੀ ਸ਼ੋਸ਼ਲ ਡਿਵੈਲਪਮੈਂਟ ਗੋਲਜ਼ (ਐੱਸ ਡੀ ਜੀ) ਦੇ 100 ਅੰਕਾਂ ਵਿੱਚੋਂ ਕੀਤੀ ਜਾਂਦੀ ਹੈ। ਭਾਰਤ ਨੇ 100 ਅੰਕਾਂ ਵਿਚੋਂ 60।7 ਅੰਕ ਪ੍ਰਾਪਤ ਕੀਤੇ ਹਨ ਜਦੋਂ ਕਿ ਗੁਆਂਢੀ ਮੁਲਕਾਂ ਚੀਨ 72.6, ਭੂਟਾਨ 69.98, ਨੇਪਾਲ 66.5, ਮਿਆਂਮਾਰ 64.9, ਤੇ ਬੰਗਲਾਦੇਸ਼ 63.5 ਨੇ ਭਾਰਤ ਤੋਂ ਜ਼ਿਆਦਾ ਅੰਕ ਪ੍ਰਾਪਤ ਕੀਤੇ ਹਨ, ਟਿਕਾਊ ਵਿਕਾਸ ਵਿੱਚ ਸਭ ਤੋਂ ਜ਼ਿਆਦਾ 85.9 ਅੰਕ ਫਿਨਲੈਂਡ ਨੇ ਪ੍ਰਾਪਤ ਕੀਤੇ ਹਨ।




ਭਾਵੇਂ ਕਿ ਨੀਤੀ ਆਯੋਗ ਟਿਕਾਊ ਵਿਕਾਸ ਟੀਚਿਆਂ ਦੇ ਰਾਸ਼ਟਰੀ ਲਾਗੂ ਕਰਨ ਦੀ ਨਿਗਰਾਨੀ ਦਾ ਇੰਚਾਰਜ ਹੈ। ਨੀਤੀ ਆਯੋਗ ਨੇ ਟੀਚਿਆਂ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ ਸਾਰੇ ਟਿਕਾਊ ਵਿਕਾਸ ਟੀਚੇ ਕੇਂਦਰੀ ਮੰਤਰਾਲਿਆਂ ਤੇ ਕੇਂਦਰ ਦੁਆਰਾ ਸਪਾਂਸਰ ਕੀਤੀਆਂ ਗਈਆਂ ਸਕੀਮਾਂ ਦੀ ਮੈਪਿੰਗ ਨੂੰ ਪੂਰਾ ਕਰ ਲਿਆ ਹੈ। ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਸਮੇਤ ਰਾਸ਼ਟਰੀ ਤੇ ਖੇਤਰੀ ਪੱਧਰ ਤੇ ਹੋਰ ਸਮਾਜਿਕ ਸੰਸਥਾਵਾਂ ਨਾਲ ਸੰਪਰਕ ਕਾਇਮ ਕਰ ਲਿਆ ਹੈ ਪਰ ਜਦੋਂ ਤੱਕ ਇਨ੍ਹਾਂ ਟਿਕਾਊ ਵਿਕਾਸ ਦੇ ਟੀਚਿਆਂ ਬਾਰੇ ਆਮ ਭਾਰਤੀ ਨਾਗਰਿਕ ਜਾਣੂ ਨਹੀਂ ਹੁੰਦਾ ਤਦ ਤਕ ਇਨ੍ਹਾਂ ਦੀ ਪ੍ਰਾਪਤੀ ਅਸੰਭਵ ਜਾਪਦੀ ਹੈ ਹਰੇਕ ਨਾਗਰਿਕ 2030 ਏਜੰਡੇ ਦੀ ਪ੍ਰਾਪਤੀ ਦਾ ਨਾਇਕ ਤਦ ਹੀ ਬਣੇਗਾ ਜਦੋਂ ਉਹ ਇਨ੍ਹਾਂ ਟੀਚਿਆਂ ਬਾਰੇ ਪੂਰੀ ਤਰ੍ਹਾਂ ਜਾਣੂ ਹੋਵੇਗਾ।

ਜੇਕਰ ਗੱਲ ਟਿਕਾਊ ਵਿਕਾਸ 17 ਟੀਚਿਆਂ ਦੇ ਸੰਦਰਭ ਭਾਰਤ ਦੀ ਸਥਿਤੀ ਦੀ ਕੀਤੀ ਜਾਵੇ ਤਾਂ ਪਹਿਲਾ ਟਿਕਾਊ ਵਿਕਾਸ ਦਾ ਟੀਚਾ "ਕੋਈ ਗ਼ਰੀਬੀ ਨਹੀਂ" ਹੈ। ਇਸ ਅਨੁਸਾਰ ਗ਼ਰੀਬੀ ਨੂੰ ਖ਼ਤਮ ਕਰਨਾ ਮਨੁੱਖਤਾ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀਆਂ ਵਿੱਚੋਂ ਇੱਕ ਹੈ। ਜਦਕਿ ਅਤਿ ਗ਼ਰੀਬੀ ਵਿੱਚ ਰਹਿਣ ਵਾਲੇ ਲੋਕਾਂ ਦੀ ਗਿਣਤੀ ਅੱਧ ਤੋਂ ਵੱਧ ਘਟ ਗਈ ਹੈ। ਵਿਸ਼ਵ ਪੱਧਰ ਤੇ 800 ਮਿਲੀਅਨ ਤੋਂ ਵੱਧ ਲੋਕ ਅਜੇ ਵੀ 1.25 ਅਮਰੀਕੀ ਡਾਲਰ ਪ੍ਰਤੀ ਦਿਨ ਰਾਤ ਤੋਂ ਘੱਟ ਤੇ ਗੁਜ਼ਾਰਾ ਕਰ ਰਹੇ ਹਨ ਕਈਆਂ ਕੋਲ ਢੁੱਕਵੇਂ ਭੋਜਨ ਪੀਣ ਵਾਲੇ ਸਾਫ ਪਾਣੀ ਤੇ ਸੈਨੀਟੇਸ਼ਨ ਤਕ ਪਹੁੰਚ ਦੀ ਘਾਟ ਹੈ। ਭਾਰਤ ਦੇ 1% ਸਰਮਾਏਦਾਰਾਂ ਕੋਲ 70% ਆਬਾਦੀ ਅਰਥਾਤ 95.3 ਕਰੋੜ ਲੋਕਾਂ ਦੀ ਇਕੱਠੀ ਸੰਪਤੀ ਤੋਂ ਚਾਰ ਗੁਣਾ ਵੱਧ ਸੰਪਤੀ ਇਕੱਠੀ ਹੋ ਚੁੱਕੀ ਹੈ ।

ਦੂਜਾ ਟਿਕਾਊ ਵਿਕਾਸ ਟੀਚਾ "ਜ਼ੀਰੋ ਭੁੱਖ" ਭਾਵ ਭੁੱਖ ਨੂੰ ਖਤਮ ਕਰਨਾ ਭੋਜਨ ਸੁਰੱਖਿਆ ਤੇ ਬਿਹਤਰ ਪੋਸ਼ਣ ਪ੍ਰਾਪਤ ਕਰਨਾ ਤੇ ਟਿਕਾਊ ਖੇਤੀ ਨੂੰ ਉਤਸ਼ਾਹਿਤ ਕਰਨਾ ਹੈ। ਟਿਕਾਊ ਵਿਕਾਸ ਦਾ ਉਦੇਸ਼ 2030 ਤੱਕ ਭੁੱਖਮਰੀ ਤੇ ਕੁਪੋਸ਼ਣ ਦੇ ਸਾਰੇ ਰੂਪਾਂ ਨੂੰ ਖਤਮ ਕਰਨਾ ਅਤੇ ਇਹ ਯਕੀਨੀ ਬਣਾਉਣਾ ਕਿ ਸਾਡੇ ਸਾਰੇ ਲੋਕ ਖਾਸ ਕਰਕੇ ਬੱਚੇ ਤੇ ਵਧੇਰੇ ਕਮਜ਼ੋਰਾਂ ਨੂੰ ਸਾਰਾ ਸਾਲ ਲੋੜੀਂਦੇ ਤੇ ਪੌਸ਼ਟਿਕ ਭੋਜਨ ਮਿਲੇ। ਇਸ ਤੋਂ ਇਲਾਵਾ ਛੋਟੇ ਪੱਧਰ ਦੇ ਕਿਸਾਨਾਂ ਦੀ ਰੋਜ਼ੀ ਰੋਟੀ ਤੇ ਸਮਰੱਥਾ ਵਿੱਚ ਸੁਧਾਰ ਕਰਨਾ, ਜ਼ਮੀਨ, ਟੈਕਨਾਲੋਜੀ ਤੇ ਬਾਜ਼ਾਰਾਂ ਤੱਕ ਬਰਾਬਰ ਪਹੁੰਚ ਦੀ ਆਗਿਆ ਦੇਣਾ ਹੈ। ਪਰ ਭਾਰਤ ਦੁਨੀਆਂ ਦੇ 24% ਕੁਪੋਸ਼ਣ ਦਾ ਘਰ ਹੈ ਸਭ ਤੋਂ ਵੱਧ ਦਰ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਹੈ ।



ਪ੍ਰੋ ਗੁਰਵੀਰ ਸਿੰਘ ਸਰੌਦ, ਮਲੇਰਕੋਟਲਾ

ਭੁੱਖਮਰੀ ਦੀ ਸਥਿਤੀ ਤਾਂ ਗਲੋਬਲ ਭੁੱਖਮਰੀ ਰਿਪੋਰਟ ਦੇ ਅੰਕੜਿਆਂ ਨੇ ਜੱਗ ਜ਼ਾਹਰ ਕਰ ਦਿੱਤੀ ਹੈ ਕਿਉਂਕਿ ਅੰਕ-ੜਆਂ ਮੁਤਾਬਿਕ ਭਾਰਤ ਇਸ ਸਮੇਂ ਦੁਨੀਆਂ ਦੇ 116 ਦੇਸ਼ਾਂ ਵਿਚੋਂ ਭੁੱਖਮਰੀ ਵਿਚ 101ਵੇਂ ਸਥਾਨ ਤੇ ਹੈ। ਹਰੀ ਕ੍ਰਾਂਤੀ ਕਾਰਨ ਭਾਰਤ ਅੰਨ ਸੁਰੱਖਿਆ ਪੱਖ ਤੋਂ ਤਾਂ ਵਿਕਸਤ ਹੋ ਗਿਆ ਪ੍ਰੰਤੂ ਉਤਪਾਦਨਾਂ ਵਿਚ ਗੁਣਵੱਤਾ ਦੀ ਕਮੀ ਕਾਰਨ ਅੰਤਰਰਾਸ਼ਟਰੀ ਮੰਡੀ ਵਿਚ ਮੁਕਾਬਲਾ ਪਿੱਛੇ ਰਹਿ ਜਾਂਦਾ ਹੈ ਅਤੇ ਖੇਤੀ ਖੇਤਰ ਵਿੱਚ ਨਵੀਆਂ ਤਕਨੀਕਾਂ ਦੇ ਉਦਯ-ੋਗੀਕਰਨ ਨੂੰ ਘੱਟ ਅਪਣਾਇਆ ਜਾ ਸਕਣ ਦਾ ਕਾਰਨ ਜ਼ਮੀਨ ਦੀ ਮਾਲਕੀ ਦਾ ਛੋਟੀਆਂ ਜੋਤਾਂ ਵਿੱਚ ਵੰਡਿਆ ਜਾਣਾ ਤੇ ਮੱਧ ਵਰਗੀ ਕਿਸਾਨੀ ਦਾ ਮਹਿੰਗੀ ਮਸ਼ੀਨਰੀ ਨਾ ਖਰੀਦ ਸਕਣਾ ਹੈ ।

ਤੀਜਾ ਟਿਕਾਊ ਵਿਕਾਸ ਟੀਚਾ ਚੰਗੀ ਸਿਹਤ ਤੇ ਤੰਦਰੁਸਤੀ ਨੂੰ ਯਕੀਨੀ ਬਣਾਉਣਾ । ਮਾਵਾਂ, ਨਵਜੰਮੇ ਤੇ 5 ਸਾਲ ਤੋਂ ਘੱਟ ਮੌਤ ਦਰਾਂ ਨੂੰ ਘਟਾਉਣ ਨਾਲ ਸ਼ੁਰੂ ਹੁੰਦਾ ਹੈ। ਗੈਰ ਸੰਚਾਰੀ ਬੀਮਾਰੀਆਂ (ਐਨ. ਸੀ. ਡੀ. ਐੱਸ) ਵਿਸ਼ਵ ਭਰ ਵਿੱਚ ਮਨੁੱਖੀ ਸਿਹਤ ਤੇ ਵੱਡਾ ਬੋਝ ਪਾਉਂਦੀਆਂ ਹਨ। ਦੁਨੀਆਂ ਵਿੱਚ ਹੋਣ ਵਾਲੀਆਂ ਮੌਤਾਂ ਵਿਚ 63% ਐੱਨ।ਸੀ।ਡੀ।ਐਸ ਤੋਂ ਹੁੰਦੀਆਂ ਹਨ ਮੁੱਖ ਤੌਰ ਤੇ ਕੈਂਸਰ, ਸ਼ੂਗਰ ਤੇ ਸਾਹ ਦੀ ਪੁਰਾਣੀ ਬਿਮਾਰੀਆਂ ਸ਼ਾਮਿਲ ਹਨ। ਭਾਰਤ ਵਿੱਚ ਮਨੁੱਖ ਦੀ 68.8 ਸਾਲ ਦੀ ਉਮਰ ਸੰਭਾਵਨਾ ਹੈ ਹਰ ਸਾਲ ਲਗਪਗ 5.8 ਮਿਲੀਅਨ ਲੋਕ ਗੈਰ ਸੰਚਾਰੀ ਬੀਮਾਰੀਆਂ ਨਾਲ ਮਰਦੇ ਹਨ।

ਚੌਥਾ ਟਿਕਾਊ ਵਿਕਾਸ ਟੀਚਾ ਮਿਆਰੀ ਸਿੱਖਿਆ

(ਬਾਕੀ ਅਗਲੇ ਸਫੇ 'ਤੇ)

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAY-ROLLS & INCORPORATION, INSURANCE LIFE Only-Agent. NOTARY, REAL ESTATE (SVA), EX-PECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment
IRS e-file
CTEC
California Tax Education Council
Registered Tax Preparer

CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com

# ਵਿਸ਼ਵ ਵਿੱਚ ਹਰ ਸਾਲ ਕਰੋੜਾਂ ਟਨ ਖਾਧ-ਪਦਾਰਥ ਬਰਬਾਦ ਕਰ ਦਿੱਤੇ ਜਾਂਦੇ ਹਨ !



ਬਲਰਾਜ ਸਿੰਘ ਸਿੱਧੂ ਕਮ-ਾਂਡੈਂਟ, ਪੰਡੋਰੀ ਸਿਧਵਾਂ

ਸੰਨ 2020 ਦੌਰਾਨ ਪੂਰੀ ਦੁਨੀਆਂ ਵਿੱਚ ਕਰੀਬ 98 ਕਰੋੜ ਟਨ ਖਾਧ ਪਦਾਰਥ ਬਰਬਾਦ ਕੀਤੇ ਗਏ ਸਨ ਜਿਨ੍ਹਾਂ ਨਾਲ ਧਰਤੀ ਦੁਆਲੇ ਦੋ ਇੰਚ ਚੌੜੀ ਤੇ ਦੋ ਇੰਚ ਉੱਚੀ ਪੱਟੀ ਸੱਤ ਵਾਰ ਬਣਾਈ ਜਾ ਸਕਦੀ ਹੈ। ਇਸ ਬਰਬਾਦੀ ਵਿੱਚ ਭਾਰਤ ਵਰਗੇ ਗਰੀਬ ਦੇਸ਼ ਦਾ ਵੀ ਵੱਡਾ ਹਿੱਸਾ ਹੈ ਜੋ ਕਰੀਬ 7 ਕਰੋੜ ਟਨ ਬਣਦਾ ਹੈ। ਖਾਧ ਪਦਾਰਥਾਂ ਦੀ ਬਰਬਾਦੀ ਵਿੱਚ ਘਰਾਂ ਦੀ ਰਸੋਈ 61%, ਹੋਟਲ, ਢਾਬੇ ਅਤੇ ਮੈਰਿਜ ਪੈਲੇਸ 26% ਅਤੇ ਥੋਕ ਤੇ ਪ੍ਰਚੂਨ ਦੀਆਂ ਦੁਕਾਨਾਂ 13% ਹਿੱਸਾ ਪਾਉਂਦੀਆਂ ਹਨ। ਦੁਨੀਆਂ ਵਿੱਚ ਪੈਦਾ ਕੀਤੇ ਜਾਂਦੇ ਕੁੱਲ ਅਨਾਜ ਤੇ ਸਬਜ਼ੀਆਂ ਵਿੱਚੋਂ 18% ਬਰਬਾਦ ਹੋ ਜਾਂਦੇ ਹਨ ਜਿਸ ਨਾਲ 40 ਟਨ ਭਾਰ ਚੁੱਕਣ ਦੀ ਸਮਰਥਾ ਵਾਲੇ 2 ਕਰੋੜ 30 ਲੱਖ ਟਰੱਕ ਭਰੇ ਜਾ ਸਕਦੇ ਹਨ। ਸੰਸਾਰ ਦੇ ਖਾਧ ਪਦਾਰਥ ਬਰਬਾਦ ਕਰਨ ਵਾਲੇ ਚੋਟੀ ਦੇ ਦਸ ਦੇਸ਼ਾਂ ਵਿੱਚੋਂ ਚੀਨ (10 ਕਰੋੜ ਟਨ) ਪਹਿਲੇ ਅਤੇ ਭਾਰਤ (7 ਕਰੋੜ ਟਨ) ਦੂਸਰੇ ਸਥਾਨ 'ਤੇ ਹੈ। ਇਸ ਤੋਂ ਬਾਅਦ ਕ੍ਰਮਵਾਰ ਅਮਰੀਕਾ (2 ਕਰੋੜ ਟਨ), ਜਪਾਨ (82 ਲੱਖ ਟਨ), ਜਰਮਨੀ (64 ਲੱਖ ਟਨ), ਫਰਾਂਸ (57 ਲੱਖ ਟਨ), ਇੰਗਲੈਂਡ (52 ਲੱਖ ਟਨ), ਰੂਸ (50 ਲੱਖ ਟਨ), ਸਪੇਨ (40 ਲੱਖ ਟਨ) ਅਤੇ ਆਸਟਰੇਲੀਆ (30 ਲੱਖ ਟਨ) ਆਉਂਦੇ ਹਨ। ਇਹ ਅੰਕੜੇ ਘੋਖਣ ਤੋਂ ਬਾਅਦ ਇਹ ਹੈਰਾਨੀਜਨਕ ਤੱਥ ਸਾਹਮਣੇ ਆਉਂਦਾ ਹੈ ਕਿ ਜਿਸ ਦੇਸ਼ ਦੀ ਜਿੰਨੀ ਵੱਧ ਅਬਾਦੀ ਹੈ, ਉਸ ਦੀ ਖਾਧ ਪਦਾਰਥਾਂ ਦੀ ਬਰਬਾਦੀ ਵੀ ਉਨੀ ਹੀ ਜਿਆਦਾ ਹੈ। ਯੁਨਾਈਟੇਡ ਨੇਸ਼ਨਜ਼ ਵੱਲੋਂ ਕੀਤੇ ਗਏ ਇੱਕ ਸਰਵੇ ਮੁਤਾਬਕ ਸੰਸਾਰ ਵਿੱਚੋਂ ਭੁੱਖਮਰੀ ਮਿਟਾਉਣ ਲਈ ਹੋਰ ਅਨਾਜ਼ ਪੈਦਾ ਕਰਨ ਦੀ ਬਜਾਏ ਜੇ ਸਿਰਫ ਖਾਧ ਪਦਾਰਥਾਂ ਦੀ ਬਰਬਾਦੀ ਨੂੰ ਹੀ ਰੋਕ ਲਿਆ ਜਾਵੇ ਤਾਂ ਸੰਸਾਰ ਦਾ ਕੋਈ ਵੀ ਵਿਅਕਤੀ ਭੁੱਖਾ ਨਹੀਂ ਸੌਂਵੇਂਗਾ।

ਯੂ.ਐਨ.ਈ.ਪੀ (ਯੁਨਾਈਟਿਡ ਨੇਸ਼ਨਜ਼ ਐਨਵਾਇਰਮੈਂਟ ਪ੍ਰੋਗਰਾਮ) ਮੁਤਾਬਕ ਖਾਣੇ ਦੀ ਬਰਬਾਦੀ ਨਾਲ ਸਿਰਫ ਭੁੱਖਮਰੀ ਹੀ ਨਹੀਂ ਵਧਦੀ, ਸਗੋਂ ਇਸ ਦੇ ਦੂਰਰਸ ਵਾਤਾਵਰਣ ਸਬੰਧੀ, ਆਰਥਿਕ ਅਤੇ ਸਮਾਜਿਕ ਪ੍ਰਭਾਵ ਵੀ ਪੈਂਦੇ ਹਨ। ਸਾਡੀ ਧਰਤੀ ਹਰ ਸਾਲ ਗਰਮ ਹੁੰਦੀ ਜਾ ਰਹੀ ਹੈ। ਇਸ ਤਾਪਮਾਨ ਨੂੰ ਵਧਾਉਣ ਵਾਲੀਆਂ ਗਰੀਨ ਹਾਊਸ ਗੈਸਾਂ (ਕਾਰਬਨ ਡਾਇਆਕਸਾਈਡ, ਮੀਥੇਨ ਅਤੇ ਨਾਈਟਰਸ ਆਕਸਾਈਡ ਆਦਿ) ਦਾ 10 ਤੋਂ 12% ਉਤਪਾਦਨ ਗੰਦਗੀ ਦੇ ਢੇਰਾਂ 'ਤੇ ਪਏ ਸੜਦੇ ਗਲਦੇ ਖਾਧ ਪਦਾਰਥਾਂ ਤੋਂ ਹੁੰਦਾ ਹੈ। ਖਾਧ ਪਦਾਰਥਾਂ ਦੀ ਬਰਬਾਦੀ ਰੋਕਣ ਨਾਲ ਗਰੀਨ ਹਾਊਸ ਗੈਸਾਂ ਦੇ ਉਤਪਾਦਨ ਵਿੱਚ ਕਮੀ ਹੋਵੇਗੀ, ਕੁਦਰਤ ਦੀ ਬਰਬਾਦੀ ਧੀਮੀ ਹੋ ਜਾਵੇਗੀ, ਭੁੱਖਮਰੀ ਖਤਮ ਹੋਵੇਗੀ ਅਤੇ ਅਰਬਾਂ ਡਾਲਰ ਦੀ ਬਚਤ ਅਲੱਗ ਤੋਂ ਹੋਵੇਗੀ। 2019 ਦੌਰਾਨ ਸੰਸਾਰ ਵਿੱਚ 269 ਕਰੋੜ ਲੋਕ ਭੁੱਖਮਰੀ ਦਾ ਸ਼ਿਕਾਰ ਹੋਏ ਸਨ ਤੇ ਕਰੋਨਾ ਦੇ ਵਾਰ ਵਾਰ ਹੋ ਰਹੇ ਪ੍ਰਕੋਪ ਕਾਰਨ ਇਹ ਗਿਣਤੀ 2022 ਵਿੱਚ ਕਈ ਗੁਣਾ ਵਧ ਜਾਣ ਦੀ ਆਸ਼ੰਕਾ ਹੈ। ਜੇ ਸਿਰਫ ਖਾਧ ਪਦਾਰਥਾਂ ਦੀ ਬਰਬਾਦੀ ਨੂੰ ਹੀ ਰੋਕ ਲਿਆ ਜਾਵੇ ਤਾਂ ਇਨ੍ਹਾਂ ਲੋਕਾਂ ਨੂੰ ਘੱਟੋ ਘੱਟ ਦੋ ਵਕਤ ਦਾ ਭਰ ਪੇਟ ਭੋਜਨ ਰੋਜ਼ਾਨਾ ਦਿੱਤਾ ਜਾ ਸਕਦਾ ਹੈ। ਲੰਬੇ ਸਮੇਂ ਤੱਕ ਇਹ ਹੀ ਸਮਝਿਆ ਜਾਂਦਾ ਰਿਹਾ ਸੀ ਕਿ ਖਾਧ ਪਦਾਰਥਾਂ ਦੀ ਬਰਬਾਦੀ ਸਿਰਫ ਅਮੀਰ ਦੇਸ਼ਾਂ ਦੀ ਸਮੱਸਿਆ ਹੈ। ਪਰ ਇਸ ਕੰਮ ਵਿੱਚ ਹੁਣ ਭਾਰਤ ਵਰਗੇ ਗਰੀਬ ਦੇਸ਼ ਕਿਤੇ ਅੱਗੇ ਲੰਘ ਗਏ ਹਨ।



ਭਾਰਤ ਵਿੱਚ ਸਭ ਤੋਂ ਜਿਆਦਾ ਬਰਬਾਦੀ ਵਿਆਹਾਂ ਦੇ ਸੀਜ਼ਨ ਦੌਰਾਨ ਹੁੰਦੀ ਹੈ। ਰੋਜ਼ਾਨਾਂ ਲੱਖਾਂ ਟਨ ਬਚਿਆ ਹੋਇਆ ਖਾਣਾ ਗਰੀਬਾਂ ਵਿੱਚ ਵੰਡਣ ਦੀ ਬਜਾਏ ਕੂੜੇ ਦੇ ਢੇਰਾਂ 'ਤੇ ਸੁੱਟ ਦਿੱਤਾ ਜਾਂਦਾ ਹੈ। ਭਾਰਤ ਵਿੱਚ ਵਿਆਹਾਂ ਦੌਰਾਨ 20 ਤੋਂ 30% ਖਾਣਾ ਬਰਬਾਦ ਹੁੰਦਾ ਹੈ। ਇੱਕ ਔਸਤ ਭਾਰਤੀ ਪਰਿਵਾਰ ਆਪਣੀ ਜ਼ਿੰਦਗੀ ਭਰ ਦੀ ਕਮਾਈ ਦਾ ਪੰਜਵਾਂ ਹਿੱਸਾ ਇੱਕ ਵਿਆਹ 'ਤੇ ਖਰਚ ਕਰ ਦਿੰਦਾ ਹੈ। ਕੈਟਰਿੰਗ ਕੰਪਨੀਆਂ ਨੇ ਪਿਛਲੇ ਵੀਹ ਸਾਲਾਂ ਵਿੱਚ ਪ੍ਰਤੀ ਪਲੇਟ ਖਾਣੇ ਦਾ ਰੇਟ 50 ਤੋਂ 60 ਗੁਣਾ ਤੱਕ ਵਧਾ ਦਿੱਤਾ ਹੈ। ਭਾਰਤ ਵਿੱਚ ਔਸਤਨ ਸਲਾਨਾ ਇੱਕ ਕਰੋੜ ਵਿਆਹ ਹੁੰਦੇ ਹਨ ਜਿਨ੍ਹਾਂ ਦੌਰਾਨ ਅਰਬਾਂ ਰੁਪਏ ਦਾ ਖਾਣਾ ਬਰਬਾਦ ਹੁੰਦਾ ਹੈ। ਬੰਗਲੌਰ ਐਗਰੀਕਲਚਰ ਯੂ-ਨੀਵਰਸਿਟੀ ਨੇ 2020 ਵਿੱਚ ਇਸ ਸਬੰਧੀ ਇੱਕ ਸਰਵੇ ਕਰਵਾਇਆ ਤਾਂ ਚੌਂਕਾਉਣ ਵਾਲੇ ਅੰਕੜੇ ਸਾਹਮਣੇ ਆਏ। ਸਿਰਫ ਬੰਗਲੌਰ ਸ਼ਹਿਰ ਵਿੱਚ ਹੋਏ 85000 ਵਿਆਹਾਂ ਵਿੱਚ ਹੀ 943 ਮੀਟਰਿਕ ਟਨ ਖਾਣਾ ਕੂੜੇ ਵਿੱਚ ਸੁਟਿਆ ਗਿਆ। ਇਹ ਖਾਣਾ ਢਾਈ ਕਰੋੜ ਗਰੀਬਾਂ ਨੂੰ ਇੱਕ ਸਾਲ ਲਈ ਦੋ ਵਕਤ ਦਾ ਖਾਣਾ ਦੇਣ ਲਈ ਕਾਫੀ ਸੀ। ਵਿਆਹਾਂ ਵਿੱਚ ਅੱਠ ਦਸ ਡਿੱਸ਼ਾਂ ਨਾਲ ਵੀ ਸਰ ਸਕਦਾ ਹੈ, ਪਰ ਫੋਕੀ ਸ਼ਾਨ ਵਿਖ-ਾਉਣ ਲਈ ਪੰਜਾਹ-ਪੰਜਾਹ ਡਿਸ਼ਾਂ ਤਿਆਰ ਕੀਤੀਆਂ ਜਾਂ-ਦੀਆਂ ਹਨ। ਖਾਣੇ ਦੀ ਰੱਜ ਕੇ ਬਰਬਾਦੀ ਕੀਤੀ ਜਾਂਦੀ ਹੈ। ਜਿਹੜਾ ਸੌ ਗ੍ਰਾਮ ਨਹੀਂ ਖਾ ਸਕਦਾ, ਉਹ ਕਿੱਲੋ ਪਾ ਲੈਂਦਾ ਹੈ। ਜਦੋਂ ਖਾਧਾ ਨਹੀਂ ਜਾਂਦਾ ਤਾਂ ਪਲੇਟ ਸਮੇਤ ਡਸਟ ਬਿਨ ਵਿੱਚ ਸੁੱਟ ਦਿੱਤਾ ਜਾਂਦਾ ਹੈ।

ਖਾਣੇ ਦੀ ਬਰਬਾਦੀ ਵਿੱਚ ਅਮੀਰ ਦੇਸ਼ ਵੀ ਪਿੱਛੇ ਨਹੀਂ ਹਨ। ਅਮਰੀਕਾ ਵਿੱਚ ਹਰ ਸਾਲ ਕਰੀਬ 40 ਅਰਬ ਡਾਲਰ ਦੇ ਖਾਧ ਪਦਾਰਥ ਬਰਬਾਦ ਕੀਤੇ ਜਾਂਦੇ ਹਨ ਜੋ ਕੁੱਲ ਉਤਪਾਦਨ ਦਾ 30% ਬਣਦਾ ਹੈ। ਇਸ ਕਾਰਨ ਵਾਤਾਵਰਣ ਦੀ ਬਰਬਾਦੀ ਤਾਂ ਹੁੰਦੀ ਹੀ ਹੈ ਸਗੋਂ ਇਸ ਨੂੰ ਪੈਦਾ ਕਰਨ ਲਈ ਵਰਤਿਆ ਗਿਆ ਖਰਬਾਂ ਲੀਟਰ ਪਾਣੀ ਵੀ ਜਾਇਆ ਹੋ ਜਾਂਦਾ ਹੈ। ਉੱਤਰੀ ਅਤੇ ਦੱਖਣੀ ਅਮਰੀਕਾ ਵਿੱਚ ਜਿੰਨੇ ਖਾਧ ਪਦਾਰਥ ਬਰਬਾਦ ਹੁੰਦੇ ਹਨ, ਉਨ੍ਹਾਂ ਨਾਲ 30 ਕਰੋੜ ਲੋਕਾਂ ਦੀ ਭੁੱਖ ਮਿਟਾਈ ਜਾ ਸਕਦੀ ਹੈ। ਇੰਗਲੈਂਡ ਵਿੱਚ ਖਾਣੇ ਦੀ ਸਭ ਤੋਂ ਵੱਧ ਬਰਬਾਦੀ ਘਰਾਂ ਵਿੱਚ ਕੀਤੀ ਜਾਂਦੀ ਹੈ। ਖਰੀਦੇ ਗਏ ਕੁੱਲ 217 ਲੱਖ ਟਨ ਖਾਧ ਪਦਾਰਥਾਂ ਵਿੱਚੋਂ 67 ਲੱਖ ਟਨ ( 32%) ਸਿਰਫ ਇਸ ਲਈ ਖਰਾਬ ਹੋ ਜਾਂਦਾ ਹੈ ਕਿਉਂਕਿ ਜਰੂਰਤ ਤੋਂ ਵੱਧ ਖਰੀਦ ਲਿਆ ਜਾਂਦਾ ਹੈ ਤੇ ਚੰਗੀ ਤਰਾਂ ਸੰਭਾਲਿਆ ਨਹੀਂ ਜਾਂਦਾ।

ਇੰਗਲੈਂਡ ਅਤੇ ਯੂਰਪ ਵਿੱਚ ਬਰਬਾਦ ਕੀਤੇ ਜਾ ਰਹੇ ਖਾਧ ਪਦਾਰਥਾਂ ਨਾਲ 20 ਕਰੋੜ ਲੋਕਾਂ ਨੂੰ ਖਾਣਾ ਦਿੱਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਆਸਟਰੇਲੀਆ ਵਿੱਚ 75 ਅਰਬ ਅਤੇ ਏਸ਼ੀਆ ਵਿੱਚ 112 ਖਰਬ ਡਾਲਰ ਦੇ ਖਾਧ ਪਦਾਰਥ ਹਰ ਸਾਲ ਬਰਬਾਦ ਹੋ ਜਾਂਦੇ ਹਨ। ਸਭ ਤੋਂ ਹੈਰਾਨੀਜਨਕ ਸਥਿੱਤੀ ਅਫਰੀਕਾ ਦੀ ਹੈ ਜਿੱਥੇ ਸੋਮਾਲੀਆ, ਚਾਡ, ਸੁਡਾਨ, ਮਾਲੀ, ਨਾਈਜ਼ੀਰੀਆ, ਇਥੋਪੀਆ ਅਤੇ ਸਹਾਰਾ ਰੇਗਸਤਾਨ ਦੇ ਅਨੇਕਾਂ ਦੇਸ਼ਾਂ ਦੀ ਕਰੋੜਾਂ ਅਬਾਦੀ ਭੁੱਖਮਰੀ ਨਾਲ ਜੂਝ ਰਹੀ ਹੈ। ਸਿਰਫ ਕੀਨੀਆਂ ਵਿੱਚ 950 ਲੱਖ ਲੀਟਰ ਅਤੇ ਤਨਜ਼ਾਨੀਆਂ ਵਿੱਚ 595 ਲੱਖ ਲੀਟਰ ਸਲਾਨਾ ਦੁੱਧ ਸੰਭਾਲਣ ਦੀਆਂ ਸਹੂਲਤਾਂ ਨਾ ਹੋਣ ਕਾਰਨ ਖਰਾਬ ਹੋ ਜਾਂਦਾ ਹੈ ਜੋ ਕੁੱਲ ਉਤਪਾਦਨ ਦਾ 30% ਬਣਦਾ ਹੈ। ਇਸੇ ਤਰਾਂ ਅਫਰੀਕਾ ਦਾ ਅਨਾਜ ਵੀ 20% ਦੇ ਕਰੀਬ ਖਰਾਬ ਹੋ ਜਾਂਦਾ ਹੈ ਜਿਸ ਨਾਲ ਉਸ ਦੀ 22% ਅਬਾਦੀ ਨੂੰ ਖਾਣਾ ਦਿੱਤਾ ਜਾ ਸਕਦਾ ਹੈ।

ਖਾਧ ਪਦਾਰਥਾਂ ਵਿੱਚ ਸਭ ਤੋਂ ਵੱਧ ਬਰਬਾਦੀ ਕ੍ਰ-ਮਵਾਰ ਸਬਜ਼ੀਆਂ, ਫਲਾਂ, ਦੁੱਧ ਅਤੇ ਅਨਾਜ਼ ਦੀ ਹੁੰਦੀ ਹੈ। ਸਬਜ਼ੀਆਂ ਤੇ ਫਲ 40 ਤੋਂ 50%, ਦੁੱਧ ਪਦਾਰਥ 36%, ਮੀਟ ਅਤੇ ਮੱਛੀ 32%, ਤੇਲ ਬੀਜ਼ 20% ਅਤੇ ਅਨਾਜ ਅਤੇ ਦਾਲਾਂ 30% ਦੇ ਕਰੀਬ ਬਰਬਾਦ ਹੋ ਜਾਂਦੇ ਹਨ। ਹਰ ਸਾਲ ਜਿੰਨੇ ਖਾਧ ਪਦਾਰਥ ਬਰਬਾਦ ਕੀਤਾ ਜਾ ਰਹੇ ਹਨ, ਉਹ ਅੱਧੇ ਅਫਰੀਕਾ ਮਹਾਂਦੀਪ ਦਾ ਢਿੱਡ ਭਰਨ ਲਈ ਕਾਫੀ ਹਨ। ਗਰੀਬ ਦੇਸ਼ਾਂ ਵਿੱਚ ਸਹੂਲਤਾਂ ਦੀ ਕਮੀ ਹੋਣ ਕਾਰਨ ਖਾਧ ਪਦਾਰਥਾਂ ਦੀ 40% ਬਰਬਾਦੀ ਉਤਪਾਦਨ ਅਤੇ ਪ੍ਰੋਸੈੱਸਿੰਗ ਸਮੇਂ ਹੁੰਦੀ ਹੈ, ਜਦੋਂ ਕਿ ਅਮੀਰ ਦੇਸ਼ਾਂ ਵਿੱਚ ਇਸ ਦੀ 40% ਬਰਬਾਦੀ ਸਟੋਰਾਂ ਅਤੇ ਵਿਕਣ ਤੋਂ ਬਾਅਦ ਘਰਾਂ ਵਿੱਚ ਹੁੰਦੀ ਹੈ। ਗਰੀਬ ਦੇਸ਼ਾਂ ਵਿੱਚ ਭੰਡਾਰਣ, ਡੱਬਾਬੰਦ ਕਰਨ ਅਤੇ ਦੁੱਧ ਸ਼ੀਤਲਕਰਣ ਵਰਗੀਆਂ ਸਹੂਲਤਾਂ ਨਾ ਹੋਣ ਕਾਰਨ ਬਰਬਾਦੀ ਹੋ ਰਹੀ ਹੈ ਤੇ ਅਮੀਰ ਦੇਸ਼ਾਂ ਵਿੱਚ ਲੋੜ ਤੋਂ ਵੱਧ ਖਾਣਾ ਖਰੀਦ ਲੈਣ ਕਾਰਨ।

ਪਾਣੀ, ਵਾਤਾਵਰਣ ਅਤੇ ਮਨੁੱਖੀ ਸਿਹਤ ਨੂੰ ਬਰਕਰਾਰ ਰੱਖਣ ਲਈ ਖਾਧ ਪਦਾਰਥਾਂ ਦੀ ਬਰਬਾਦੀ ਰੋਕਣੀ ਬਹੁਤ ਹੀ ਜਰੂਰੀ ਹੋ ਗਈ ਹੈ। ਕੁਝ ਸਾਲਾਂ ਤੋਂ ਯੂਰਪ, ਅਮਰੀਕਾ ਅਤੇ ਕੈਨੇਡਾ ਵਰਗੇ ਵਿਕਸਿਤ ਦੇਸ਼ਾਂ ਵਿੱਚ ਜਗ੍ਹਾ ਜਗ੍ਹਾ 'ਤੇ ਫੂਡ ਬੈਂਕ ਬਣ ਗਏ ਹਨ ਜਿੱਥੇ ਸਟੋਰਾਂ – ਹੋਟਲਾਂ ਵਾਲੇ ਅਤੇ ਸਧਾਰਣ ਲੋਕ ਆਪਣੇ ਵਾਧੂ ਖਾਧ ਪਦਾਰਥ ਪਹੁੰਚਾ ਆਉਂਦੇ ਹਨ। ਉਥੋਂ ਇਹ ਖਾਣਾ ਗਰੀਬ ਲੋਕਾਂ ਵਿੱਚ ਵੰਡ ਦਿੱਤਾ ਜਾਂਦਾ ਹੈ। ਕੁਝ ਦੇਰ ਤੋਂ ਭਾਰਤ ਵਿੱਚ ਵੀ ਕਈ ਸਮਾਜ ਸੇਵੀ ਸੰਸਥਾਵਾਂ ਨੇ ਇਹ ਸੇਵਾ ਸ਼ੁਰੂ ਕੀਤੀ ਹੋਈ ਹੈ। ਉਹ ਮੈਰਿਜ ਪੈਲਸਾਂ ਆਦਿ ਤੋਂ ਖਾਣਾ ਇਕੱਠਾ ਕਰ ਕੇ ਗਰੀਬਾਂ ਅਤੇ ਅਨਾਥਾਲਿਆਂ ਤੱਕ ਪਹੁੰਚਾ ਦਿੰਦੇ ਹਨ। ਕੈਟਰਿੰਗ ਵਾਲੇ ਅਤੇ ਅਮੀਰ ਲੋਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਵਿਆਹ ਅਤੇ ਹੋਰ ਸਮਾਗਮਾਂ ਦਾ ਵਧਿਆ ਹੋਇਆ ਖਾਣਾ ਕਿਸੇ ਚੰਗੀ ਸਮਾਜ ਸੇਵੀ ਸੰਸਥਾ ਨੂੰ ਦੇ ਦੇਣ ਤਾਂ ਜੋ ਕਿਸੇ ਗਰੀਬ ਦੇ ਕੰਮ ਆ ਸਕੇ।

# ਕੀ ਭਾਰਤ ਟਿਕਾਊ ਵਿਕਾਸ 2030 ਦੇ ਏਜੰਡੇ ਵਜੋਂ ਮਿੱਥੇ 17 ਟੀਚੇ ਪ੍ਰਾਪਤ ਕਰ ਸਕੇਗਾ?

**(ਸਫਾ 10 ਦੀ ਬਾਕੀ)**

ਤੇ ਬਰਾਬਰ ਗੁਣਵੱਤਾ ਵਾਲੀ ਸਿੱਖਿਆ ਨੂੰ ਯਕੀਨੀ ਬਣਾਉਣਾ ਤੇ ਸਾਰਿਆਂ ਲਈ ਜੀਵਨ ਭਰ ਸਿੱਖਣ ਦੇ ਮੌਕਿਆਂ ਨੂੰ ਉਤਸ਼ਾਹਿਤ ਕਰਨਾ ਹੈ। ਬੇਸ਼ੱਕ ਭਾਰਤ ਨੇ 96.85% ਸ਼ੁੱਧ ਪ੍ਰਾਇਮਰੀ ਦਾਖਲਾ ਦਰ ਤੇ 83.22% ਸੈਕੰਡਰੀ ਸੰਪੂਰਨਤਾ ਦਰ ਨਾਲ ਸਿੱਖਿਆ ਨੂੰ ਬੁੱਢਿਆਂ ਤੱਕ ਪਹੁੰਚਾਉਣ ਯੋਗ ਬਣਾਉਣ ਵਿੱਚ ਮਹੱਤਵਪੂਰਨ ਤਰੱਕੀ ਕੀਤੀ ਹੈ। ਪਰ ਸਕੂਲੀ ਸਿੱਖਿਆ ਗੁਣਵੱਤਾ ਦੇ ਮਾਮਲੇ ਵਿੱਚ ਲਗਾਤਾਰ ਘਟ ਰਹੀ ਹੈ, ਸਰਕਾਰੀ ਸਕੂਲਾਂ ਵਿੱਚ ਸਿੱਖਿਆ ਅਨੁਕੂਲ ਵਾਤਾਵਰਨ, ਅਧਿਆਪਕਾਂ ਨੂੰ ਲੋੜੀਂਦੀ ਸਿਖਲਾਈ ਨਾ ਹੋਣਾ, ਕਲਾਸਰੂਮਾਂ ਵਿੱਚ ਵਿਦਿਆਰਥੀ ਅਧਿਆਪਕ ਅਨੁਪਾਤ ਦਾ ਘੱਟ ਹੋਣਾ ਦਰਪੇਸ਼ ਚੁਣੌਤੀਆਂ ਹਨ।

ਪੰਜਵਾਂ ਟਿਕਾਊ ਵਿਕਾਸ ਟੀਚਾ ਲਿੰਗ ਸਮਾਨਤਾ ਪ੍ਰਦਾਨ ਕਰਨਾ ਤੇ ਔਰਤਾਂ ਤੇ ਲੜਕੀਆਂ ਨੂੰ ਸ਼ਕਤੀ ਪ੍ਰਦਾਨ ਕਰਨ ਤੋਂ ਹੈ। ਔਰਤਾਂ ਤੇ ਲੜਕੀਆਂ ਵਿਰੁੱਧ ਹਰ ਤਰ੍ਹਾਂ ਦੇ ਵਿਤਕਰੇ ਨੂੰ ਖ਼ਤਮ ਕਰਨਾ ਭਾਵ ਜਨਮ ਲਿੰਗ ਅਨੁਪਾਤ ਦਾ ਅੰਤਰ ਘਰੇਲੂ ਹਿੰਸਾ, ਲੀਡਰਸ਼ਿਪ ਵਿੱਚ ਔਰਤਾਂ ਮਹਿਲਾ ਕਿਰਤ ਸ਼ਕਤੀ ਭਾਗੀਦਾਰੀ ਦਾ ਅਨੁਪਾਤ ਤੇ ਪਰਿਵਾਰ ਨਿਯੋਜਨ ਟੀਚੇ ਸ਼ਾਮਲ ਹਨ । ਪਰ ਭਾਰਤ ਵਿੱਚ ਲਿੰਗਿਕ ਵਿਤਕਰਾ ਜਨਮ ਤੋਂ ਹੀ ਸ਼ੁਰੂ ਹੋ ਜਾਂਦਾ ਹੈ, ਬੇਸ਼ੱਕ ਸਮਾਂ ਬਦਲ ਰਿਹਾ ਹੈ ਪਰ ਇਸ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਵਿੱਚ ਭਾਰਤ ਅਸਫਲ ਰਿਹਾ ਹੈ। ਛੇਵਾਂ ਟਿਕਾਊ ਵਿਕਾਸ ਟੀਚਾ ਸਾਰਿਆਂ ਲਈ ਪਾਣੀ ਤੇ ਸੈਨੀਟੇਸ਼ਨ ਤਕ ਪਹੁੰਚ ਨੂੰ ਯਕੀਨੀ ਬਣਾਉਣਾ ਹੈ। 2030 ਏਜੰਡਾ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਤਾਜ਼ੇ ਪਾਣੀ ਦੇ ਸਰੋਤਾਂ ਤੇ ਵਾਤਾਵਰਨ ਪ੍ਰਣਾਲੀਆਂ ਦਾ ਟਿਕਾਊ ਪ੍ਰਬੰਧਨ ਸਮਾਜਿਕ ਵਿਕਾਸ ਤੇ ਆਰਥਿਕ ਵਿਕਾਸ ਲਈ ਵੀ ਮਹੱਤਵਪੂਰਨ ਹੈ।

ਸੱਤਵਾਂ ਟਿਕਾਊ ਵਿਕਾਸ ਟੀਚਾ ਸਾਰਿਆਂ ਲਈ ਕਿਫਾਇਤੀ ਭਰੋਸੇਮੰਦ ਟਿਕਾਊ ਤੇ ਆਧੁਨਿਕ ਊਰਜਾ ਤੱਕ ਯਕੀਨੀ ਬਣਾਉਣਾ ਹੈ ਭਾਰਤ ਨੇ ਪੂਰੇ ਦੇਸ਼ ਵਿਚ ਬਿਜਲੀ ਪ੍ਰਣਾਲੀ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗ ਯਤਨ ਕੀਤੇ ਹਨ ਜਿਸ ਵਿੱਚ 96.7% ਆਬਾਦੀ ਹੁਣ ਬਿਜਲੀ ਤੱਕ ਪਹੁੰਚ ਕਰ ਰਹੀ ਹੈ। ਅੱਠਵਾਂ ਟਿਕਾਊ ਵਿਕਾਸ ਟੀਚਾ ਸਾਰਿਆਂ ਲਈ ਸਮਾਵੇਸ਼ੀ ਤੇ ਟਿਕਾਊ ਆਰਥਿਕ ਵਿਕਾਸ ਰੁਜ਼ਗਾਰ ਤੇ ਵਧੀਆ ਕੰਮ ਉਤਸ਼ਾਹਿਤ ਕਰਨਾ ਹੈ । ਸਾਲ 2030 ਤੱਕ ਭਾਰਤ ਨੂੰ ਉਮੀਦ ਹੈ ਕਿ ਹਰੇਕ ਨਾਗਰਿਕ ਨੂੰ ਨੌਕਰੀ ਮਿਲੇ ਜੋ ਦੇਸ਼ ਦੀ ਉੱਨਤੀ ਵਿੱਚ ਯੋਗਦਾਨ ਪਾ ਸਕੇ। ਨੌਵਾਂ ਟਿਕਾਊ ਵਿਕਾਸ ਟੀਚਾ ਲਚਕੀਲੇ ਬੁਨਿਆਦੀ ਢਾਂਚੇ ਦਾ ਨਿਰਮਾਣ ਕਰਨਾ ਟਿਕਾਊ ਉਦਯੋਗੀਕਰਨ ਤੇ ਨਵੀਨਤਾ ਨੂੰ ਉਤਸ਼ਾਹਿਤ ਕਰਨਾ ਹੈ। ਭਾਰਤ ਸਰਕਾਰ ਨੇ ਦੂਰ ਦੁਰਾਡੇ ਦੇ ਪੇਂਡੂ ਖੇਤਰਾਂ ਵਿੱਚ ਡਿਜੀਟਲ ਬੁਨਿਆਦੀ ਢਾਂਚਾ ਬਣਾਉਣ ਲਈ ਕਾਫੀ ਯਤਨ ਕੀਤੇ ਹਨ। ਪ੍ਰਧਾਨ ਮੰਤਰੀ ਗਰਾਮ ਸੜਕ ਯੋਜਨਾ ਰਾਹੀਂ ਪੇਂਡੂ ਇਲਾਕਿਆਂ ਨੂੰ ਆਪਸ ਵਿਚ ਜੋੜਨ ਦੇ ਨਾਲ ਨਾਲ ਖੇਤੀਬਾੜੀ, ਬਾਜ਼ਾਰਾਂ, ਉੱਚ ਸੈਕੰਡਰੀ ਸਕੂਲਾਂ, ਹਸਪਤਾਲਾਂ ਤੇ ਹੋਰ ਸੰਸਥਾਵਾਂ ਨਾਲ ਵੀ ਨਵੀਨਤਾਕਾਰੀ ਤੇ ਸੰਮਿਲਤ ਵਿਕਾਸ ਨੂੰ ਉਤਸ਼ਾਹਿਤ ਕੀਤਾ ਹੈ ।

ਦਸਵਾਂ ਟਿਕਾਊ ਵਿਕਾਸ ਟੀਚਾ ਅਸਮਾਨਤਾਵਾਂ ਨੂੰ ਘਟਾਉਣਾ ਹੈ। ਗਲੋਬਲ ਤੌਰ ਤੇ ਆਮਦਨੀ ਅਸਮਾਨਤਾ ਵੱਧ ਰਹੀ ਹੈ। ਸਭ ਤੋਂ ਅਮੀਰ 10% ਵਿਸ਼ਵ ਆਮਦਨ ਆਮਦਨ ਦਾ 40% ਤੱਕ ਕਮਾ ਰਹੇ ਹਨ। ਸਭ ਤੋਂ ਗ਼ਰੀਬ 10% ਕੁੱਲ ਆਮਦਨ ਦਾ ਸਿਰਫ਼ 2 ਤੋਂ 7 ਪ੍ਰਤੀਸ਼ਤ ਦੇ ਵਿਚਕਾਰ ਕਮਾਉਂਦੇ ਹਨ, ਵਿਕਾਸਸ਼ੀਲ ਦੇਸ਼ਾਂ ਵਿੱਚ ਅਸਮਾਨਤਾ 11 ਫ਼ੀਸਦੀ ਵਧੀ ਹੈ । ਗਿਆਰਵਾਂ ਟਿਕਾਊ ਵਿਕਾਸ ਟੀਚਾ ਟਿਕਾਊ ਸ਼ਹਿਰ ਤੇ ਭਾਈਚਾਰੇ ਨੂੰ ਬਰਕਰਾਰ ਰੱਖਣਾ ਹੈ। ਕਿਉਂਕਿ ਦੁਨੀਆਂ ਦੀ ਅੱਧ ਤੋਂ ਵੱਧ ਆਬਾਦੀ ਹੁਣ ਸ਼ਹਿਰੀ ਖੇਤਰ ਵਿੱਚ ਰਹਿੰਦੀ ਹੈ 2050 ਤੱਕ ਇਹ ਅੰਕੜਾ ਵਧ ਕੇ 615 ਬਿਲੀਅਨ ਲੋਕਾਂ ਤੱਕ ਪਹੁੰਚ ਜਾਵੇਗਾ । ਭਾਰਤ ਦੇ ਸ਼ਹਿਰਾਂ ਦੀ ਸਿਹਤ ਤੰਦਰੁਸਤੀ ਤੇ ਸਥਿਰਤਾ ਨੂੰ ਅਜੇ ਵੀ ਸ਼ਹਿਰ ਦੀ ਸਥਿਤੀ ਨੂੰ ਵਿਕਸਤ ਕਰਨ ਲਈ ਸ਼ਹਿਰੀ ਨਿਗਮਾਂ ਤੇ ਰਾਜ ਸਰਕਾਰਾਂ ਵਿੱਚ ਸਹਿਯੋਗ ਦੀ ਘਾਟ ਕਾਰਨ ਖ਼ਤਰਾ ਬਰਕਰਾਰ ਹੈ।

ਬਾਰ੍ਹਵਾਂ ਟਿਕਾਊ ਵਿਕਾਸ ਟੀਚਾ ਜ਼ਿੰਮੇਵਾਰ ਖਪਤ ਤੇ ਉਤਪਾਦਨ ਪ੍ਰਤੀ ਜ਼ਿੰਮੇਵਾਰ ਹੋਣਾ ਹੈ। ਕਿਉਂਕਿ ਆਰਥਿਕ ਵਿਕਾਸ ਤੇ ਟਿਕਾਊ ਵਿਕਾਸ ਨੂੰ ਪ੍ਰਾਪਤ ਕਰਨਾ ਜ਼ਰੂਰੀ ਹੈ ਤਾਂ ਜੋ ਵਸਤੂਆਂ ਦੇ ਸਰੋਤਾਂ ਤੇ ਉਤਪਾਦਨਾਂ ਤੇ ਖਪਤ ਦੇ ਤਰੀਕੇ ਨੂੰ ਬਦਲ ਕੇ ਆਪਣੀਆਂ ਵਾਤਾਵਰਣਿਕ ਲੋੜਾਂ ਨੂੰ ਸੀਮਤ ਕੀਤਾ ਜਾ ਸਕੇ ਤੇ ਸਾਂਝੇ ਕੁਦਰਤੀ ਸਰੋਤਾਂ ਦਾ ਕੁਸ਼ਲ ਪ੍ਰਬੰਧਨ, ਜ਼ਹਿਰੀਲੇ ਰਹਿੰਦ ਖੂੰਹਦ ਪ੍ਰਦੂਸ਼ਕਾਂ ਦਾ ਨਿਪਟਾਰੇ ਦਾ ਤਰੀਕਾ ਹੀ ਇਸ ਟਿਕਾਊ ਵਿਕਾਸ ਦਾ ਟੀਚਾ ਹੈ।

ਤੇਰਵਾਂ ਟਿਕਾਊ ਵਿਕਾਸ ਟੀਚਾ ਜਲਵਾਯੂ ਤਬਦੀਲੀ ਤੇ ਇਸ ਦੇ ਪ੍ਰਭਾਵਾਂ ਦਾ ਮੁਕਾਬਲਾ ਕਰਨ ਲਈ ਤੁਰੰਤ ਕਾਰਵਾਈ ਕਰਨਾ ਹੈ। ਦੁਨੀਆਂ ਦਾ ਕੋਈ ਵੀ ਦੇਸ਼ ਅਜਿਹਾ ਨਹੀਂ ਜੋ ਜਲਵਾਯੂ ਪਰਿਵਰਤਨ ਦੇ ਗੰਭੀਰ ਪ੍ਰਭਾਵਾਂ ਤੋਂ ਜਾਣੂ ਨਾ ਹੋਵੇ। ਗਲੋਬਲ ਵਾਰਮਿੰਗ ਜਲਵਾਯੂ ਪ੍ਰਣਾਲੀ ਵਿਚ ਲੰਮੇ ਸਮੇਂ ਲਈ ਤਬਦੀਲੀਆਂ ਦਾ ਆਉਣਾ ਵੀ ਖ਼ਤਰਨਾਕ ਹੈ । ਸਿਰਫ਼ ਭੂਚਾਲਾਂ, ਸੁਨਾਮੀ, ਖੰਡੀ ਚੱਕਰਵਾਤਾਂ ਤੇ ਹੜ੍ਹਾਂ ਤੋਂ ਹੋਣ ਵਾਲੇ ਨੁਕਸਾਨ ਦੀ ਗਿਣਤੀ ਸੈਂਕੜੇ ਬਿਲੀਅਨ ਡਾਲਰਾਂ ਵਿੱਚ ਹੁੰਦੀ ਹੈ ਤਾਂ ਜਲਵਾਯੂ ਤਬਦੀਲੀ ਪ੍ਰਤੀ ਹਰੇਕ ਦੇਸ਼ ਨੂੰ ਜਾਗਰੂਕ ਹੋਣ ਦੀ ਲੋੜ ਹੈ।

ਚੌਦਵਾਂ ਟਿਕਾਊ ਵਿਕਾਸ ਟੀਚਾ ਪਾਣੀ ਦੇ ਹੇਠਾਂ ਜੀਵਨ ਨਾਲ ਸਬੰਧਤ ਹੈ। ਸਮੁੰਦਰ ਤੇ ਸਮੁੰਦਰੀ ਸਰੋਤਾਂ ਦੀ ਸੰਭਾਲ ਤੇ ਨਿਰੰਤਰ ਵਰਤੋਂ ਨੂੰ ਪ੍ਰੋਸਾਹਿਤ ਕਰਨਾ ਹੈ ਕਿਉਂਕਿ ਵਿਸ਼ਵ ਵਿੱਚ 3 ਅਰਬ ਤੋਂ ਵੱਧ ਲੋਕ ਆਪਣੀ ਰੋਜ਼ੀ ਰੋਟੀ ਲਈ ਸਮੁੰਦਰੀ ਤੇ ਤੱਟਵਰਤੀ ਜੀਵ ਵਿਭਿੰਨਤਾ ਤੇ ਨਿਰਭਰ ਹਨ। ਮਨੁੱਖ ਦੁਆਰਾ ਪੈਦਾ ਕੀਤੀ ਕਾਰਬਨ ਡਾਇਆਕਸਾਈਡ ਦਾ ਲਗਪਗ 30% ਹਿੱਸਾ ਸਮੁੰਦਰ ਹੀ ਜਜ਼ਬ ਕਰ ਲੈਂਦੇ ਹਨ। ਪਰ ਭਾਰਤ ਦੇ ਵਿਕਾਸ ਦਾ ਦੇਸ਼ ਦੇ ਸਮੁੰਦਰਾਂ ਤੇ ਜਲ ਮਾਰਗਾਂ ਦੀ ਸਿਹਤ ਤੇ ਕਾਫ਼ੀ ਮਾੜਾ ਪ੍ਰਭਾਵ ਪਿਆ ਕਿਉਂਕਿ ਉਦਯੋਗਿਕ ਖੇਤਰ ਵਿੱਚ ਵਿਚਲਾ ਦੂਸ਼ਿਤ ਪਾਣੀ ਨੂੰ ਸਮੁੰਦਰਾਂ ਨਦੀਆਂ ਵਿੱਚ ਸੁੱਟਣਾ ਵਾਤਾਵਰਣਿਕ ਤੌਰ ਤੇ ਹਾਨੀਕਾਰਕ ਸਾਬਤ ਹੋਇਆ ਹੈ।

ਪੰਦਰਵਾਂ ਟਿਕਾਊ ਵਿਕਾਸ ਟੀਚਾ ਸਥਾਈ ਤੌਰ ਤੇ ਜੰਗਲਾਂ ਦਾ ਪ੍ਰਬੰਧਨ, ਮਾਰੂਥਲੀ ਦਾ ਮੁਕਾਬਲਾ, ਜ਼ਮੀਨ ਦੇ ਨਿਘਾਰ ਤੇ ਜੈਵ ਵਿਭਿੰਨਤਾ ਦੇ ਨੁਕਸਾਨ ਨੂੰ ਰੋਕਣਾ ਹੈ। ਮਨੁੱਖੀ ਜੀਵਨ ਲਈ ਜੰਗਲ 80%ਬਨਸਪਤੀ ਪ੍ਰਦਾਨ ਕਰਦੇ ਹਨ, ਕੁਦਰਤੀ ਸੋਮਿਆਂ ਦੀ ਬੇਲੋੜੀ ਵਰਤੋਂ ਨੇ ਮਾਰੂਥਲੀ, ਸੋਕੇ ਨੂੰ ਜਨਮ ਦਿੱਤਾ ਹੈ। ਭਾਰਤ ਦੇ ਵਿਕਾਸ ਚਾਲ ਨੇ ਤੇਜ਼ੀ ਨਾਲ ਆਬਾਦੀ ਦੇ ਵਾਧੇ ਤੇ ਅਮਲੀ ਤੌਰ ਤੇ ਪੂਰੇ ਉਪ ਮਹਾਂਦੀਪ ਵਿੱਚ ਖੇਤੀਬਾੜੀ ਦੇ ਫੈਲਣ ਦੇ ਨਤੀਜੇ ਵਜੋਂ ਜੰਗਲਾਂ ਅਤੇ ਜੰਗਲੀ ਜਾਨਵਰਾਂ ਦੇ ਨਿਵਾਸ ਸਥਾਨਾਂ ਨੂੰ ਨੁਕਸਾਨ ਵਿੱਚ ਬਦਲ ਦਿੱਤਾ ਹੈ ।

ਸੋਲ੍ਹਵਾਂ ਟਿਕਾਊ ਵਿਕਾਸ ਟੀਚਾ ਸ਼ਾਂਤੀ, ਨਿਆਂ ਤੇ ਸੰਸਥਾਵਾਂ ਨੂੰ ਮਜ਼ਬੂਤ ਕਰਨਾ ਹੈ । ਟਿਕਾਊ ਵਿਕਾਸ ਟੀਚਿਆਂ ਦਾ ਉਦੇਸ਼ ਹਿੰਸਾ ਦੇ ਰੂਪਾਂ ਨੂੰ ਮਹੱਤਵਪੂਰਨ ਤੌਰ ਤੇ ਘਟਾਉਣਾ ਹੈ। ਸੰਘਰਸ਼ ਤੇ ਸੁਰੱਖਿਆ ਦੇ ਸਥਾਈ ਹੱਲ ਲੱਭਣ ਲਈ ਦੇਸ਼ ਭਾਈਚਾਰਕ ਸਾਂਝ ਨਾਲ ਕੰਮ ਕਰਨ, ਜਿਸ ਨਾਲ ਵਿਸ਼ਵ ਸ਼ਾਂਤੀ ਦੀ ਸ਼ੁਰੂਆਤ ਹੋ ਸਕੇ ।

ਸਤਾਰ੍ਹਵਾਂ ਟਿਕਾਊ ਵਿਕਾਸ ਟੀਚਾ ਗਲੋਬਲ ਭਾਈਵਾਲੀ ਨੂੰ ਮੁੜ ਸੁਰਜੀਤ ਕਰਨਾ ਹੈ। ਸਰਕਾਰਾਂ, ਵਪਾਰਕ ਸੰਸਥਾਵਾਂ, ਗੈਰ ਲਾਭਕਾਰੀ ਸੰਸਥਾਵਾਂ ਤੇ ਸਿਵਲ ਸੁਸਾਇਟੀ ਵਿਚਕਾਰ ਟਿਕਾਊ ਵਿਕਾਸ ਟੀਚਿਆਂ ਲਈ ਆਪਣੀ ਪੂਰੀ ਸਮਰੱਥਾ ਨੂੰ ਪ੍ਰਾਪਤ ਕਰਨ ਲਈ ਭਾਈਚਾਰਕ ਸਾਂਝ ਪੈਦਾ ਕਰਨਾ ਹੈ ਜਿਸ ਨਾਲ ਇਕ ਦੇਸ਼ ਹੀ ਨਹੀਂ ਬਲਕਿ ਵਿਸ਼ਵ ਪੱਧਰ ਤੇ ਆਪਸੀ ਭਾਈਚਾਰਕ ਪੈਦਾ ਹੋਵੇਗੀ ਜਿਸ ਨਾਲ ਵਿਕਾਸਸ਼ੀਲ ਦੇਸ਼ਾਂ ਨੂੰ ਸਹਾਰਾ ਮਿਲੇਗਾ।

ਉਪਰੋਕਤ ਸੰਯੁਕਤ ਰਾਸ਼ਟਰ ਦੁਆਰਾ ਏਜੰਡਾ 2030 ਦੇ ਮਿੱਥੇ 17 ਟੀਚੇ ਪੂਰੇ ਵਿਸ਼ਵ ਲਈ ਇਕ ਸਾਕਾਰਾਤਮਿਕ ਦਿਸ਼ਾ ਨਿਰਦੇਸ਼ਕ ਹਨ। ਜਿਸ ਸਦਕਾ ਸਾਰੇ ਮੁਲਕ ਆਪਸ ਵਿੱਚ ਵਾਤਾਵਰਣਿਕ, ਸਮਾਜਿਕ, ਆਰਥਿਕ ਪੱਖਾਂ ਤੋਂ ਆਪਸੀ ਸੁਧਾਰ ਲਈ ਯਤਨਸ਼ੀਲ ਹਨ। ਭਾਰਤ ਇਕ ਤੇਜ਼ੀ ਨਾਲ ਉੱਭਰਦਾ ਹੋਇਆ ਵਿਕਾਸਸ਼ੀਲ ਦੇਸ਼ ਹੈ, ਜੋ ਸੰਯੁਕਤ ਰਾਸ਼ਟਰ ਦੁਆਰਾ ਮਿੱਥੇ ਟੀਚਿਆਂ ਦੀ ਪ੍ਰਾਪਤੀ ਲਈ ਸਰਗਰਮ ਹੈ । ਵਰਤਮਾਨ ਸਮੇਂ ਕੁਦਰਤੀ ਸਰੋਤਾਂ ਦੀ ਵਰਤੋਂ ਸੰਜਮ ਨਾਲ ਕੀਤੀ ਜਾਵੇ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਕੁਦਰਤੀ ਸੋਮੇ ਆਸਾਨੀ ਨਾਲ ਪੂਰੇ ਹੋ ਸਕਦੇ ਹਨ । ਸਰਕਾਰ ਟਿਕਾਊ ਵਿਕਾਸ ਦੇ ਟੀਚਿਆਂ ਦੀ ਪ੍ਰਾਪਤੀ ਲਈ ਸੰਗਠਿਤ ਯੋਜਨਾਬੰਦੀ ਤਹਿਤ ਹਰ ਇੱਕ ਨਾਗਰਿਕ ਤੱਕ ਜਾਗਰੂਕਤਾ ਕਾਇਮ ਕਰੇ। ਜਿਸ ਨਾਲ ਲੋਕਾਂ ਲਈ ਸਿਹਤ, ਸਮਾਨ ਅਧਿਕਾਰ ਤੇ ਭਵਿੱਖਤ ਵਾਤਾਵਰਨ ਸੁਰ-ੱਖਿਅਤ ਕੀਤਾ ਜਾ ਸਕੇ।



Cosmetic & Family Dentistry

UPPAL DENTAL CARE

50 % Discount for Cash Patients

INVISALIGN

Call for Details

Straighten Teeth Without Wires



Charanjit S Uppal D.D.S.

FREE TEETH WHITENING WITH PAID EXAM, X-RAY & CLEANING.
YOUR INSURANCE USUALLY COVER THESE SERVICES

- Laser Treatment
- Lumineers/Veneers
- Dentures & Partials
- Root Canals
- Bad Breath
- Cosmetic Dentistry
- Crowns & Bridges
- Tooth Extraction
- Gum Treatment

Strictly Maintained Sterilization Standards
Most Insurance Plans Accepted

1191 W Tennyson Rd. # 4,
Hayward. (CA) 94544
510-786-1780

1750 CLEAR LAKE AVE
Milpitas, CA 95035
408-942-4400

www.uppaldental.com




Quick Lube & Smog

We rent U-HAUL

OIL CHANGE & SMOG CHECK STATION

SUKHWINDER BHELLA

gogibhella@gmail.com

691 W. Tennyson Rd
Hayward, CA 94544

PH 510-757-6775
FAX 510-292-0330

TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



PREET FABRICS & APPLIANCE

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚੱਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ।
ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।



YOUR ONE-STOP CENTER BOTH FABRICS & APPLIANCES

APPLIANCES & LUGGAGE CROSS, PARKER PENS, OSTER BLENDERS

Watches (Seiko, Citizen & Swistar)
Shavers & Trimmers
Cellular Phones

Onkar Singh Saini

5156 Mowry AVE. Fremont. CA 94538
Tel- 510-797-7111

# Moon Indian Cuisine
## 510-780-9233

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜ਼ਰਬੇਕਾਰ ਕੁੱਕ

**Fish Pakora**

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ। ਘੱਟ ਕੀਮਤ 'ਤੇ ਲੈ ਸਕਦੇ ਹੋ।



Paul 510-978-7170

Over 30 Years Experience in Restaurant & Catering Business

**ਮੂਨ ਇੰਡੀਅਨ ਕੁਜ਼ੀਨ (ਹੇਵਰਡ)**
600 West Harder Rd. Hayward, CA 94544
Phone (510)780-9233 Fax (510) 780-9812
www.moonindiancuisine.net

# Raja

New Introducing Chaat Corner
King of Sweets Now Presents
Come and Enjoy Mouth Watering Chaat All Day




ਹੁਣ ਸ਼ੂਗਰ ਦੇ ਮਰੀਜ਼ਾਂ ਵਾਸਤੇ ਵੀ ਹਰ ਤਰ੍ਹਾਂ ਦੀ ਮਿਠਾਈ ਲੈ ਸਕਦੇ ਹੋ

- BHEL PAPDI CHAAT
- FALUDA KULFI
- GOL GAPPE (PANI PURI)
- KHASTA KACHORI

## RAJA SWEETS & INDIAN CUISINE
31583 Alvarado Blvd. Union City, CA 94587
Phone : (510) 489-9100

# FAIRWAY BODY SHOP

ਹਰ ਤਰ੍ਹਾਂ ਦੀਆਂ ਗੱਡੀਆਂ ਕਾਰਾਂ ਦੀ ਡੈਂਟਿੰਗ ਤੇ ਪੇਂਟਿੰਗ ਲਈ ਬਹੁਤ ਹੀ ਤਸੱਲੀਬਖ਼ਸ਼ ਤੇ ਤਜਰਬੇਕਾਰ
ਐਸਟੀਮੇਟ ਜਾਂ ਕੰਮ ਕਰਾਉਣ ਲਈ ਫੋਨ ਕਰੋ, ਹਫਤੇ ਦੇ 6 ਦਿਨ ਖੁੱਲ੍ਹਾ ਰਹਿੰਦਾ ਹੈ
ਸੋਮਵਾਰ ਤੋਂ ਸ਼ਨਿਚਰਵਾਰ ਤੱਕ-ਸਵੇਰੇ 8 ਵਜੇ ਤੋਂ 6 ਵਜੇ ਤੱਕ



Gurdial Aujla



Darshan Aujla
510-750-6116

1421 Industrial Parkway West #C
Hayward, CA 94644
510-538-2983

# Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

**ਸਾਡੀ ਵਿਸ਼ੇਸਤਾ**

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ



Kashmir Singh Dhugga
Gurjeet kaur Dhugga
kashfabrics@gmail.com

**KASH FABRICS**
29576 Mission Blvd
Hayward,CA 94544
510-538-1138

# ਕੀ ਕਹਿੰਦੇ ਨੇ ਮਨ ਦੇ ਫੁਰਨੇ, ਮਾਹਿਰਾਂ ਦੀ ਅਲੱਗ ਰਾਏ





ਜਦੋਂ ਮਹਾਨ ਵਿਗਿਆਨੀ ਐਲਬਰਟ ਆਇਨਸਟਾਈਨ ਨੂੰ ਉਨ੍ਹਾਂ ਦੀ ਪ੍ਰਤਿਭਾ ਦੇ ਸਰੋਤ ਬਾਰੇ ਪੁੱਛਿਆ ਗਿਆ, ਤਾਂ ਉਨ੍ਹਾਂ ਨੇ ਬਿਨਾਂ ਕਿਸੇ ਝਿਜਕ ਦੇ ਕਿਹਾ "ਮੈਂ ਆਪਣੇ ਮਨ ਦੇ ਫੁਰਨਿਆਂ ਅਤੇ ਪ੍ਰੇਰਨਾਵਾਂ ਵਿੱਚ ਵਿਸ਼ਵਾਸ ਕਰਦਾ ਹਾਂ। ਮੈਨੂੰ ਕਈ ਵਾਰ ਲੱਗਦਾ ਹੈ ਕਿ ਮੈਂ ਸਹੀ ਹਾਂ। ਹਾਲਾਂਕਿ ਮੈਂ ਨਹੀਂ ਜਾਣਦਾ ਹੁੰਦਾ ਕਿ ਮੈਂ ਹਾਂ।"

ਇਹ ਗੱਲ ਆਇਨਸਟਾਈਨ ਨੇ ਸਾਲ 1929 ਵਿੱਚ ਸੈਟਰਡੇ ਈਵਨਿੰਗ ਪੋਸਟ ਨੂੰ ਕਹੀ ਸੀ। ਉਨ੍ਹਾਂ ਕਿਹਾ ਸੀ ਕਿ ਉਨ੍ਹਾਂ ਮਨ ਵਿਚ ਆਏ ਫੁਰਨੇ ਨੂੰ ਸਿਰੇ ਤੋਂ ਰੱਦ ਕਰਨ ਨਾਲੋਂ ਬਿਹਤਰ ਹੈ ਕਿ ਉਨ੍ਹਾਂ ਉੱਪਰ ਭਰੋਸਾ ਕੀਤਾ ਜਾਵੇ ਅਤੇ ਉਸ ਦੀ ਜਾਂਚ ਕੀਤੀ ਜਾਵੇ। ਅਜਿਹੇ ਵਿਚਾਰ ਰੱਖਣ ਵਾਲੇ ਆਇਨਸਟਾਈਨ ਕੋਈ ਇੱਕਲੇ ਨਹੀਂ ਸਨ। ਦੁਨੀਆਂ ਵਿੱਚ ਕਈ ਹੋਰ ਵੀ ਲੋਕਾਂ ਦੇ ਵਿਚਾਰ ਅਤੇ ਕਥਨ ਇਸ ਦੀ ਪੁਸ਼ਟੀ ਕਰਦੇ ਹਨ।

ਮਨ ਦੇ ਫੁਰਨੇ ਤੁਹਾਡੀ ਕੁਦਰਦੀ ਸਮਝ ਹੁੰਦੀ ਹੈ। ਜਦੋਂ ਤੁਸੀਂ ਕਿਸੇ ਸਥਿਤੀ ਵਿੱਚ ਹੁੰਦੇ ਹੋ ਤਾਂ ਤੁਹਾਨੂੰ ਆਪਣੇ-ਆਪ ਹੀ ਮਹਿਸੂਸ ਹੋ ਜਾਂਦਾ ਹੈ ਕਿ ਕੀ ਗਲਤ ਹੈ। ਇਹ ਕਰਾਮਾਤ ਸਹਿਜ ਬੋਧ (ਮਨ ਦੇ ਫੁਰਨੇ) ਕਾਰਨ ਹੀ ਸੰਭਵ ਹੋ ਪਾਉਂਦੀ ਹੈ। ਜਦੋਂ ਤੁਸੀਂ ਕੋਈ ਨਵਾਂ ਘਰ ਦੇਖਣ ਜਾਂਦੇ ਹੋ, ਕਿਸੇ ਸੰਭਾਵੀ ਨਵੀਂ ਨੌਕਰੀ ਬਾਰੇ ਸੋਚਦੇ ਹੋ ਜਾਂ ਕਿਸੇ ਦੀ ਇਮਾਨਦਾਰੀ ਬਾਰੇ ਨਿਰਣਾ ਕਰਨ ਬਾਰੇ ਸੋਚਦੇ ਹੋ, ਤਾਂ ਹੋ ਸਕਦਾ ਹੈ ਕਿ ਤੁਹਾਡੇ ਮਨ 'ਚ ਇਨ੍ਹਾਂ ਗੱਲਾਂ ਪ੍ਰਤੀ ਸਹੀ ਜਾਂ ਗਲਤ ਦਾ ਵਿਚਾਰ ਆਪਣੇ ਆਪ ਆ ਜਾਂਦੇ ਹਨ।

ਇਸਦੇ ਲਈ ਜ਼ਰੂਰੀ ਨਹੀਂ ਕਿ ਤੁਹਾਡੇ ਕੋਲ ਕੋਈ ਕਾਰਨ ਹੋਵੇ, ਇਹ ਇੱਕ ਅਹਿਸਾਸ ਹੁੰਦਾ ਹੈ, ਜੋ ਬਸ ਸਹਿਜੇ ਹੀ ਹੋ ਜਾਂਦਾ ਹੈ। ਸਾਡੀਆਂ ਅਜਿਹੀਆਂ ਪ੍ਰਵਿਰਤੀਆਂ ਨੂੰ ਇੱਕ ਕਿਸਮ ਦੀ ਰਹੱਸਮਈ 'ਛੇਵੀਂ ਰਗ' ਜਾਂ 'ਤੀਜੇ ਨੇਤਰ' ਦੇ ਰੂਪ ਵਿੱਚ ਵੀ ਦੇਖਿਆ ਜਾ ਸਕਦਾ ਹੈ, ਪਰ ਮਨ ਦੇ ਫੁਰਨੇ ਨੂੰ ਸਮਝਾਉਣ ਲਈ ਕਿਸੇ ਅਲੌਕਿਕ ਤਰੀਕੇ ਦੀ ਗੱਲ ਕਰਨ ਦੀ ਕੋਈ ਲੋੜ ਨਹੀਂ ਹੈ। ਪਿਛਲੇ ਦੋ ਦਹਾਕਿਆਂ ਵਿੱਚ ਮਨੋਵਿਗਿਆਨੀਆਂ ਅਤੇ ਤੰਤੂ-ਵਿਗਿਆਨੀਆਂ ਨੇ ਸਾਡੀਆਂ ਅਜਿਹੀਆਂ ਭਾਵਨ-ਾਵਾਂ ਦੇ ਸਰੋਤਾਂ ਅਤੇ ਸਾਡੇ ਜੀਵਨ ਵਿੱਚ ਉਨ੍ਹਾਂ ਦੀ ਜ਼ਰੂਰੀ ਭੂਮਿਕਾ ਦੀ ਪਛਾਣ ਕਰਨ ਲਈ ਵੱਡੀਆਂ ਸਫ਼ਲਤਾਵਾਂ ਹਾਸਲ ਕੀਤੀਆਂ ਹਨ। ਇਸ ਦੇ ਨਾਲ-ਨਾਲ, ਉਨ੍ਹਾਂ ਦੀ ਖੋਜ ਨੇ ਅਜਿਹੀਆਂ ਖਾਸ ਸਥਿਤੀਆਂ ਦੀ ਵੀ ਪਛਾਣ ਕੀਤੀ ਹੈ ਜਿਨ੍ਹਾਂ ਵਿੱਚ ਸਾਡੀ ਸਮਝ ਜਾਂ ਫੁਰਨਿਆਂ ਨੇ (ਇੰਟਿਊਸ਼ਨ) ਸਾਨੂੰ ਸਹੀ ਮਾਰਗ 'ਤੇ ਲੈ ਜਾਣ ਦੀ ਸੰਭਾਵਨਾ ਰੱਖਦੀ ਹੈ। ਜਦੋਂ ਇਹ ਸਾਨੂੰ ਸਹੀ ਰਾਹ 'ਤੇ ਨਹੀਂ ਲਿਜਾਂਦੀ, ਉਦੋਂ ਸਾਨੂੰ ਜੋ ਅਨੁਭਵ ਮਿਲਦੇ ਹਨ ਉਹ ਭਵਿੱਖ ਵਿੱਚ ਸਾਨੂੰ ਬਿਹਤਰ ਫੈਸਲੇ ਲੈਣ 'ਚ ਮਦਦ ਕਰਦੇ ਹਨ।

## ਫੁਰਨਿਆਂ ਬਾਰੇ ਇੱਕ ਅਹਿਮ ਪ੍ਰਯੋਗ

ਮਨ ਦੇ ਫੁਰਨਿਆਂ ਦੀ ਵਿਗਿਆਨਕ ਸਮਝ, ਆਈਓਵਾ ਗੈਂਬਲਿੰਗ ਟਾਸਕ ਵਜੋਂ ਜਾਣੀ ਜਾਂਦੀ ਇੱਕ ਪ੍ਰਯੋਗਸ਼ਾਲਾ ਵਾਲੀ ਖੇਡ ਨਾਲ ਸ਼ੁਰੂ ਹੁੰਦੀ ਹੈ। ਇਸ ਖੇਡ ਦੇ ਭਾਗੀਦਾਰਾਂ ਨੂੰ ਇੱਕ ਕੰਪਿਊਟਰ ਸਕ੍ਰੀਨ 'ਤੇ ਤਾਸ਼ ਦੇ ਪੱਤਿਆਂ ਦੀਆਂ ਚਾਰ ਢੇਰੀਆਂ ਦਿਖਾਈਆਂ ਜਾਂਦੀਆਂ ਹਨ, ਇਨ੍ਹਾਂ ਢੇਰੀਆਂ ਨੂੰ ਡੈੱਕ ਕਿਹਾ ਜਾਂਦਾ ਹੈ। ਹਰ ਵਾਰ ਜਦੋਂ ਉਹ ਕਿਸੇ ਇੱਕ ਕਾਰਡ ਨੂੰ ਚੁਣਦੇ ਅਤੇ ਪਲਟਦੇ ਹਨ, ਤਾਂ ਉਨ੍ਹਾਂ ਨੂੰ ਇਨਾਮ ਵਜੋਂ ਇੱਕ ਇਨਾਮ ਜਾਂ ਜੁਰਮਾਨਾ ਮਿਲਦਾ ਹੈ। ਕਾਰਡਾਂ ਜਾਂ ਤਾਸ਼ ਦੇ ਇਨ੍ਹਾਂ ਡੈੱਕਾਂ ਵਿੱਚੋਂ ਦੋ ਵਿੱਚ ਵੱਡੇ ਇਨਾਮ ਹੁੰਦੇ ਹਨ, ਪਰ ਨਾਲ ਹੀ ਇਨ੍ਹਾਂ ਵਿੱਚ ਵੱਡੇ ਜੁਰਮਾਨੇ ਵੀ ਹੁੰਦੇ ਹਨ। ਇਸਦਾ ਅਰਥ ਇਹ ਹੈ ਕਿ ਕਈ ਵਾਰ ਕਾਰਡ ਪਲਟਨ 'ਤੇ ਖਿਡਾਰੀਆਂ ਨੂੰ ਨੁਕਸਾਨ ਝੱਲਣਾ ਪਏਗਾ। ਬਾਕੀ ਦੇ ਦੋ ਡੈੱਕਾਂ ਵਿੱਚ ਪਹਿਲਿਆਂ ਦੇ ਮੁਕਾਬਲੇ ਛੋਟੇ ਇਨਾਮ ਹੋਣਗੇ, ਪਰ ਇਨ੍ਹਾਂ ਵਿੱਚ ਜੁਰਮਾਨੇ ਵੀ ਛੋਟੇ ਹੋਣਗੇ, ਮਤਲਬ ਕਿ ਇਹ ਵਧੇਰੇ ਸੁਰੱਖਿਅਤ ਹਨ ਅਤੇ ਨੁਕਸਾਨ ਘੱਟ ਹੋਵੇਗਾ।

ਖਿਡਾਰੀਆਂ ਨੂੰ ਇਹ ਨਹੀਂ ਦੱਸਿਆ ਜਾਂਦਾ ਕਿ ਕਿਹੜੇ ਡੈੱਕ ਲਾਭਦਾਇਕ ਹੋਣਗੇ, ਪਰ ਲਗਭਗ 40 ਕੋਸ਼ਿਸ਼ਾਂ ਤੋਂ ਬਾਅਦ, ਬਹੁਤ ਸਾਰੇ ਲੋਕ ਇਹ ਮਹਿਸੂਸ, ਕਰਨਾ ਸ਼ੁਰੂ ਕਰ ਦਿੰਦੇ ਹਨ ਕਿ ਕਿਹੜੇ ਡੈੱਕ ਵਿੱਚੋਂ ਉਨ੍ਹਾਂ ਨੂੰ ਵਧੇਰੇ ਲਾਭ ਹੋਵੇਗਾ। ਇੰਝ ਜਾਪਦਾ ਹੈ ਕਿ ਖਿਡਾਰੀਆਂ ਦਾ ਅਚੇਤ ਮਨ, ਜਿੱਤਾਂ ਅਤੇ ਹਾਰਾਂ ਦੇ ਪੈਟਰਨਾਂ ਨੂੰ ਧਿਆਨ ਵਿੱਚ ਰੱਖਣਾ ਸ਼ੁਰੂ ਕਰ ਦਿੰਦਾ ਹੈ। ਭਾਵੇਂ ਉਹ ਪ੍ਰਯੋਗ ਵਿੱਚ ਸ਼ਾਮਲ ਲੋਕ ਇਹ ਨਹੀਂ ਦੱਸ ਸਕੇ ਕਿ ਉਹ ਅਜਿਹਾ ਆਪਣੇ ਫੁਰਨੇ ਕਾਰਨ ਕਰ ਰਹੇ ਹਨ। ਇਹ ਸਮਝਣਾ ਮਹੱਤਵਪੂਰਨ ਹੈ ਕਿ ਪ੍ਰਯੋਗ ਵਿੱਚ ਸ਼ਾਮਲ ਲੋਕਾਂ ਦੇ ਫੈਸਲਿਆਂ ਅਨੁਸਾਰ, ਯੋਜਨਾਬੱਧ ਸਰੀਰਕ ਤਬਦੀਲੀਆਂ ਦੀ ਪਾਲਣਾ ਕਰਦੇ ਹੋਏ ਕਾਰਗੁਜ਼ਾਰੀ ਵਿੱਚ ਸੁਧਾਰ ਹੁੰਦਾ ਜਾਂਦਾ ਹੈ। ਮਿਸਾਲ ਵਜੋਂ, ਜਦੋਂ ਉਹ ਜ਼ੋਖਮ ਭਰੇ ਡੈੱਕ ਚੁਣਨਾ ਸ਼ੁਰੂ ਕਰਦੇ ਹਨ ਤਾਂ ਉਨ੍ਹਾਂ ਵਿੱਚੋਂ ਜ਼ਿਆਦਾਤਰ ਲੋਕ ਤਣਾਅ ਵਿੱਚ ਨਜ਼ਰ ਆਉਣ ਲੱਗਦੇ ਹਨ। ਮਿਸਾਲ ਵਜੋਂ ਦਿਲ ਦੀ ਧੜਕਣ ਵਿੱਚ ਮਾਮੂਲੀ ਤਬਦੀਲੀ ਅਤੇ ਪਸੀਨਾ ਆਉਣਾ ਆਦਿ। ਇਨ੍ਹਾਂ ਤਬਦੀਲੀਆਂ ਨੂੰ "ਸੋਮੈਟਿਕ ਮਾਰਕਰ" ਕਿਹਾ ਜਾਂਦਾ ਹੈ।

ਇਹ ਇੱਕ ਚੇਤਾਵਨੀ ਦੇ ਤੌਰ 'ਤੇ ਕੰਮ ਕਰਦੀਆਂ ਜਾਪਦੀਆਂ ਹਨ, ਜੋ ਕਿ ਲੋਕਾਂ ਨੂੰ ਗਲਤ ਚੋਣ ਕਰਨ ਤੋਂ ਰੋਕਦੀਆਂ ਹਨ ਅਤੇ ਉਹ ਅਹਿਸਾਸ ਦੀ ਤੀਬਰਤਾ ਨੂੰ ਵੀ ਘੱਟ ਕਰ ਸਕਦੀਆਂ ਹਨ। ਜਦੋਂ ਉਹ ਕੋਈ ਫੈਸਲਾ ਲੈਂਦੇ ਹਨ, ਤਾਂ ਉਹ ਉਸ ਨਾਲ ਸਬੰਧਿਤ ਜ਼ੋਖ਼ਮਾਂ ਨੂੰ ਵੇਖਣ ਵਿੱਚ ਅਸਫ਼ਲ ਰਹਿੰਦੇ ਹਨ। ਉਦਾਹਰਣ ਦੇ ਤੌਰ 'ਤੇ, ਉਹ ਆਪਣਾ ਸਾਰਾ ਪੈਸਾ ਕਿਸੇ ਮਾੜੇ ਕਾਰੋਬਾਰ ਵਿੱਚ ਨਿਵੇਸ਼ ਕਰ ਸਕਦੇ ਹਨ, ਜਦਕਿ ਦੂਜੇ ਇਸ ਕਾਰੋਬਾਰ 'ਤੇ ਆਸਾਨੀ ਨਾਲ ਭਰੋਸਾ ਨਹੀਂ ਦਿਖਾਉਂਦੇ। ਅਜਿਹੇ ਪ੍ਰਯੋਗ ਸੁਝਾਅ ਦਿੰਦੇ ਹਨ ਕਿ ਸਾਡੇ ਫੁਰਨਿਆਂ, ਸਾਡੀ ਫ਼ੈਸਲੇ ਲੈਣ ਵਾਲੀ ਟੂ-ਲਕਿੱਟ ਦਾ ਇੱਕ ਜ਼ਰੂਰੀ ਹਿੱਸਾ ਹਨ।

## ਮਾਹਰਾਂ ਵਾਲੀ ਨਜ਼ਰ

ਇਸ ਕਿਸਮ ਦੀ ਸੂਝ ਤੋਂ ਬਿਨਾਂ, ਲ ੋ ਕ ਅਸਲ ਜੀਵਨ ਵਿੱਚ ਅਕਸਰ ਗੰਭੀਰ ਸਮੱਸਿਆਵਾਂ ਵਿੱਚ ਫ਼ਸ ਸਕਦੇ ਹਨ। ਮਿਸਾਲ ਵਜੋਂ, ਕੁਝ ਨਿਊਰੋਲੋਜੀਕਲ ਮਰੀਜ਼ ਸੋਮੈਟਿਕ ਮਾਰਕਰ ਬਣਾਉਣ ਵਿੱਚ ਅਸਮਰੱਥ ਹੁੰਦੇ ਹਨ। ਇਸ ਲਈ ਉਨ੍ਹਾਂ ਵਿੱਚ 'ਮਨ ਵਿਚ ਫੁਰਨੇ' ਨਾ ਅਹੁੜਨ ਕਾਰਨ, ਜਦੋਂ ਉਨ੍ਹਾਂ ਨੂੰ ਕੋਈ ਫੈਸਲਾ ਲੈਣ ਲਈ ਕਿਹਾ ਜਾਂਦਾ ਹੈ ਤਾਂ ਉਹ ਅਕਸਰ 'ਵਿਸ਼ਲੇਸ਼ਣ ਅਧਰੰਗ' ਵਿੱਚ ਫਸੇ ਰਹਿੰਦੇ ਹਨ, ਸਾਧਾਰਨ ਭਾਸ਼ਾ ਵਿੱਚ ਕਹੀਏ ਤਾਂ ਉਨ੍ਹਾਂ ਤੋਂ ਫ਼ੈਸਲਾ ਨਹੀਂ ਲਿਆ ਜਾਂਦਾ। ਜਦੋਂ ਉਹ ਕੋਈ ਫੈਸਲਾ ਲੈਂਦੇ ਹਨ, ਤਾਂ ਉਹ ਉਸ ਨਾਲ ਸਬੰਧਿਤ ਜੋਖ਼ਮ ਨੂੰ ਵੇਖਣ ਵਿੱਚ ਅਸਫ਼ਲ ਰਹਿੰਦੇ ਹਨ। ਉਦਾਹਰਣ ਵਜੋਂ, ਉਹ ਆਪਣਾ ਸਾਰਾ ਪੈਸਾ ਕਿਸੇ ਮਾੜੇ ਕਾਰੋਬਾਰ ਵਿੱਚ ਨਿਵੇਸ਼ ਕਰ ਸਕਦੇ ਹਨ, ਜਦਕਿ ਦੂਜੇ ਇਸ ਕਾਰੋਬਾਰ 'ਤੇ ਆਸਾਨੀ ਨਾਲ ਭਰੋਸਾ ਨਹੀਂ ਜਤਾਉਂਦੇ। ਅਜਿਹੇ ਨਿਰੀਖਣ ਸੁਝਾਅ ਦਿੰਦੇ ਹਨ ਕਿ ਸਾਡੇ ਅਹਿਸਾਸ, ਸਾਡੇ ਫੈਸਲੇ ਲੈਣ ਵਾਲੀ ਟੂਲਕਿੱਟ ਦਾ ਇੱਕ ਜ਼ਰੂਰੀ ਹਿੱਸਾ ਹਨ। ਲਾਈ ਡਿਟੈਕਸ਼ਨ (ਝੂਠ ਨੂੰ ਫੜ੍ਹਨ ਦੀ ਤਕਨੀਕ) ਸਬੰਧੀ ਹੋਏ ਅਧਿਐਨਾਂ ਵਿੱਚ ਵੀ ਅਹਿਸਾਸਾਂ (ਗਟ ਫੀਲਿੰਗ) ਦੀ ਮਹੱਤਤਾ ਦੇ ਸਬੂਤ ਮਿਲਦੇ ਹਨ।

## ਮਾਹਰਾਂ ਵਾਲੀ ਨਜ਼ਰ

ਜੇਕਰ ਲੋਕਾਂ ਨੂੰ ਉਨ੍ਹਾਂ ਦੇ ਅਹਿਸਾਸ ਦੇ ਆਧਾਰ 'ਤੇ ਪੁੱਛਿਆ ਜਾਵੇ ਤਾਂ ਉਹ ਕਿਸੇ ਵਿਅਕਤੀ ਦੀ ਇਮਾਨਦਾਰੀ ਦਾ ਨਿਰਣਾ ਵਧੇਰੇ ਸਟੀਕਤਾ ਨਾਲ ਕਰਦੇ ਹਨ। ਹਾਲਾਂਕਿ ਜੇਕਰ ਉਨ੍ਹਾਂ ਨੂੰ ਇਸ ਬਾਰੇ ਸੋਚਣ ਅਤੇ ਫਿਰ ਕਾਰਨ ਦੱਸਣ ਲਈ ਕਿਹਾ ਜਾਵੇ ਤਾਂ ਸ਼ਾਇਦ ਉਹ ਓਨੀ ਸਟੀਕਤਾ ਨਾਲ ਨਾ ਦੱਸ ਸਕਣ। ਕੁਝ ਹੋਰ ਸਥਿਤੀਆਂ ਵਿੱਚ, ਸਾਡੇ ਅਹਿਸਾਸ ਕਿੰਨੇ ਮਜ਼ਬੂਤ ਹਨ ਇਹ ਇਸ ਗੱਲ 'ਤੇ ਨਿਰਭਰ ਕਰ ਸਕਦਾ ਹੈ ਕਿ ਸਾਡੇ ਅਨੁਭਵ ਕਿਹੋ ਜਿਹੇ ਹਨ। ਬੇਸ਼ੱਕ ਦਿਮਾਗ ਸਾਡੀਆਂ ਸਮੱਸਿਆਵਾਂ ਦਾ ਸਭ ਤੋਂ ਵਧੀਆ ਜਵਾਬ ਲੱਭਣ ਲਈ ਆਪਣੇ ਪੂਰਬ-ਗਿਆਨ ਦਾ ਇਸਤੇਮਾਲ ਕਰਦਾ ਹੈ ਅਤੇ ਸਾਨੂੰ ਚੇਤਨ ਤੌਰ 'ਤੇ ਉਨ੍ਹਾਂ ਯਾਦਾਂ ਨੂੰ ਯਾਦ ਕਰਨ ਦੀ ਜ਼ਰੂਰਤ ਵੀ ਨਹੀਂ ਪੈਂਦੀ। ਇਸ ਪ੍ਰਸੰਗ ਵਿੱਚ ਟੈਕਸਾਸ ਵਿੱਚ ਰਾਈਸ ਯੂਨੀਵਰਸਿਟੀ ਵਿੱਚ ਮੈਨੇਜਮੈਂਟ ਦੇ ਪ੍ਰੋਫੈਸਰ, ਏਰਿਕ ਡੇਨ ਦੀ ਅਗਵਾਈ ਵਿੱਚ ਕੀਤੇ ਗਏ ਇੱਕ ਪ੍ਰਯੋਗ 'ਤੇ ਵਿਚਾਰ ਕਰਦੇ ਹਾਂ।

ਸਾਲ 2012 ਵਿੱਚ ਉਨ੍ਹਾਂ ਦੀ ਖੋਜ ਟੀਮ ਨੇ ਵਿਦਿਆਰਥੀਆਂ ਨੂੰ ਡਿਜ਼ਾਈਨਰ ਹੈਂਡਬੈਗਾਂ ਦੀ ਇੱਕ ਸੀਰੀਜ਼ ਦੇਖਣ ਲਈ ਕਿਹਾ - ਜਿਨ੍ਹਾਂ ਵਿੱਚੋਂ ਕੁਝ ਅਸਲੀ ਉਤਪਾਦ ਸਨ ਅਤੇ ਕੁਝ ਉਨ੍ਹਾਂ ਦੀ ਨਕਲ ਸਨ। ਅਧਿਐਨ ਵਿੱਚ ਸ਼ਾਮਲ ਅੱਧੇ ਜਣਿਆਂ ਨੂੰ ਕਿਹਾ ਗਿਆ ਕਿ ਉਹ ਆਪਣੇ ਮਨ ਦੇ ਵਿਚਾਰ ਨੂੰ ਨਜ਼ਰਅੰਦਾਜ਼ ਕਰਨ ਅਤੇ ਅਜਿਹੀਆਂ ਸਾਰੀਆਂ ਵਿਸ਼ੇਸ਼ਤਾਵਾਂ ਦੀ ਸੂਚੀ ਬਣਾਉਣ, ਜਿਨ੍ਹਾਂ ਦੇ ਆਧਾਰ 'ਤੇ ਉਹ ਇਹ ਤੈਅ ਕਰਨਗੇ ਕਿ ਹੈਂਡਬੈਗ ਅਸਲੀ ਸਨ ਜਾਂ ਨਕਲੀ। ਬਾਕੀ ਸਾਰਿਆਂ ਨੂੰ ਕਿਹਾ ਗਿਆ ਕਿ ਉਹ ਆਪਣੇ ਅਹਿਸਾਸਾਂ (ਗਟ ਫੀਲਿੰਗ) ਦੇ ਆਧਾਰ 'ਤੇ ਨਿਰਣਾ ਕਰਨ। ਇਸ ਦੇ ਨਾਲ ਹੀ ਖੋਜਕਾਰਾਂ ਨੇ ਭਾਗੀਦਾਰਾਂ ਨੂੰ ਉਨ੍ਹਾਂ ਦੀਆਂ ਖਰੀਦਦਾਰੀ ਦੀਆਂ ਆਦਤਾਂ ਬਾਰੇ ਵੀ ਸਵਾਲ ਕੀਤੇ ਅਤੇ ਇਹ ਵੀ ਪੁੱਛਿਆ ਕਿ ਕੀ ਉਹਨਾਂ ਕੋਲ ਕਈ ਡਿਜ਼ਾਈਨਰ ਵਸਤੂਆਂ ਹਨ।

ਜਿਹੜੇ ਭਾਗੀਦਾਰ ਵਿਸ਼ਲੇਸ਼ਣ ਕਰਕੇ ਨਤੀਜੇ ਤੱਕ ਪਹੁੰਚੇ, ਉਨ੍ਹਾਂ ਉੱਪਰ ਪਿਛਲੇ ਤਜ਼ਰਬੇ ਦਾ ਬਹੁਤ ਘੱਟ ਫਰਕ ਪਿਆ: ਉਨ੍ਹਾਂ ਸਾਰਿਆਂ ਨੇ ਲਗਭਗ ਇੱਕੋ ਜਿਹੀ ਕਾਰਗੁਜ਼ਾਰੀ ਦਿਖਾਈ। ਜਿਨ੍ਹਾਂ ਨੂੰ ਆਪਣੀ ਸੂਝ ਅਤੇ ਗਟ ਫੀਲਿੰਗ ਦੀ ਵਰਤੋਂ ਕਰਨ ਲਈ ਕਿਹਾ ਗਿਆ ਸੀ, (ਹਾਲਾਂਕਿ, ਮੁਹਾਰਤ ਨੇ ਇੱਕ ਬਹੁਤ ਵੱਡਾ ਫ਼ਰਕ ਪਾਇਆ) ਫਿਰ ਵੀ ਉਨ੍ਹਾਂ ਦੇ ਅਹਿਸਾਸਾਂ ਦੀ ਪ੍ਰਤੀਕਿਰਿਆ ਦੀ ਸ਼ੁੱਧਤਾ ਵਿੱਚ ਬਹੁਤ ਵਾਧਾ ਹੋਇਆ। ਦਰਅਸਲ, ਜਿਨ੍ਹਾਂ ਲੋਕਾਂ ਨੇ ਆਪਣੇ ਮਨ ਦੇ ਫੁਰਨਿਆਂ ਦੀ ਵਰਤੋਂ ਕਰਕੇ ਫ਼ੈਸਲੇ ਲਏ ਉਨ੍ਹਾਂ ਦੇ ਫ਼ੈਸਲੇ ਬਾਕੀਆਂ ਦੇ ਮੁਕਾਬਲੇ ਲਗਭਗ 20% ਵਧੇਰੇ ਸਹੀ ਸਨ।

## ਇਸ ਨੂੰ ਜ਼ਿਆਦਾ ਨਾ ਸੋਚੋ

ਮਨ ਦੇ ਫੁਰਨਿਆਂ ਦੇ ਆਧਾਰ 'ਤੇ ਫੈਸਲੇ ਲੈਣ ਦੀ ਤਾਕਤ ਉਸ ਸਮੇਂ ਵਧੇਰੇ ਮਹੱਤਵਪੂਰਨ ਹੋ ਸਕਦੀ ਹੈ ਜਦੋਂ ਅਸੀਂ ਬਹੁਤ ਜ਼ਿਆਦਾ ਗੁੰਝਲਦਾਰ ਹਾਲਾਤ ਵਿਚ ਕੰਮ ਕਰ ਰਹੇ ਹੁੰਦੇ ਹਾਂ, ਅਜਿਹੀ ਜਾਣਕਾਰੀ ਜਿਸ ਨੂੰ ਸਹੀ ਢੰਗ ਨਾਲ ਯਾਦ ਰੱਖਣਾ ਬਹੁਤ ਮੁਸ਼ਕਿਲ ਹੁੰਦਾ ਹੈ। ਅਜਿਹੇ ਮਾਮਲਿਆਂ ਵਿੱਚ ਅਸੀਂ ਆਪਣੇ ਦਿਮਾਗ ਨੂੰ ਕਿਸੇ ਹੋਰ ਗੈਰ-ਸੰਬੰਧਿਤ ਗਤੀਵਿਧੀ ਵਿੱਚ ਲਗਾ ਕੇ ਕੰਮ ਕਰ ਸਕਦੇ ਹਾਂ - ਕਿਉਂਕਿ ਬੇਹੋਸ਼ ਜਾਂ ਅਚੇਤਨ ਦਿਮਾਗ ਸਾਡੇ ਲਈ ਆਪ ਫੈਸਲਾ ਲੈਂਦਾ ਹੈ। ਪ੍ਰਯੋਗਾਂ ਦੀ ਇੱਕ ਲੜੀ ਵਿੱਚ ਕੁਝ ਲੋਕਾਂ ਨੂੰ ਬਹੁਤ ਸਾਰੇ ਘਰਾਂ ਵਿਚੋਂ ਸਭ ਤੋਂ ਵੱਧ ਆਕਰਸ਼ਕ ਵਿਸ਼ੇਸ਼ਤਾਵਾਂ ਵਾਲੇ ਘਰ ਚੁਣਨ ਲਈ ਕਿਹਾ ਗਿਆ।

ਇਨ੍ਹਾਂ ਵਿਚੋਂ ਅੱਧਿਆਂ ਨੂੰ ਕਿਹਾ ਗਿਆ ਕਿ ਉਹ ਪੂਰੀ ਤਰ੍ਹਾਂ ਵਿਸ਼ਲੇਸ਼ਣ ਕਰਕੇ ਆਪਣੇ ਨਤੀਜੇ 'ਤੇ ਪਹੁੰਚਣ, ਜਦਕਿ ਬਾਕੀਆਂ ਨੂੰ ਕਿਹਾ ਗਿਆ ਕਿ ਉਹ ਮਨ ਦੇ ਫੁਰਨਿਆਂ ਅਤੇ ਅਹਿਸਾਸਾਂ ਦੇ ਆਧਾਰ 'ਤੇ ਨਤੀਜੇ ਦੇਣ। ਹੈਰਾਨੀ ਦੀ ਗੱਲ ਹੈ ਕਿ ਜਿਨ੍ਹਾਂ ਨੇ ਵਿਸ਼ਲੇਸ਼ਣ ਕੀਤਾ ਸੀ, ਕਿਉਂਕਿ ਉਨ੍ਹਾਂ ਕੋਲ ਵਿਸ਼ਲੇਸ਼ਣ ਕਰਨ ਲਈ ਬਹੁਤ ਸਾਰਾ ਡਾਟਾ ਅਤੇ ਸਮੱਗਰੀ ਸੀ, ਇਸ ਲਈ ਵਿਸ਼ਲੇਸ਼ਣ ਵਿੱਚ ਹੀ ਉਲਝਣ ਕਾਰਨ ਉਨ੍ਹਾਂ ਨੇ ਸਭ ਤੋਂ ਘੱਟ ਵਿਸ਼ੇਸ਼ਤਾਵਾਂ ਵਾਲੇ ਘਰ ਚੁਣੇ ਜਦਕਿ ਮਨ ਦੇ ਫੁਰਨਿਆਂ ਅਤੇ ਸੂਝ ਨਾਲ ਕੰਮ ਕਰਨ ਵਾਲਿਆਂ ਦੇ ਨਤੀਜੇ ਵਧੇਰੇ ਸਟੀਕ ਸਨ। ਕੁਝ ਅਧਿਐਨਾਂ ਮੁਤਾਬਕ ਸਾਨੂੰ ਆਪਣੇ ਤੁਰੰਤ ਅਤੇ ਪਹਿਲੇ ਫੁਰਨੇ ਮੁਤਾਬਕ ਫ਼ੈਸਲਾ ਲੈਣਾ ਚਾਹੀਦਾ ਹੈ, ਪਰ ਕਿਉਂਕਿ ਅਸੀਂ ਕਿਸੇ ਹੋਰ ਗਤੀਵਿਧੀ ਵੱਲ ਧਿਆਨ ਦੇ ਰਹੇ ਹੁੰਦੇ ਹਾਂ ਤਾਂ ਅਕਸਰ ਫੈਸਲਾ ਲੈਣ ਵਿੱਚ ਦੇਰੀ ਕਰਨ ਵਿੱਚ ਵੀ ਫਾਇਦਾ ਰਹਿੰਦਾ ਹੈ।

ਦੱਖਣੀ ਫਰਾਂਸ ਵਿੱਚ ਆਈਕਸ-ਮਾਰਸੇਲੀ ਯੂਨੀਵਰਸਿਟੀ ਵਿੱਚ ਇੱਕ ਕੋਗਨਿਟਿਵ ਮਨੋਵਿਗਿਆਨੀ, ਮਾਰਲੇਨ ਐਬਦੀ ਦੇ ਅਨੁਸਾਰ, ਇਸ ਤਰ੍ਹਾਂ ਨਾਲ ਥੋੜ੍ਹਾ ਰੁਕਣਾ ਜਾਂ ਦੇਰੀ ਕਰਨਾ ਸਾਡੇ ਅਚੇਤ ਦਿਮਾਗ ਲਈ ਮਦਦਗਾਰ ਸਾਬਿਤ ਹੁੰਦਾ ਹੈ ਕਿਉਂਕਿ ਇਸ ਤਰ੍ਹਾਂ ਨਾਲ ਸਾਡੇ ਦਿਮਾਗ ਨੂੰ, ਪੇਸ਼ ਕੀਤੀ ਗਈ ਗੁੰਝਲਦਾਰ ਜਾਣਕਾਰੀ ਵਿਚੋਂ ਇੱਕ ਸਹੀ ਜਾਣਕਾਰੀ ਛਾਂਟਣ ਦਾ ਸਮਾਂ ਮਿਲ ਜਾਂਦਾ ਹੈ।

ਉਹ ਕਹਿੰਦੇ ਹਨ ਕਿ ਜਦੋਂ ਤੁਸੀਂ ਕਿਸੇ ਅਜਿਹੀ ਚੀਜ਼ ਦੀ ਖਰੀਦਦਾਰੀ ਕਰਦੇ ਹੋ ਜੋ ਕਈ ਤਰ੍ਹਾਂ ਨਾਲ ਅਤੇ ਕਈ ਵਿਕਰੇਤਾਵਾਂ ਦੁਆਰਾ ਉਪਲੱਬਧ ਹੋਵੇ - ਜਿਵੇਂ ਕਿ ਮੋਬਾਈਲ, ਟੀਵੀ ਆਦਿ, ਤਾਂ ਅਜਿਹੀ ਪ੍ਰਕਿਰਿਆ ਤੁਹਾਨੂੰ ਫੈਸਲਾ ਲਿਆਂ ਵਿੱਚ ਬਹੁਤ ਮਦਦ ਕਰਦੀ ਹੈ।

## ਭਾਵਨਾਤਮਕ ਬੁੱਧੀ

ਇੱਕ ਤਾਜ਼ਾ ਖੋਜ ਦੇ ਅਨੁਸਾਰ, ਕਿਸੇ ਦੀ ਗਟ ਫੀਲਿੰਗ ਜਾਂ ਅਹਿਸਾਸ ਦੀ ਗੁਣਵੱਤਾ ਉਨ੍ਹਾਂ ਸਮੁੱਚੀ ਭਾਵਨਾਤਮਕ ਸਿਆਣਪ (ਇਮੋਸ਼ਨਲ ਇੰਟੈਲੀਜੈਂਸ) 'ਤੇ ਨਿਰਭਰ ਹੋ ਸਕਦੀ ਹੈ ਅਤੇ ਆਪਣੇ ਇਮੋਸ਼ਨਲ ਇੰਟੈਲੀਜੈਂਸ ਨੂੰ ਵਧਾਉਣਾ ਸਿੱਖ ਕੇ, ਅਸੀਂ ਇਸ ਸਹਿਜ ਬੁੱਧੀ ਦੇ ਆਧਾਰ 'ਤੇ ਫੈਸਲੇ ਲੈਣ ਦੀ ਤਾਕਤ ਨੂੰ ਵਧ ਸਕਦੇ ਹਾਂ। ਮਨੋਵਿਗਿਆਨੀ, ਇਮੋਸ਼ਨਲ ਇੰਟੈਲੀਜੈਂਸ ਨੂੰ ਮਾਪਣ ਲਈ ਪ੍ਰਸ਼ਨਾਂ ਦੀ ਇੱਕ ਲੜੀ ਦੀ ਵਰਤੋਂ ਕਰਦੇ ਹਨ, ਜਿਵੇਂ ਕਿ ਦੂਜਿਆਂ ਦੇ ਚਿਹਰਿਆਂ 'ਤੇ ਆਏ ਜਜ਼ਬਾਤਾਂ ਦੀ ਪਛਾਣ ਕਰਨ ਦੀ ਸਮਰੱਥਾ ਅਤੇ ਉਨ੍ਹਾਂ ਦੇ ਹਾਲਾਤਾਂ ਦੇ ਮੱਦੇਨਜ਼ਰ ਕਿਸੇ ਦੇ ਵਿਵਹਾਰ ਵਿੱਚ ਤਬਦੀਲੀਆਂ ਬਾਰੇ ਭਵਿੱਖਬਾਣੀ ਕਰਨ ਦੀ ਸਮਰੱਥਾ ਆਦਿ।

ਵਾਸ਼ਿੰਗਟਨ, ਡੀਸੀ ਵਿੱਚ ਜੌਰਜ ਟਾਊਨ ਯੂਨੀਵਰਸਿਟੀ ਵਿੱਚ ਮੈਨੇਜਮੈਂਟ ਦੇ ਇੱਕ ਸਹਾਇਕ ਪ੍ਰੋਫੈਸਰ, ਜੇਰੇਮੀ ਯਿੱਪ ਨੇ ਹਾਲ ਹੀ ਵਿੱਚ ਲੋਕਾਂ ਦੇ ਇਮੋਸ਼ਨਲ ਇੰਟੈਲੀਜੈਂਸ ਦੇ ਸਕੋਰਾਂ ਦੀ ਤੁਲਨਾ ਕੀਤੀ।

ਇਸਦੇ ਲਈ ਉਨ੍ਹਾਂ ਨੇ ਆਇਓਵਾ (ਤਾਸ਼ ਦੇ ਪੱਤਿਆਂ ਦੀ ਇੱਕ ਖੇਡ) ਟਾਸਕ ਦੀ ਵਰਤੋਂ ਕੀਤੀ।

ਇਸ ਖੇਡ ਦੇ ਜ਼ਿਆਦਾਤਰ ਭਾਗੀਦਾਰ "ਮਾੜੇ" ਡੈੱਕ ਦੀ ਚੋਣ ਕਰਨ 'ਤੇ ਵਧੇਰੇ ਤਣਾਅ ਵਾਲੀ ਪ੍ਰਤੀਕ੍ਰਿਆ ਦਿਖਾਉਂਦੇ ਜਾਪਦੇ ਸਨ ਜਦਕਿ ਘੱਟ ਇਮੋਸ਼ਨਲ ਇੰਟੈਲੀਜੈਂਸ ਵਾਲੇ ਲੋਕ ਲਗਾਤਾਰ ਆਪਣੇ ਹੀ ਸਰੀਰ ਦੇ ਸੰਕੇਤਾਂ ਨੂੰ ਗਲਤ ਸਮਝ ਰਹੇ ਸਨ।

ਘੱਟ ਭਾਵਨਾਤਮਕ ਸਿਆਣਪ ਵਾਲੇ ਇਹਨਾਂ ਭਾਗੀਦਾਰਾਂ ਲਈ, ਇੱਕ ਵਧੇਰੇ ਤਣਾਅ ਪ੍ਰਤੀਕਿਰਿਆ ਜੋਖਮ ਭਰੇ - ਅਤੇ ਅੰਤ ਵਿੱਚ ਗੈਰ-ਲਾਭਕਾਰੀ - ਕਾਰਡ ਲੈਣ ਲਈ ਇੱਕ ਉਤਸ਼ਾਹ ਵਜੋਂ ਕੰਮ ਕਰਦੀ ਜਾਪਦੀ ਹੈ।

ਉਹ ਸਿਰਫ਼ ਇੱਕ ਚੇਤਾਵਨੀ ਵਜੋਂ ਭਾਵਨਾ ਨੂੰ ਪਛਾਣਦੇ ਨਹੀਂ ਜਾਪਦੇ ਸਨ। ਯਿੱਪ ਕਹਿੰਦਾ ਹੈ, "ਉਨ੍ਹਾਂ ਨੇ ਆਪਣੇ ਸਰੀਰਕ ਉਤਸ਼ਾਹ ਨੂੰ ਉਤੇਜਨਾ ਵਜੋਂ ਗਲਤ ਸਮਿ-ਝਆ ਹੋ ਸਕਦਾ ਹੈ, ਤਾਂ ਜੋ ਉਹ ਵਧੇਰੇ ਜੋਖ਼ਮ ਲੈਣ ਵਾਲੇ ਬਣ ਗਏ,"। ਘੱਟ ਇਮੋਸ਼ਨਲ ਇੰਟੈਲੀਜੈਂਸ ਵਾਲੇ ਲੋਕ ਆਪਣੇ ਤਣਾਅ ਕਾਰਨ ਵਧੇਰੇ ਜੋਖਮ ਵਾਲੇ ਕਾਰਡ ਚੁਣਨ ਲਈ ਪ੍ਰੇਰਿਤ ਹੋ ਰਹੇ ਸਨ ਅਤੇ ਨਤੀਜੇ ਵਜੋਂ ਉਨ੍ਹਾਂ ਨੂੰ ਨੁਕਸਾਨ ਝੱਲਣਾ ਪੈ ਰਿਹਾ ਸੀ।

ਯਿਪ ਕਹਿੰਦੇ ਹਨ, "ਹੋ ਸਕਦਾ ਹੈ ਕਿ ਉਨ੍ਹਾਂ ਨੇ ਆਪਣੀ ਇਸ ਸਰੀਰਿਕ ਪ੍ਰਤੀਕਿਰਿਆ ਨੂੰ ਜੋਸ਼ ਸਮਝ ਲਿਆ ਅਤੇ ਵਧੇਰੇ ਜੋਖਮ ਲੈ ਲਏ।"

ਚੰਗੀ ਗੱਲ ਇਹ ਹੈ ਕਿ ਇਮੋਸ਼ਨਲ ਇੰਟੈਲੀਜੈਂਸ ਨੂੰ ਬਿਹਤਰ ਕੀਤਾ ਜਾ ਸਕਦਾ ਹੈ। ਯੂਐੱਸ, ਟਕਸਨ ਦੀ ਐਰਿਜ਼ੋਨਾ ਯੂਨੀਵਰਸਿਟੀ ਵਿੱਚ ਐਨਾ ਅਲਕੋਜੇ ਨੇ ਇੱਕ ਆਨਲਾਈਨ ਕੋਰਸ ਤਿਆਰ ਕੀਤਾ ਹੈ ਜੋ ਕਿ ਟ੍ਰੇਨੀ ਨੂੰ ਵੱਖ-ਵੱਖ ਭਾਵਨਾਵਾਂ ਬਾਰੇ ਵਧੇਰੇ ਧਿਆਨ ਨਾਲ ਸੋਚਣ ਵਿੱਚ ਮਦਦ ਕਰਦਾ ਹੈ, ਤਾਂ ਜੋ ਉਹ ਆਪਣੀ ਸਰੀਰਿਕ ਪ੍ਰਤੀਕਿਰਿਆ ਨੂੰ ਬਿਹਤਰ ਤਰੀਕੇ ਨਾਲ ਸਮਝ ਸਕਣ ਅਤੇ ਫ਼ੈਸਲੇ ਲੈ ਸਕਣ। ਅਲਕੋਜੇ ਨੇ ਦਿਖਾਇਆ ਕਿ ਦੋ ਜਾਂ ਤਿੰਨ ਹਫ਼ਤਿਆਂ ਲਈ, ਹਫ਼ਤੇ ਭਰ ਵਿੱਚ ਦੋ ਕਲਾਸਾਂ ਲੈ ਕੇ, ਭਾਗੀਦਾਰਾਂ ਨੇ ਇਮੋਸ਼ਨਲ ਇੰਟੈਲੀਜੈਂਸ ਦੇ ਇੱਕ ਟੈਸਟ ਵਿੱਚ ਮਹੱਤਵਪੂਰਨ ਸੁਧਾਰ ਦਿਖਾਇਆ।

ਜੇ ਤੁਸੀਂ ਆਪਣੇ ਅਹਿਸਾਸ ਅਤੇ ਸੂਝ ਨੂੰ ਵਧੀਆ ਬਣਾਉਣਾ ਚਾਹੁੰਦੇ ਹੋ, ਤਾਂ ਸਭ ਤੋਂ ਪਹਿਲਾਂ ਤੁਹਾਨੂੰ ਆਪ ਤੌਰ 'ਤੇ ਹੀ ਆਪਣੀਆਂ ਭਾਵਨਾਵਾਂ ਨਾਲ ਸੰਪਰਕ ਕਰਨ ਦੀ ਵਧੇਰੇ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਧਿਆਨ ਦੇਣਾ ਚਾਹੀਦਾ ਹੈ ਕਿ ਤੁਸੀਂ ਅਸਲ ਵਿੱਚ ਕੀ ਮਹਿਸੂਸ ਕਰ ਰਹੇ ਹੋ ਅਤੇ ਉਸ ਮੂਡ ਦਾ ਸਰੋਤ ਕੀ ਹੈ।

ਸਮੇਂ ਦੇ ਨਾਲ, ਜਦੋਂ ਤੁਹਾਨੂੰ ਇੱਕ ਅਸਲ ਅਤੇ ਸਹੀ ਸੰਕੇਤ ਪ੍ਰਾਪਤ ਹੋਵੇਗਾ, ਤਾਂ ਤੁਹਾਡੇ ਲਈ ਇਸਨੂੰ ਸਮਝਣਾ ਆਸਾਨ ਹੋ ਸਕਦਾ ਹੈ। ਤੁਹਾਡੇ ਅਹਿਸਾਸ ਕਦੇ ਵੀ ਪੂਰੀ ਤਰ੍ਹਾਂ ਮੂਰਖ ਸਾਬਿਤ ਨਹੀਂ ਹੋਣਗੇ, ਪਰ ਹਾਂ।। ਅਭਿਆਸ ਦੇ ਨਾਲ ਉਹ ਇੱਕ ਅਹਿਮ ਮਾਰਗਦਰਸ਼ਕ ਬਣ ਸਕਦੇ ਹਨ।

# ਬ੍ਰਿਟੇਨ ਨਾਗਰਿਕਤਾ ਬਿੱਲ ਕਾਰਨ ਦੂਜੇ ਮੁਲਕਾਂ ਤੋਂ ਆਕੇ ਵਸੇ ਲੋਕਾਂ 'ਚ ਡਰ

ਬ੍ਰਿਟੇਨ ਵਿੱਚ ਪਾਰਲੀਮੈਂਟ ਵੱਲੋ ਪਾਸ ਕੀਤੇ ਗਏ ਨਵੇਂ ਬਿਲ ਮੁਤਾਬਕ ਕਿਸੇ ਵਿਅਕਤੀ ਨੂੰ ਇਤਲਾਹ ਦਿੱਤੇ ਬਿਨਾਂ ਹੀ ਉਸ ਦੀ ਨਾਗਰਿਕਤਾ ਖੋਹੀ ਜਾ ਸਕੇਗੀ। ਇਹ ਯੋਜਨਾ ਜੋ ਕਿ ਬ੍ਰਿਟੇਨ ਦੇ ਵਿਵਾਦਿਤ ਨੈਸ਼ਨੈਲਿਟੀ ਐਂਡ ਬਾਰਡਰਜ਼ ਬਿਲ ਦਾ ਹਿੱਸਾ ਹੈ, ਆਸ ਹੈ ਕਿ ਜਲਦੀ ਹੀ ਕਾਨੂੰਨ ਦਾ ਰੂਪ ਲੈ ਲਵੇਗੀ।

### ਨਾਗਰਿਕਤਾ ਕੀ ਹੈ?

ਨਾਗਰਿਕਤਾ ਇੱਕ ਕਾਨੂੰਨੀ ਦਰਜਾ ਹੈ। ਜੇ ਕੋਈ ਬ੍ਰਿਟੇਨ ਦਾ ਨਾਗਰਿਕ ਹੈ ਤਾਂ ਉਨ੍ਹਾਂ ਨੂੰ ਦੇਸ਼ ਵਿੱਚ ਰਹਿਣ ਦਾ ਕਾਨੂੰਨੀ ਹੱਕ ਹੈ।

ਇਸ ਦੇ ਨਾਲ ਹੀ ਉਹ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ, ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਵਰਤੋਂ ਕਰਨ ਦਾ ਵੀ ਹੱਕ ਹੁੰਦਾ ਹੈ। ਉਸ ਕੋਲ ਚੋਣਾਂ ਦੌਰਾਨ ਵੋਟਿੰਗ ਕਰਨ ਦਾ ਵੀ ਅਧਿਕਾਰ ਹੁੰਦਾ ਹੈ। ਨਾਗਰਿਕਤਾ ਕਿਸੇ ਵਿਅਕਤੀ ਦੀ ਪਛਾਣ ਦਾ ਹਿੱਸਾ ਹੁੰਦੀ ਹੈ। ਹਾਲਾਂਕਿ ਬ੍ਰਿਟੇਨ ਵਿੱਚ ਕੁਝ ਲੋਕ ਜਿਨ੍ਹਾਂ ਕੋਲ ਭਾਵੇਂ ਕਿ ਨਾਗਰਿਕਤਾ ਨਹੀਂ ਵੀ ਹੈ, ਉਹ ਵੀ ਉੱਥੇ ਰਹਿ ਸਕਦੇ ਹਨ ਅਤੇ ਨਾਗਰਿਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਦਾ ਲਾਭ ਚੁੱਕ ਸਕਦੇ ਹਨ।

### ਕੀ ਤਜਵੀਜ਼ ਕੀਤੀ ਜਾ ਰਹੀ ਹੈ?

ਸਰਕਾਰ ਕੋਲ ਪਹਿਲਾਂ ਹੀ ਕਿਸੇ ਤੋਂ ਨਾਗਰਿਕਾ ਖੋਹਣ ਦਾ ਅਧਿਕਾਰ ਹੈ। ਸਰਕਾਰ ਨੇ ਅਤੀਤ ਵਿੱਚ ਅਲਕਾਇਦਾ ਵਰਗੇ ਸੰਗਠਨਾਂ ਨਾਲ ਜੁੜੇ ਲੋਕਾਂ ਦੀ ਨਾਗਰਿਕਤਾ ਇਸ ਅਧਿਕਾਰ ਦੀ ਵਰਤੋਂ ਕਰਕੇ ਖੋਹੀ ਹੈ।

ਇਸ ਤੋਂ ਇਲਾਵਾ ਧੋਖਾਧੜੀ ਕਰਕੇ ਹਾਸਲ ਕਰਨ ਵਾਲਿਆਂ ਤੋਂ ਵੀ ਨਾਗਰਿਕਤਾ ਖੋਹ ਲਈ ਜਾਂਦੀ ਹੈ। ਹੁਣ ਨਵੇਂ ਬਿਲ ਮੁਤਾਬਕ ਗ੍ਰਹਿ ਵਿਭਾਗ ਇਹ ਕਾਰਵਾਈ ਬਿਨਾਂ ਸੰਬੰਧਤ ਸ਼ਖਸ ਨੂੰ ਇਤਲਾਹ ਕੀਤਿਆਂ ਵੀ ਕਰ ਸਕੇਗਾ।

ਸਰਕਾਰ ਦਾ ਦਾਅਵਾ ਹੈ ਕਿ ਇਸ ਸ਼ਕਤੀ ਦੀ ਵਰਤੋਂ ਗੈਰ-ਸਧਾਰਨ ਹਾਲਤਾਂ ਵਿੱਚ ਹੀ ਕੀਤੀ ਜਾਵੇਗੀ। ਮਿਸਾਲ ਵਜੋਂ ਜਿਵੇਂ ਕੋਈ ਜੰਗ ਦੇ ਮੈਦਾਨ ਵਿੱਚ ਹੋਵੇ ਜਾਂ ਉਸ ਨਾਲ ਰਾਬਤਾ ਹੀ ਨਾ ਹੋ ਸਕੇ।

ਹਾਲਾਂਕਿ ਇਸ ਬਿਲ ਦਾ ਵਿਰੋਧ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਇਸ ਨਵੀਂ ਸ਼ਕਤੀ ਦੀ ਵਰਤੋਂ ਨਸਲੀ ਘੱਟ ਗਿਣਤੀਆਂ ਦੇ ਖਿਲਾਫ਼ ਕੀਤੀ ਜਾਵੇਗੀ।






### ਬ੍ਰਿਟੇਨ ਵਿੱਚ ਕਿਸੇ ਦੀ ਨਾਗਰਿਕਤਾ ਕਿਉਂ ਖੋਹੀ ਜਾ ਸਕਦੀ ਹੈ?

ਬ੍ਰਿਟੇਨ ਦੇ ਗ੍ਰਹਿ ਮੰਤਰੀ ਕਈ ਕਾਰਨਾਂ ਕਰਕੇ ਕਿਸੇ ਤੋਂ ਉਸ ਦੀ ਨਾਗਰਿਕਤਾ ਖੋਹ ਸਕਦੇ ਹਨ। ਉਨ੍ਹਾਂ ਦਾ ਅਧਿਕਾਰ ਖੇਤਰ ਨਵੇਂ ਕਾਨੂੰਨ ਨਾਲ ਪ੍ਰਭਾਵਿਤ ਨਹੀਂ ਹੋਵੇਗਾ-

ਇਹ ਕਾਰਨ ਹਨ-

ਇਹ ਜਨਤਕ ਹਿੱਤ ਵਿੱਚ ਹੈ ਤੇ ਜਿਸ ਤੋਂ ਨਾਗਰਿਕਤਾ ਖੋਹੀ ਜਾਂਦੀ ਹੈ, ਉਹ ਇਸ ਨਾਲ ਦੇਸ਼ ਵਿਹੂਣੇ ਨਹੀਂ ਹੋ ਜਾਂਦੇ।

ਜਿਸ ਕਿਸੇ ਵਿਅਕਤੀ ਨੇ ਧੋਖਾਧੜੀ ਨਾਲ ਨਾਗਰਿਕਤਾ ਹਾਸਲ ਕੀਤੀ ਹੋਵੇ।

ਉਸ ਵਿਅਕਤੀ ਦੇ ਕਾਰਜਾਂ ਕਾਰਨ ਬ੍ਰਿਟੇਨ ਨੂੰ ਨੁਕਸਾਨ ਪਹੁੰਚ ਸਕਦਾ ਹੋਵੇ।

ਫਿਲਹਾਲ ਦੇ ਇੰਤਜ਼ਾਮ ਮੁਤਾਬਕ, ਗ੍ਰਹਿ ਮੰਤਰਾਲੇ ਲਈ ਸੰਬੰਧਿਤ ਵਿਅਕਤੀ ਨੂੰ ਇਤਲਾਹ ਕਰਨਾ ਜ਼ਰੂਰੀ ਹੈ। ਉਹ ਵਿਅਕਤੀ ਅਪੀਲ ਕਰ ਸਕਦਾ ਹੈ ਅਤੇ ਮਾਮਲਾ ਲੰਬਾ ਖਿੱਚਿਆ ਜਾ ਸਕਦਾ ਹੈ।

ਬ੍ਰਿਟੇਨ ਕੌਮਾਂਤਰੀ ਕਾਨੂੰਨਾਂ ਦੇ ਤਹਿਤ ਪਾਬੰਦ ਹੈ ਕਿ ਉਹ ਲੋਕਾਂ ਨੂੰ ਦੇਸ਼ ਵਿਹੂਣੇ (ਸਟੇਟਲੈਸ) ਨਹੀਂ ਕਰੇਗਾ। ਇਹ ਵੀ ਧਿਆਨ ਵਿੱਚ ਰੱਖਣਾ ਹੁੰਦਾ ਹੈ ਕਿ ਵਿਅਕਤੀ ਕਿਸੇ ਹੋਰ ਦੇਸ਼ ਦੀ ਨਾਗਰਿਕਤਾ ਲਈ ਅਰਜੀ ਦੇਣ ਦੇ ਯੋਗ ਹੋਵੇ।

ਅਪੀਲ ਕਰਨ ਦੇ ਹੱਕ ਉੱਪਰ ਵੀ ਇਸ ਬਿਲ ਨਾਲ ਅਸਰ ਨਹੀਂ ਪਵੇਗਾ।

ਕਿੰਨੇ ਲੋਕਾਂ ਤੋਂ ਨਾਗਰਿਕਤਾ ਖੋਹੀ ਜਾ ਚੁੱਕੀ ਹੈ?

ਇਸ ਬਾਰੇ ਅੰਕੜੇ ਉਪਲੱਬਧ ਨਹੀਂ ਹਨ।

ਹਾਲਾਂਕਿ ਗ੍ਰਹਿ ਮੰਤਰਾਲੇ ਦਾ ਕਹਿਣਾ ਹੈ ਕਿ ਸਾਲ 2010 ਤੋਂ 18 ਤੋਂ ਹਰ ਸਾਲ ਔਸਤ 19 ਜਣਿਆਂ ਤੋਂ ਨਾਗਰਕਿਤਾ ਖੋਹੀ ਜਾਂਦੀ ਹੈ। ਇਨ੍ਹਾਂ ਵਿੱਚੋਂ 17 ਜਣੇ ਧੋਖਾਧੜੀ ਵਿੱਚ ਸ਼ਾਮਲ ਸਾਬਤ ਹੁੰਦੇ ਹਨ। ਇਮੀਗ੍ਰੇਸ਼ਨ ਕਾਨੂੰਨਾਂ ਬਾਰੇ ਵੈਬਸਾਈਟ ਫਰੀ ਮੂਵਮੈਂਟ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਖੋਜ ਮੁਤਾਬਕ ਸਾਲ 2006 ਤੋਂ 2020 ਦੌਰਾਨ 460 ਲੋਕਾਂ ਤੋਂ ਨਾਗਰਿਕਤਾ ਖੋਹੀ ਗਈ। ਇਨ੍ਹਾਂ ਵਿੱਚੋਂ 175 ਦੀ ਕੌਮੀ ਸੁਰੱਖਿਆ ਦੇ ਕਾਰਨਾਂ ਕਰਕੇ ਅਤੇ 289 ਦੀ ਧੋਖਾਧੜੀ ਕਾਰਨ ਨਾਗਰਿਕਤਾ ਖੋਹੀ ਗਈ।

### ਨਾਗਰਿਕਤਾ ਬਾਰੇ ਹੋਰ ਦੇਸ਼ਾਂ ਵਿੱਚ ਕੀ ਕਾਨੂੰਨ ਹਨ?

ਅਮਰੀਕਾ ਵਿੱਚ ਕਿਸੇ ਤੋਂ ਨਾਗਰਿਕਤਾ ਨਹੀਂ ਖੋਹੀ ਜਾ ਸਕਦੀ ਕਿਉਂਕਿ ਉੱਥੇ ਇਹ ਜਨਮਸਿੱਧ ਅਧਿਕਾਰ ਹੈ। ਹਾਲਾਂਕਿ ਜੋ ਲੋਕ ਬਾਹਰੋਂ ਆਕੇ ਅਮਰੀਕੀ ਨਾਗਰਿਕਤਾ ਹਾਸਲ ਕਰਦੇ ਹਨ। ਉਨ੍ਹਾਂ ਦੀ ਨਾਗਰਿਕਤਾ ਕਈ ਕਾਰਨਾਂ ਕਰਕੇ ਖੋਹੀ ਜਾ ਸਕਦੀ ਹੈ।


ਆਸਟ੍ਰੇਲੀਆ ਵਿੱਚ ਕਿਸੇ ਕੋਲ ਕਿਸੇ ਹੋਰ ਦੇਸ਼ ਦੀ ਵੀ ਦੂਹਰੀ ਨਾਗਰਿਕਤਾ ਹੋਵੇ ਤਾਂ ਉਸ ਤੋਂ ਕੌਮੀ ਸੁਰੱਖਿਆ ਦਾ ਹਵਾਲਾ ਦੇਕੇ ਨਾਗਰਿਕਤਾ ਖੋਹੀ ਜਾ ਸਕਦੀ ਹੈ। ਯੂਰਪੀ ਯੂਨੀਅਨ ਦੇ 14 ਮੁਲਕਾਂ ਵਿੱਚ ਦੇਸ਼ਧ੍ਰੋਹ ਕਾਰਨ ਕਿਸੇ ਦੀ ਨਾਗਰਿਕਤਾ ਖੋਹੀ ਜਾ ਸਕਦੀ ਹੈ। ਇਨ੍ਹਾਂ ਦੇਸ਼ਾਂ ਵਿੱਚ ਗਰੀਸ, ਫਰਾਂਸ ਅਤੇ ਰੋਮਾਨੀਆ ਸ਼ਾਮਲ ਹਨ।

ਨੀਦਰਲੈਂਡ ਵਿੱਚ ਬਿਨਾਂ ਨੋਟਿਸ ਦੇ ਹੀ ਤੁਹਾਡੀ ਨਾਗਰਿਕਤਾ ਜਾ ਸਕਦੀ ਹੈ। ਇੰਸਟੀਚਿਊਟ ਆਫ਼ ਸਟੇਟਲੈਸਨੈੱਸ ਐਂਡ ਇਨਕਲੂਜ਼ਨ ਦੀ ਰਿਪੋਰਟ ਮੁਤਾਬਕ ਪਿਛਲੇ ਸਾਲਾਂ ਦੌਰਾਨ ਬ੍ਰਿਟੇਨ ਨੇ ਕਿਸੇ ਵੀ ਹੋਰ ਦੇਸ਼ ਦੇ ਮੁਕਾਬਲੇ ਕਿਤੇ ਜ਼ਿਆਦਾ ਲੋਕਾਂ ਦੀ ਨਾਗਰਿਕਤਾ ਖੋਹੀ ਹੈ।

ਭਾਰਤ ਵਿੱਚ ਨਰਿੰਦਰ ਮੋਦੀ ਸਰਕਾਰ ਵੱਲੋਂ ਲਿਆਂਦੇ ਗਏ ਨਾਗਰਿਕਤਾ ਸੋਧ ਕਾਨੂੰਨ ਨਾਲ ਦੇਸ਼ ਵਿੱਚ ਨਾਗਰਿਕਤਾ ਦੇ ਗਿਰਦ ਵਿਵਾਦ ਖੜ੍ਹਾ ਹੋਇਆ।

ਭਾਰਤ ਵਿੱਚ ਕਿਹੜੇ ਅਧਾਰਾਂ ਉੱਪਰ ਨਾਗਰਿਕਤਾ ਮਿਲਦੀ ਹੈ ਅਤੇ ਕਿਹੜੇ ਅਧਾਰਾਂ ਤੇ ਖੋਹੀ ਜਾ ਸਕਦੀ ਹੈ, ਇਸ ਰਿਪੋਰਟ ਵਿੱਚ ਪੜ੍ਹ ਸਕਦੇ ਹੋ।


# ਕੌਣ ਹੈ ਰੂਸ ਦੀ 'ਸੀਕ੍ਰੇਟ ਫਸਟ ਲੇਡੀ'



"ਹਰੇਕ ਪਰਿਵਾਰ ਕੋਲ਼ ਜੰਗ ਦੀ ਇੱਕ ਕਹਾਣੀ ਹੁੰਦੀ ਹੈ ਅਤੇ ਸਾਨੂੰ ਉਨ੍ਹਾਂ ਕਹਾਣੀਆਂ ਨੂੰ ਨਹੀਂ ਭੁੱਲਣਾ ਚਾਹੀਦਾ ਸਗੋਂ ਆਪਣੀ ਅਗਲੀ ਪੀੜ੍ਹੀ ਨੂੰ ਸੁਣਾਉਣਾ ਚਾਹੀਦਾ ਹੈ।" ਇਹ ਕਹਿਣਾ ਹੈ ਅਲੀਨਾ ਕਾਬਾਏਵਾ ਦਾ, ਜਿਨ੍ਹਾਂ ਨੂੰ ਰੂਸ ਦੀ 'ਸੀਕ੍ਰੇਟ ਫਰਸਟ ਲੇਡੀ' ਕਿਹਾ ਜਾਂਦਾ ਹੈ।

ਯੂਕਰੇਨ-ਰੂਸ ਜੰਗ ਦੌਰਾਨ ਅਲੀਨਾ ਸੁਰਖੀਆਂ ਵਿੱਚ ਹਨ। ਇਸਦਾ ਕਾਰਨ ਇਹ ਹੈ ਕਿ ਅਮਰੀਕਾ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀਆਂ ਧੀਆਂ ਸਮੇਤ ਉਨ੍ਹਾਂ ਦੇ ਕਰੀਬੀਆਂ 'ਤੇ ਪਾਬੰਦੀਆਂ ਲਗਾ ਦਿੱਤੀਆਂ ਹਨ, ਪਰ ਅਲੀਨਾ ਅਜੇ ਵੀ ਇਸ ਪਾਬੰਦੀ ਤੋਂ ਬਚੇ ਹੋਏ ਹਨ।

'ਦਿ ਵਾਲ ਸਟਰੀਟ ਜਰਨਲ' ਦੀ ਖ਼ਬਰ ਮੁਤਾਬਕ, ਅਮਰੀਕਾ ਪੁਤਿਨ ਦੀ ਕਥਿਤ 'ਗਰਲਫ੍ਰੈਂਡ' ਅਤੇ ਸਾਬਕਾ ਓਲੰਪਿਕ ਜਿਮਨਾਸਟ ਅਲੀਨਾ ਕਾਬਾਏਵਾ 'ਤੇ ਪਾਬੰਦੀ ਲਗਾਉਣ ਦੀ ਤਿਆਰੀ ਕਰ ਰਿਹਾ ਸੀ, ਪਰ ਆਖਰੀ ਸਮੇਂ 'ਤੇ ਅਜਿਹਾ ਨਹੀਂ ਕੀਤਾ ਗਿਆ। ਇਸਦੇ ਪਿੱਛੇ ਕਾਰਨ ਇਹ ਦੱਸਿਆ ਗਿਆ ਕਿ ਪੁਤਿਨ ਇਸ ਨੂੰ ਨਿੱਜੀ ਹਮਲਾ ਸਮਝ ਸਕਦੇ ਹਨ ਅਤੇ ਇਸ ਨਾਲ ਸ਼ਾਂਤੀ ਬਹਾਲ ਕਰਨ ਦੀਆਂ ਕੋਸ਼ਿਸ਼ਾਂ ਨੂੰ ਧੱਕਾ ਲਗ ਸਕਦਾ ਹੈ। ਹਾਲਾਂਕਿ, ਵ੍ਹਾਈਟ ਹਾਊਸ ਦੀ ਪ੍ਰੈਸ ਸਕੱਤਰ ਜੇਨ ਸਾਕੀ ਨੇ ਸੋਮਵਾਰ ਨੂੰ ਦੈਨਿਕ ਪ੍ਰੈਸ ਬ੍ਰੀਫਿੰਗ ਦੌਰਾਨ ਅਜਿਹੇ ਦਾਅਵਿਆਂ ਨੂੰ ਖਾਰਜ ਕੀਤਾ, ਜਿਨ੍ਹਾਂ 'ਚ ਇਹ ਕਿਹਾ ਜਾ ਰਿਹਾ ਸੀ ਕਿ ਅਮਰੀਕਾ ਜਾਣਬੁੱਝ ਕੇ ਰੂਸੀ ਰਾਸ਼ਟਰਪਤੀ ਪੁਤਿਨ ਦੀ ਕਥਿਤ ਮਹਿਲਾ ਮਿੱਤਰ 'ਤੇ ਪਾਬੰਦੀਆਂ ਨਹੀਂ ਲਗਾ ਰਿਹਾ ਹੈ।



ਸਾਕੀ ਤੋਂ ਇਹ ਪੁੱਛੇ ਜਾਣ 'ਤੇ ਕਿ ਰੂਸੀ ਆਗੂ ਅਤੇ ਸਾਬਕਾ ਜਿਮਨਾਸਟ ਰਹਿ ਚੁੱਕੀ ਅਲੀਨਾ ਕਾਬਾਏਵਾ 'ਤੇ ਕਾਰਵਾਈ ਕਿਉਂ ਨਹੀਂ ਕੀਤੀ ਗਈ, ਉਨ੍ਹਾਂ ਕਿਹਾ ਕਿ "ਅਸੀਂ ਪਾਬੰਦੀਆਂ ਦੀ ਲਗਾਤਾਰ ਸਮੀਖਿਆ ਕਰ ਰਹੇ ਹਾਂ।"

### ਕੌਣ ਹਨ ਅਲੀਨਾ ਕਾਬਾਏਵਾ?

ਅਲੀਨਾ ਇੱਕ ਜਿਮਨਾਸਟ ਰਹਿ ਚੁੱਕੇ ਹਨ ਅਤੇ ਸਾਲ 2004 ਦੇ ਏਥਨਜ਼ ਓਲੰਪਿਕ ਵਿੱਚ ਸੋਨ ਤਗਮਾ ਵੀ ਜਿੱਤ ਚੁੱਕੇ ਹਨ। ਸਾਲ 1998 ਵਿੱਚ, 13 ਸਾਲ ਦੀ ਉਮਰ 'ਚ ਉਨ੍ਹਾਂ ਨੇ ਆਪਣਾ ਪਹਿਲਾ ਵਿਸ਼ਵ ਖਿਤਾਬ ਜਿੱਤਿਆ ਸੀ। ਇਸ ਤੋਂ ਬਾਅਦ 2001 ਅਤੇ 2002 ਵਿੱਚ ਯੂਰਪੀਅਨ ਚੈਂਪੀਅਨਸ਼ਿਪ ਵਿੱਚ ਵੀ ਉਨ੍ਹਾਂ ਨੇ ਕਈ ਤਗਮੇ ਹਾਸਲ ਕੀਤੇ। 2003 ਵਿੱਚ ਵੀ ਉਨ੍ਹਾਂ ਨੇ ਕਈ ਵਿਸ਼ਵ ਖਿਤਾਬ ਆਪਣੇ ਨਾਂਅ ਕੀਤੇ। ਉਹ ਡੋਪਿੰਗ ਮਾਮਲੇ 'ਚ ਵੀ ਫਸ ਚੁੱਕੇ ਹਨ। ਹਾਲਾਂਕਿ, ਉਨ੍ਹਾਂ ਨੂੰ ਇਸ ਦਾ ਵੱਡਾ ਖਾਮਿਆਜ਼ਾ ਨਹੀਂ ਭੁਗਤਣਾ ਪਿਆ। ਸਾਲ 2005 ਤੋਂ ਬਾਅਦ ਉਹ ਹੌਲੀ-ਹੌਲੀ ਸਿਆਸਤ 'ਚ ਆਏ ਅਤੇ ਉਨ੍ਹਾਂ ਦਾ ਨਾਮ ਪੁਤਿਨ ਨਾਲ ਜੋੜਿਆ ਜਾਣ ਲੱਗਾ।

ਉਹ ਯੂਨਾਈਟਿਡ ਰੂਸ ਪਾਰਟੀ ਦੀ ਨੁਮਾਇੰਦਗੀ ਕਰਦੇ ਹੋਏ, ਰੂਸੀ ਸੰਸਦ ਦੇ ਹੇਠਲੇ ਸਦਨ ਡੂਮਾ ਲਈ ਵੀ ਚੁਣੇ ਜਾ ਚੁੱਕੇ ਹਨ। ਸਾਲ 2014 ਵਿੱਚ, ਉਹ ਸੋਚੀ ਓਲੰਪਿਕ ਵਿੱਚ ਮਸ਼ਾਲ ਲੈ ਕੇ ਚੱਲਣ ਵਾਲੇ ਖਿਡਾਰੀਆਂ 'ਚ ਸ਼ਾਮਲ ਸਨ। 'ਦਿ ਮਾਸਕੋ ਟਾਈਮਜ਼' ਦੀ ਖ਼ਬਰ ਅਨੁਸਾਰ, ਅਲੀਨਾ ਕ੍ਰੇਮਲਿਨ-ਸਮਰਥਿਤ ਮੀਡੀਆ ਸਮੂਹ 'ਦਿ ਨੈਸ਼ਨਲ ਮੀਡੀਆ ਗਰੁੱਪ' ਦੀ ਅਗੁਵਾਈ ਵੀ ਕਰਦੇ ਹਨ, ਪਰ ਪੱਛਮੀ ਦੇਸ਼ਾਂ ਦੀਆਂ ਪਾਬੰਦੀਆਂ ਦੇ ਮੱਦੇਨਜ਼ਰ ਉਨ੍ਹਾਂ ਦਾ ਨਾਂਅ ਅਪ੍ਰੈਲ ਵਿੱਚ ਵੈੱਬਸਾਈਟ ਤੋਂ ਹਟਾ ਲਿਆ ਗਿਆ। ਮਾਸਕੋ ਟਾਈਮਜ਼ ਦੀ ਖ਼ਬਰ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਸਵਿਟਜ਼ਰਲੈਂਡ, ਅਮਰੀਕਾ ਅਤੇ ਯੂਰਪ ਦੇ ਅਧਿਕਾਰੀਆਂ ਨੇ ਵਾਲ ਸਟਰੀਟ ਜਰਨਲ ਨੂੰ ਦੱਸਿਆ ਕਿ 2015 ਵਿੱਚ ਅਲੀਨਾ ਬੱਚੇ ਨੂੰ ਜਨਮ ਦੇਣ ਲਈ ਸਵਿਟਜ਼ਰਲੈਂਡ ਗਏ ਸਨ। ਇਸ ਤੋਂ ਬਾਅਦ, 2019 ਵਿੱਚ ਉਨ੍ਹਾਂ ਨੇ ਮਾਸਕੋ ਵਿੱਚ ਕਥਿਤ ਤੌਰ 'ਤੇ ਜੁੜਵਾਂ ਬੱਚਿਆਂ ਨੂੰ ਜਨਮ ਦਿੱਤਾ। ਹਾਲਾਂਕਿ, ਪੁਤਿਨ ਨੇ ਕਦੇ ਵੀ ਇਸ ਦੀ ਪੁਸ਼ਟੀ ਨਹੀਂ ਕੀਤੀ।

### ਸੁਰਖੀਆਂ ਦੌਰਾਨ ਮਾਸਕੋ 'ਚ 'ਅਲੀਨਾ ਫੈਸਟੀਵਲ'

'ਦਿ ਮਾਸਕੋ ਟਾਈਮਜ਼' ਦੀ ਖ਼ਬਰ ਮੁਤਾਬਕ, ਅਲੀਨਾ ਪਿਛਲੇ ਹਫਤੇ ਸ਼ਨੀਵਾਰ ਨੂੰ ਰੂਸ ਦੀ ਰਾਜਧਾਨੀ 'ਚ 'ਅਲੀਨਾ ਫੈਸਟੀਵਲ' 'ਚ ਨਜ਼ਰ ਆਏ। ਉਹ ਉੱਥੇ ਇੱਕ ਅਜਿਹੀ 'ਜਿਮਨਾਸਟ ਪ੍ਰਦਰਸ਼ਨੀ' ਲਈ ਗਏ ਸਨ, ਜਿਸਦਾ ਪ੍ਰਸਾਰਣ ਮਈ 'ਚ ਰੂਸ ਦੇ 'ਵਿਕਟਰੀ ਡੇ' ਦੇ ਮੌਕੇ 'ਤੇ ਕੀਤਾ ਜਾਣਾ ਹੈ।

ਇਸ ਦੌਰਾਨ ਉਨ੍ਹਾਂ ਕਿਹਾ, "ਹਰ ਪਰਿਵਾਰ ਕੋ਼ਲ ਜੰਗ ਦੀ ਇੱਕ ਕਹਾਣੀ ਹੁੰਦੀ ਹੈ ਅਤੇ ਸਾਨੂੰ ਉਨ੍ਹਾਂ ਕਹਾਣੀਆਂ ਨੂੰ ਭੁੱਲਣਾ ਨਹੀਂ ਚਾਹੀਦਾ ਸਗੋਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਸੁਣਾਉਣਾ ਚਾਹੀਦਾ ਹੈ।

ਇਸ ਮੌਕੇ ਉਨ੍ਹਾਂ ਨੇ ਯੂਕਰੇਨ 'ਤੇ ਰੂਸ ਦੇ ਹਮਲੇ ਦੀ ਨਿੰਦਾ ਅਤੇ ਰੂਸੀ ਜਿਮਨਾਸਟਾਂ, ਜੱਜਾਂ ਅਤੇ ਕੋਚਾਂ 'ਤੇ ਅੰਤਰਰਾਸ਼ਟਰੀ ਮੁਕਾਬਲਿਆਂ 'ਚ ਪਾਬੰਦੀ ਲਗਾਉਣ ਬਾਰੇ ਕਿਹਾ, "ਸਾਨੂੰ ਇਸ ਨਾਲ ਸਿਰਫ ਜਿੱਤ ਹੀ ਮਿਲੇਗੀ।"

'ਡੇਲੀ ਮੇਲ' ਦੀ ਖ਼ਬਰ ਅਨੁਸਾਰ, ਅਲੀਨਾ ਦੇ ਇਸ ਪ੍ਰੋਗਰਾਮ 'ਚ ਹਿੱਸਾ ਲੈਣ ਤੋਂ ਬਾਅਦ ਉਨ੍ਹਾਂ ਖ਼ਬਰਾਂ 'ਤੇ ਵਿਰਾਮ ਲੱਗ ਗਿਆ ਹੈ, ਜਿਨ੍ਹਾਂ ਵਿੱਚ ਕਿਹਾ ਜਾ ਰਿਹਾ ਸੀ ਕਿ ਉਹ ਸਵਿਟਜ਼ਰਲੈਂਡ ਜਾਂ ਸਾਇਬੇਰੀਆ ਦੇ ਕਿਸੇ ਬੰਕਰ 'ਚ ਲੁਕੇ ਹੋਏ ਹਨ॥ ਇਸ ਪ੍ਰੋਗਰਾਮ 'ਚ ਸੈਂਕੜੇ ਬੱਚਿਆਂ ਨੇ ਹਿੱਸਾ ਲਿਆ ਸੀ ਅਤੇ ਇਸ ਦੌਰਾਨ 'ਜ਼ੈੱਡ' ਚਿੰਨ੍ਹ ਵੀ ਦਿਖਾਈ ਦਿੱਤਾ, ਜੋ ਯੂਕਰੇਨ 'ਤੇ ਰੂਸ ਦੇ ਹਮਲੇ ਦੇ ਸਮਰਥਨ ਦਾ ਪ੍ਰਤੀਕ ਬਣ ਚੁੱਕਿਆ ਹੈ।

# ਸ਼ਾਹਜਹਾਂ ਤਾਜ ਮਹਿਲ ਬਣਾਉਂਦਾ ਰਹਿ ਗਿਆ, ਔਰੰਗਜ਼ੇਬ ਨੇ ਤਿੰਨੇ ਭਰਾ ਮਾਰ ਕੇ ਉਸਦਾ ਰਾਜ ਖੋਹ ਲਿਆ

ਨਵਰੋਜ਼ ਦਾ ਜਸ਼ਨ ਸੀ, ਨਵੇਂ ਸਾਲ ਦੀ ਖ਼ੁਸ਼ੀ ਵਿੱਚ ਮੀਨਾ ਬਜ਼ਾਰ ਨੂੰ ਸਜਾਇਆ ਗਿਆ ਸੀ। ਮਹਿਲ ਦੀਆਂ ਔਰਤਾਂ ਦੁਕਾਨਾਂ ਸਜਾ ਕੇ ਗਹਿਣੇ, ਮਸਾਲੇ ਅਤੇ ਹੋਰ ਚੀਜ਼ਾਂ ਵੇਚ ਰਹੀਆਂ ਸਨ ਤਾਂ ਜੋ ਇਸ ਨਾਲ ਹੋਣ ਵਾਲੀ ਆਮਦਨੀ ਨਾਲ ਗ਼ਰੀਬਾਂ ਦੀ ਮਦਦ ਕੀਤੀ ਜਾ ਸਕੇ। ਕਿਉਂਕਿ ਔਰਤਾਂ ਬਿਨਾਂ ਨਕਾਬ ਦੇ ਸਨ, ਇਸ ਲਈ ਸਿਰਫ਼ ਸ਼ਹਿਨਸ਼ਾਹ ਜਹਾਂਗੀਰ ਜਾਂ ਸ਼ਹਿਜ਼ਾਦੇ ਹੀ ਉੱਥੇ ਆ ਸਕਦੇ ਸਨ। ਸ਼ਹਿਜ਼ਾਦੇ ਖ਼ੁਰੱਮ ਵੀ ਉੱਥੇ ਆਏ। ਇੱਕ ਦੁਕਾਨ 'ਤੇ ਉਨ੍ਹਾਂ ਨੇ ਇੱਕ ਕੁੜੀ ਨੂੰ ਕੀਮਤੀ ਪੱਥਰ ਅਤੇ ਰੇਸ਼ਮ ਵੇਚਦਿਆਂ ਦੇਖਿਆ। ਕੋਮਲ ਅਤੇ ਨਾਜ਼ੁਕ ਹੱਥਾਂ ਨਾਲ ਉਹ ਬਹੁਤ ਸੋਹਣੇ ਕੱਪੜੇ ਨੂੰ ਤਹਿ ਲਗਾ ਰਹੀ ਸੀ। ਇੱਕ ਪਲ ਲਈ ਦੋਵਾਂ ਦੀਆਂ ਅੱਖਾਂ ਚਾਰ ਹੋਈਆਂ। ਖ਼ੁਰੱਮ ਦਾ ਦਿਲ ਤੇਜ਼ੀ ਨਾਲ ਧੜਕਿਆ, ਆਵਾਜ਼ ਸੁਣਨ ਲਈ ਪੁੱਛਿਆ - ਇਹ ਪੱਥਰ ਕਿਵੇਂ ਦਾ ਹੈ?

ਪੱਥਰ ਚੁੱਕਦਿਆਂ ਕੁੜੀ ਨੇ ਕਿਹਾ, ''ਜਨਾਬ, ਇਹ ਕੀਮਤੀ ਹੀਰਾ ਹੈ। ਕੀ ਤੁਹਾਨੂੰ ਇਸ ਦੀ ਚਮਕ ਤੋਂ ਅੰਦਾਜ਼ਾ ਨਹੀਂ ਹੋਇਆ? ਇਸ ਦੀ ਕੀਮਤ 10 ਹਜ਼ਾਰ ਰੁਪਏ ਹੈ।'' ਜਦੋਂ ਖ਼ੁਰੱਮ ਕੀਮਤ ਅਦਾ ਕਰਨ ਲਈ ਤਿਆਰ ਹੋ ਗਏ ਤਾਂ ਕੁੜੀ ਹੈਰਾਨ ਰਹਿ ਗਈ। ਉਹ ਬੋਲੇ, ''ਹੁਣ ਜਦੋਂ ਇਸ ਉੱਤੇ ਤੁਹਾਡਾ ਹੱਥ ਲੱਗਿਆ ਹੈ, ਤਾਂ ਇਹ ਕੀਮਤ ਕੁਝ ਵੀ ਨਹੀਂ।'' ਕੁੜੀ ਨੇ ਸ਼ਰਮਾ ਕੇ ਨਜ਼ਰਾਂ ਝੁਕਾ ਲਈਆਂ। ਖ਼ੁਰੱਮ ਨੇ ਕਿਹਾ, ''ਅਗਲੀ ਮੁਲਾਕਾਤ ਤੱਕ ਮੈਂ ਇਸ ਨੂੰ ਦਿਲ ਦੇ ਕੋਲ ਰੱਖਾਂਗਾ।''

ਕੁੜੀ ਨੂੰ ਅਹਿਸਾਸ ਹੋਇਆ ਕਿ ਹੁਣ ਇਹ ਖੇਡ ਨਹੀਂ ਰਹੀ ਤਾਂ ਉਸ ਨੇ ਕੰਬਦੀ ਹੋਈ ਆਵਾਜ਼ 'ਚ ਪੁੱਛਿਆ, ''ਤੇ ਇਹ (ਮੁਲਾਕਾਤ) ਕਦੋਂ ਹੋਵੇਗੀ?'' ਕੈਰੋਲੀਨ ਅਰਨੋਲਡ ਅਤੇ ਮੇਡੇਲੀਨ ਕੋਮੁਰਾ ਦੀ ਕਿਤਾਬ ਖ਼ੁਰੱਮ ਨੇ ਕਿਹਾ ''ਜਿਸ ਦਿਨ ਸਾਡੇ ਦਿਲ ਮਿਲਣਗੇ ਅਤੇ ਫ਼ਿਰ ਮੈਂ ਸਿਤਾਰਿਆਂ ਵਾਂਗ ਚਮਕਦੇ ਹੋਏ ਅਸਲੀ ਹੀਰੇ ਤੁਹਾਡੇ 'ਤੇ ਲੁਟਾ ਦੇਵਾਂਗਾ।'' ਕੈਰੋਲੀਨ ਅਰਨੋਲਡ ਅਤੇ ਮੇਡੇਲੀਨ ਕੋਮੁਰਾ ਨੇ ਆਪਣੀ ਕਿਤਾਬ 'ਤਾਜ ਮਹਿਲ' 'ਚ ਇਸ ਘਟਨਾ ਬਾਰੇ ਲਿਖਦੇ ਹੋਏ ਦੱਸਿਆ ਕਿ ਇਹ ਕੁੜੀ ਅਰਜੁਮੰਦ ਬਾਨੋ ਸੀ।


ਉਨ੍ਹਾਂ ਦੇ ਦਾਦਾ ਮਿਰਜ਼ਾ ਗ਼ਯਾਸ ਬੇਗ (ਜਿਨ੍ਹਾਂ ਨੂੰ ਏਤਮਾਦ-ਉਲ-ਦੌਲਾ ਯਾਨੀ 'ਸ਼ਾਸਨ ਦਾ ਥੰਮ' ਵੀ ਕਿਹਾ ਜਾਂਦਾ ਹੈ) ਮੁਗ਼ਲ ਸਮਰਾਟ ਅਕਬਰ ਦੇ ਸ਼ਾਸਨਕਾਲ ਦੌਰਾਨ ਸ਼ਾਹੀ ਦਰਬਾਰ 'ਚ ਸ਼ਾਮਲ ਹੋਏ ਅਤੇ ਬਾਅਦ ਵਿੱਚ (ਪ੍ਰਧਾਨ) ਮੰਤਰੀ ਬਣੇ। ਉਨ੍ਹਾਂ ਦੀ ਭੂਆ ਮਹਿਰ-ਉ-ਨਿਸਾ ਨੇ ਸਾਲ 1611 ਵਿੱਚ ਬਾਦਸ਼ਾਹ ਜਹਾਂਗੀਰ ਨਾਲ ਵਿਆਹ ਕੀਤਾ ਅਤੇ ਨੂਰਜਹਾਂ ਦੇ ਨਾਮ ਨਾਲ ਮਸ਼ਹੂਰ ਹੋਈ। ਮੁਇਨ-ਉਲ-ਆਸਾਰ ਵਿੱਚ ਲਿਖਿਆ ਹੈ ਕਿ ਪਿਤਾ ਅਤੇ ਦਾਦਾ ਨੇ ਅਰਜੁਮੰਦ ਦੀ ਸੁੰਦਰਤਾ, ਸਮਝ ਅਤੇ ਦੂਰਦਰਸ਼ੀ ਸੋਚ ਨੂੰ ਦੇਖਦੇ ਹੋਏ ਉੱਚ ਪੱਧਰ ਦੀ ਸਿੱਖਿਆ ਦਿੱਤੀ। ਮਾਂ ਦੇ ਪਾਸ਼ਣ-ਪੋਸ਼ਣ ਨੇ ਇਸ ਵਿੱਚ ਚਾਰ ਚੰਨ੍ਹ ਲਗਾ ਦਿੱਤੇ। ਜਦੋਂ ਪੜ੍ਹਾਈ ਲਿਖਾਈ ਪੂਰੀ ਹੋਈ ਤਾਂ ਹਰ ਪਾਸੇ ਉਸ ਦੀ ਸੁੰਦਰਤਾ ਦੀ ਚਰਚਾ ਸੀ ਅਤੇ ਘਰ-ਘਰ ਵਿੱਚ ਉਨ੍ਹਾਂ ਦੇ ਗਿਆਨ ਅਤੇ ਨਿਮਰ ਸੁਭਾਅ ਦਾ ਜ਼ਿਕਰ ਸੀ।

### ਖ਼ੁਰੱਮ ਦੇ ਵਿਆਹ ਦਾ ਜ਼ਿਕਰ

ਰੇਣੂਕਾ ਨਾਥ ਨੇ ਆਪਣੀ ਕਿਤਾਬ 'ਨੋਟੇਬਲ ਮੁਗ਼ਲ ਐਂਡ ਹਿੰਦੂ ਵੂਮਨ ਇਨ ਦਿ ਸਿਕਸਟੀਂਥ ਐਂਡ ਸੈਵੇਂਟੀਂਥ ਸੈਂਚੁਰੀਜ਼ ਏ। ਡੀ। ' ਵਿੱਚ ਲਿਖਿਆ ਹੈ ਕਿ ਅਰਜੁਮੰਦ ਗਿਆਨ ਦੇ ਖ਼ੇਤਰ ਵਿੱਚ ਅੱਗੇ ਸੀ ਅਤੇ ਇੱਕ ਪ੍ਰਤਿਭਾਸ਼ਾਲੀ ਤੇ ਸੱਭਿਅਕ ਔਰਤ ਸੀ।

ਉਹ ਅਰਬੀ ਅਤੇ ਫ਼ਾਰਸੀ ਭਾਸ਼ਾਵਾਂ ਵਿੱਚ ਮਾਹਰ ਸੀ ਅਤੇ ਕਵਿਤਾਵਾਂ ਲਿਖ ਸਕਦੀ ਸੀ। ਵਾਲਡੇਮਰ ਹੈਨਸੇਨ ਮੁਤਾਬਕ, ਉਹ ਆਪਣੀ ਸ਼ਿਸ਼ਟਾਚਾਰ ਅਤੇ ਚੰਗੇ ਵਿਵਹਾਰ ਲਈ ਮਸ਼ਹੂਰ ਸੀ।

ਜਹਾਂਗੀਰ ਨੇ ਉਨ੍ਹਾਂ ਬਾਰੇ ਜ਼ਰੂਰ ਸੁਣਿਆ ਹੋਵੇਗਾ ਕਿਉਂਕਿ ਉਹ ਆਪਣੇ ਬੇਟੇ ਸ਼ਹਾਬੁਦੀਨ ਮੁਹੰਮਦ ਖ਼ੁਰੱਮ ਦੇ ਸੁਝਾਅ ਉੱਤੇ ਮੰਗਣੀ ਲਈ ਆਸਾਨੀ ਨਾਲ ਰਾਜ਼ੀ ਹੋ ਗਏ ਸਨ। ਮਾਸਰ-ਉਲ-ਅਮਰਾ ਮੁਤਾਬਕ, ਜਹਾਂਗੀਰ ਨੇ ਸ਼ਾਲੀਨਤਾ ਅਤੇ ਕੁਲੀਨਤਾ ਦਾ ਸਤਿਕਾਰ ਕਰਦਿਆਂ ਅਰਜੁਮੰਦ ਬਾਨੋ ਬੇਗਮ ਨਾਲ ਖ਼ੁਰੱਮ ਦੀ ਮੰਗਣੀ ਕੀਤੀ ਅਤੇ ਰਸਮ ਅਨੁਸਾਰ ਖ਼ੁਦ ਆਪਣੇ ਹੱਥ ਨਾਲ ਮੁੰਦਰੀ ਪਹਿਨਾਈ। ਮੁਹੰਮਦ ਅਮੀਨ ਕਜ਼ਵੀਨੀ ਨੇ 'ਪਾਦਸ਼ਾਹ ਨਾਮਾ' ਵਿੱਚ ਲਿਖਿਆ ਹੈ ਕਿ ਜਹਾਂਗੀਰ ਦੀ ਪਤਨੀ ਨੂਰਜਹਾਂ ਨੇ ਆਪਣੀ ਭਤੀਜੀ ਦੇ ਨਾਲ ਸ਼ਹਿਜ਼ਾਦਾ ਖ਼ੁਰੱਮ ਦਾ ਵਿਆਹ ਤੈਅ ਕਰਨ ਵਿੱਚ ਖ਼ਾਸ ਦਿਲਚਸਪੀ ਲਈ। ਦਰਬਾਰੀ ਜੋਯਤਸ਼ੀਆਂ ਵੱਲੋਂ ਵਿਆਹ ਲਈ ਚੁਣੇ ਜਾਣ ਵਾਲੀ ਸ਼ੁੱਭ ਮਿਤੀ ਲਈ ਮੰਗਣੀ ਤੋਂ ਬਾਅਦ ਪੰਜ ਸਾਲਾਂ ਤੱਕ ਇੰਤਜ਼ਾਰ ਕਰਨਾ ਪਿਆ। ਸਾਲ 1607 ਵਿੱਚ ਹੋਣ ਵਾਲੀ ਮੰਗਣੀ ਤੋਂ ਬਾਅਦ ਸਾਲ 1612 ਵਿੱਚ ਇਹ ਵਿਆਹ ਸ਼ਾਨ- ਓ-ਸ਼ੌਕਤ ਦੇ ਨਾਲ ਹੋਇਆ। ਮੁਇਨ-ਉਲ-ਆਸਾਰ ਵਿੱਚ ਲਿਖਿਆ ਹੈ ਕਿ 'ਵਿਆਹ ਸਮਾਗਮ ਏਤੇਮਾਦ-ਉਦ-ਦੌਲਾ ਮਿਰਜ਼ਾ ਗ਼ਯਾਸ ਦੇ ਘਰ ਹੋਇਆ ਅਤੇ ਉਸ ਨਾਲ ਜੁੜੀਆਂ ਸਾਰੀਆਂ ਰਸਮਾਂ ਵੀ ਉੱਥੇ ਹੀ ਨਿਭਾਈਆਂ ਗਈਆਂ। ਜਹਾਂਗੀਰ ਨੇ ਖ਼ੁਦ ਲਾੜੇ ਦੀ ਪੱਗ ਉੱਤੇ ਮੋਤੀਆਂ ਦਾ ਹਾਰ ਬੰਨ੍ਹਿਆਂ ਅਤੇ ਮੇਹਰ ਦੀ ਰਕਮ ਪੰਜ ਲੱਖ ਰੁਪਏ ਤੈਅ ਕੀਤੀ ਗਈ।' 'ਖ਼ੁਰੱਮ ਦੀ ਉਮਰ 20 ਸਾਲ ਇੱਕ ਮਹੀਨੇ ਅੱਠ ਦਿਨ ਸੀ ਅਤੇ ਬੇਗ਼ਮ ਦੀ ਉਮਰ 19 ਸਾਲ ਅਤੇ ਇੱਕ ਦਿਨ ਸੀ।' 'ਚੰਦਰਪੰਤ ਮੁਤਾਬਕ, ਸ਼ਹਿਜ਼ਾਦਾ ਖ਼ੁਰੱਮ ਨੇ 'ਉਨ੍ਹਾਂ ਨੂੰ ਉਸ ਸਮੇਂ ਦੀਆਂ ਤਮਾਮ ਔਰਤਾਂ ਵਿੱਚ ਰੰਗ ਤੇ ਰੂਪ ਅਤੇ ਕਿਰਦਾਰ ਵਿੱਚ ਸਭ ਤੋਂ ਖ਼ਾਸ ਕਰਾਰ ਦਿੱਤਾ ਅਤੇ ਉਨ੍ਹਾਂ ਨੂੰ ਮੁਮਤਾਜ਼ ਮਹਿਲ ਦੀ ਉਪਾਧੀ ਦਿੱਤੀ।'



ਉਨ੍ਹਾਂ ਦੀ ਮੰਗਣੀ ਅਤੇ ਵਿਆਹ ਵਿਚਾਲੇ ਦੇ ਸਾਲਾਂ ਦੌਰਾਨ, ਖੁਰਰਮ ਨੇ ਸਾਲ 1610 ਵਿੱਚ ਆਪਣੀ ਪਹਿਲੀ ਪਤਨੀ, ਸ਼ਹਿਜ਼ਾਦੀ ਕੰਧਾਰੀ ਬੇਗਮ ਨਾਲ ਵਿਆਹ ਕੀਤਾ ਅਤੇ ਮੁਮਤਾਜ਼ ਨਾਲ ਵਿਆਹ ਤੋਂ ਬਾਅਦ ਸਾਲ 1617 ਵਿੱਚ ਤੀਜੀ ਪਤਨੀ, ਇੱਕ ਮੁਗ਼ਲ ਦਰਬਾਰੀ ਦੀ ਬੇਟੀ ਇੱਜ਼ੁਨਿਸਾ ਬੇਗਮ (ਅਕਬਰਾਬਾਦੀ ਮਹਿਲ) ਨੂੰ ਬਣਾਇਆ। ਦਰਬਾਰੀ ਇਤਿਹਾਸਕਾਰਾਂ ਮੁਤਾਬਕ ਦੋਵੇਂ ਹੀ ਵਿਆਹ ਇੱਕ ਰਾਜਨੀਤਿਕ ਗੱਠਜੋੜ ਸਨ। ਦਰਬਾਰੀ ਇਤਿਹਾਸਕਾਰ ਮੋਤਮਿਦ ਖ਼ਾਨ 'ਇਕਬਾਲਨਾਮਾ ਜਹਾਂਗੀਰੀ' ਵਿੱਚ ਕਹਿੰਦੇ ਹਨ ਕਿ ਜੋ ਨੇੜਤਾ, ਡੂੰਘਾ ਪਿਆਰ ਅਤੇ ਤਵੱਜੋ ਮੁਮਤਾਜ਼ ਮਹਿਲ ਲਈ ਸੀ, ਉਹ ਹੋਰ ਪਤਨੀਆਂ ਲਈ ਨਹੀਂ ਸੀ।

### ਸ਼ਾਹਜਹਾਂ ਦੀ ਉਪਾਧੀ

ਇਸੇ ਤਰ੍ਹਾਂ, ਇਤਿਹਾਸਕਾਰ ਇਨਾਇਤ ਖ਼ਾਨ ਨੇ ਟਿੱਪਣੀ ਕੀਤੀ ਕਿ ''ਉਨ੍ਹਾਂ ਦੀ ਸਾਰੀ ਖ਼ੁਸ਼ੀ ਇਸ ਪ੍ਰਸਿੱਧ ਔਰਤ (ਮੁਮਤਾਜ਼ ਮਹਿਲ) ਉੱਤੇ ਕੇਂਦਰਿਤ ਸੀ, ਇਸ ਹੱਦ ਤੱਕ ਕਿ ਦੂਜੀ ਪਤਨੀਆਂ ਲਈ ਉਸ ਪਿਆਰ ਦਾ ਹਜ਼ਾਰਵਾਂ ਹਿੱਸਾ ਵੀ ਨਹੀਂ ਸੀ ਜੋ ਮੁਮਤਾਜ਼ ਮਹਿਲ ਲਈ ਸੀ।'' ਜ਼ਫ਼ਰਨਾਮਾ ਸ਼ਾਹਜਹਾਂ ਵਿੱਚ ਲਿਖਿਆ ਹੈ ਕਿ ''ਸਾਲ 1628 ਵਿੱਚ 36 ਸਾਲ ਦੀ ਉਮਰ 'ਚ ਸ਼ਹਾਬੁਦੀਨ ਮੁਹੰਮਦ ਖ਼ੁਰੱਮ ਨੇ ਸ਼ਾਹਜਹਾਂ ਦੀ ਉਪਾਧੀ ਧਾਰਨ ਕੀਤੀ ਅਤੇ ਗੱਦੀ ਉੱਤੇ ਬੈਠੇ। ਆਸਿਫ਼ ਖ਼ਾਨ (ਪ੍ਰਧਾਨ) ਮੰਤਰੀ ਬਣੇ। ਖ਼ੁਸ਼ੀ ਮਨਾਈ ਗਈ, ਇੱਕ ਕਰੋੜ 80 ਲੱਖ ਰੁਪਏ ਨਗਦ ਅਤੇ ਮਾਲ ਦੇ ਰੂਪ 'ਚ ਅਤੇ ਚਾਰ ਲੱਖ ਬੀਘਾ ਜ਼ਮੀਨ ਤੇ 120 ਪਿੰਡ ਦਾਨ ਅਤੇ ਇਨਾਮ ਦਿੱਤੇ।''

ਇਸੇ ਤਰ੍ਹਾਂ ਦਾ ਸਮਾਗਮ ਮੁਮਤਾਜ਼ ਮਹਿਲ ਨੇ ਕਰਵਾਇਆ ਅਤੇ ਗਹਿਣਿਆਂ, ਸੋਨੇ ਅਤੇ ਚਾਂਦੀ ਦੇ ਫੁੱਲਾਂ ਨਾਲ ਸ਼ਾਹਜਹਾਂ ਦੀ ਨਜ਼ਰ ਉਤਾਰੀ। ਬਾਦਸ਼ਾਹ ਨੇ ਦੋ ਲੱਖ ਅਸ਼ਰਫ਼ੀਆਂ ਅਤੇ ਕੁਝ ਲੱਖ ਰੁਪਏ ਮੁਮਤਾਜ਼ ਮਹਿਲ ਨੂੰ ਦਿੱਤੇ ਅਤੇ ਦੱਸ ਲੱਖ ਰੁਪਏ ਸਾਲਾਨਾ ਵਜ਼ੀਫ਼ਾ ਤੈਅ ਕੀਤਾ ਅਤੇ (ਦੂਜੀ) ਬੇਗ਼ਮ ਸਾਹਿਬਾ ਨੂੰ ਇੱਕ ਲੱਖ ਅਸ਼ਰਫ਼ੀ ਅਤੇ ਚਾਰ ਲੱਖ ਰੁਪਏ ਦਿੱਤੇ ਗਏ। ਇਸ ਤੋਂ ਇਲਾਵਾ ਛੇ ਲੱਖ ਰੁਪਏ ਸਾਲਾਨਾ ਐਲਾਨੇ ਗਏ। ਮੇਹਰ ਸ਼ਾਹੀ ਮੁਮਤਾਜ਼ ਨੂੰ ਸੌਂਪ ਦਿੱਤੀ ਗਈ, ਬਹੁਤ ਜ਼ਿਆਦਾ ਆਮਦਨ ਵਾਲੀਆਂ ਜ਼ਮੀਨਾਂ ਅਤੇ ਜਾਇਦਾਦਾਂ ਦਿੱਤੀਆਂ ਗਈਆਂ। ਜਸਵੰਤ ਲਾਲ ਮਹਿਤਾ ਲਿਖਦੇ ਹਨ ਕਿ ''ਸ਼ਾਹਜਹਾਂ ਨੇ ਮੁਮਤਾਜ ਨੂੰ 'ਪਾਦਸ਼ਾਹ ਬੇਗ਼ਮ' (ਮਹਿਲਾ ਸ਼ਹਿ-ਸ਼ਾਹ), 'ਮਲਿਕਾ-ਏ-ਜਹਾਂ' (ਵਿਸ਼ਵ ਦੀ ਰਾਣੀ) ਅਤੇ 'ਮਲਿਕਾ-ਉਜ਼-ਜ਼ਮਾ' (ਜ਼ਮਾਨੇ ਦੀ ਰਾਣੀ) ਅਤੇ 'ਮਲਿਕਾ-ਏ-ਹਿੰਦ' (ਹਿੰਦੁਸਤਾਨ ਦੀ ਰਾਣੀ) ਦੀਆਂ ਉਪਾਧੀਆਂ ਦਿੱਤੀਆਂ ਗਈਆਂ। ਸ਼ਾਹਜਹਾਂ ਨੇ ਉਨ੍ਹਾਂ ਨੂੰ ਅਜਿਹੀਆਂ ਸੁੱਖ ਸੁਵਿਧਾਵਾਂ ਦਿੱਤੀਆਂ ਜੋ ਉਨ੍ਹਾਂ ਤੋਂ ਪਹਿਲਾਂ ਕਿਸੇ ਹੋਰ ਮਲਿਕਾ ਨੂੰ ਨਹੀਂ ਦਿੱਤੀਆਂ ਗਈਆਂ।''

### ਰਾਜਨੀਤਿਕ ਸੱਤਾ

ਉਨ੍ਹਾਂ ਨੂੰ ਹਜ਼ਰਤ ਕਹਿ ਕੇ ਸੰਬੋਧਿਤ ਕੀਤਾ ਜਾਂਦਾ ਸੀ। ਕਿਸੇ ਮਲਿਕਾ ਦੀ ਰਿਹਾਇਸ਼ ਉਸ ਕਦਰ ਸਜ਼ੀ ਨਹੀਂ ਸੀ ਜਿੰਨਾ ਖ਼ਾਸ ਮਹਿਲ ਸੀ (ਆਗਰਾ ਦੇ ਕਿਲੇ ਦਾ ਹਿੱਸਾ), ਜਿੱਥੇ ਮੁਮਤਾਜ਼ ਸ਼ਾਹਜਹਾਂ ਦੇ ਨਾਲ ਰਹਿੰਦੀ ਸੀ। ਇਸ ਨੂੰ ਸ਼ੁੱਧ ਸੋਨੇ ਅਤੇ ਕੀਮਤੀ ਪੱਥਰਾਂ ਨਾਲ ਸਜਾਇਆ ਗਿਆ ਸੀ ਅਤੇ ਇਸ ਵਿੱਚ ਗੁਲਾਬ ਜਲ ਦੇ ਫੁਆਰੇ ਸਨ।

ਉਹ ਹਮੇਸ਼ਾ ਸ਼ਾਹਜਹਾਂ ਦੀ ਵਿਸ਼ਵਾਸ ਵਾਲੀ ਸਾਥੀ, ਵਿਸ਼ਵਾਸ ਪਾਤਰ ਅਤੇ ਸਲਾਹਕਾਰ ਸੀ। ਫ਼ਿਰ ਵੀ ਉਨ੍ਹਾਂ ਨੇ ਆਪਣੇ ਲਈ ਰਾਜਨੀਤਿਕ ਸੱਤਾ ਨਹੀਂ ਚਾਹੀ। ਮਲਿਕਾ ਦੇ ਰੂਪ ਵਿੱਚ ਮੁਮਤਾਜ਼ ਮਹਿਲ ਦਾ ਦੌਰ, ਉਨ੍ਹਾਂ ਦੀ ਬੇ-ਵਕਤ ਮੌਤ ਕਾਰਨ ਸਿਰਫ਼ ਤਿੰਨ ਸਾਲ ਦਾ ਰਿਹਾ। ਮਾਸਰ-ਅਲ-ਅਮਰਾ ਮੁਤਾਬਕ, ਮੁਮਤਾਜ਼ ਮਹਿਲ ਰਾਸ਼ਟਰੀ ਮਾਮਲਿਆਂ ਵਿੱਚ ਵੀ ਸ਼ਾਹਜਹਾਂ ਦੀ ਸਲਾਹਕਾਰ ਸਨ, ਪਰ ਨੂਰਜਹਾਂ ਵਾਂਗ ਬਾਦਸ਼ਾਹ ਨੂੰ ਆਪਣੇ ਤੌਰ ਤਰੀਕੇ ਨਾਲ ਚਲਾਉਣ ਦੀ ਕੋਸ਼ਿਸ਼ ਨਹੀਂ ਕੀਤੀ ਸੀ। ਮੁਮਤਾਜ਼ ਮਹਿਨ ਨੇ ਆਪਣੀ ਭੂਆ ਦੇ ਕਾਰਨ ਵੱਡੀਆਂ-ਵੱਡੀਆਂ ਮੁਸ਼ਕਲਾਂ ਚੁੱਕੀਆਂ, ਪਰ ਸ਼ਾਹਜਹਾਂ ਨੂੰ ਇਹੀ ਸਲਾਹ ਦਿੱਤੀ ਕਿ ਉਹ ਆਪਣੀ ਮਤਰੇਈ ਮਾਂ ਨੂੰ ਖ਼ੁਸ਼ ਰੱਖਣ ਵਿੱਚ ਕੋਈ ਕਮੀ ਨਾ ਰੱਖਣ। ਇਸ ਲਈ ਸ਼ਾਹਜਹਾਂ ਨੇ ਨੂਰਜਹਾਂ ਦੀ ਸਾਲਾਨਾ ਪੈਨਸ਼ਨ 38 ਲੱਖ ਰੁਪਏ ਤੈਅ ਕੀਤੀ ਅਤੇ ਮਾਨ-ਸਨਮਾਨ ਵਿੱਚ ਕੋਈ ਫ਼ਰਕ ਨਹੀਂ ਆਉਣ ਦਿੱਤਾ। ਮੁਮਤਾਜ਼ ਮਹਿਲ ਆਪਣੀ ਨੈਤਿਕਤਾ ਲਈ ਖ਼ਾਸ ਤੌਰ 'ਤੇ ਮਸ਼ਹੂਰ ਸੀ। ਹਰ ਰੋਜ਼ ਸੈਂਕੜੇ ਵਿਧਵਾਵਾਂ ਅਤੇ ਹਜ਼ਾਰਾਂ ਗ਼ਰੀਬ ਲੋਕਾਂ ਉਨ੍ਹਾਂ ਤੋਂ ਫਾਇਦਾ ਚੁੱਕਦੇ ਸਨ।

### ਮੁਮਤਾਜ਼ ਮਹਿਲ ਦੀ ਬੇਟੀ ਜਹਾਂ ਆਰਾ

ਵਿਆਹ ਦੇ 19 ਸਾਲ ਵਿੱਚ ਉਨ੍ਹਾਂ ਦੇ 14 ਬੱਚੇ (ਅੱਠ ਬੇਠੇ ਅਤੇ ਛੇ ਬੇਟੀਆਂ) ਪੈਦਾ ਹੋਈਆਂ। ਉਨ੍ਹਾਂ ਵਿੱਚੋਂ ਸੱਤ ਦੀ ਮੌਤ ਜਨਮ ਦੇ ਸਮੇਂ ਜਾਂ ਬਹੁਤ ਹੀ ਘੱਟ ਉਮਰ ਵਿੱਚ ਹੋ ਗਈ। ਗਰਭਵਤੀ ਹੋਣ ਦੇ ਬਾਵਜੂਦ, ਮੁਮਤਾਜ਼ ਮਹਿਲ ਨੇ ਅਕਸਰ ਸ਼ਾਹਜਹਾਂ ਦੇ ਨਾਲ ਉਨ੍ਹਾਂ ਦੇ ਸ਼ੁਰੂਆਤੀ ਫੌਜੀ ਅਭਿਆਨਾਂ ਵਿੱਚ ਅਤੇ ਬਾਅਦ ਵਿੱਚ ਉਨ੍ਹਾਂ ਦੀ ਆਪਣੇ ਪਿਤਾ ਦੇ ਖ਼ਿਲਾਫ਼ ਬਗਾਵਤ ਵਿੱਚ ਵੀ ਦੌਰੇ ਕੀਤੇ। ਅਨੰਤ ਕੁਮਾਰ ਨੇ 'ਮੋਨੋਮੇਂਟ ਆਫ਼ ਲਵ ਐਂਡ ਸਿੰਬਲ ਆਫ਼ ਮੇਟਰਨਲ ਡੇਥ- ਦਿ ਸਟੋਰੀ ਬਿਹਾਈਂਡ ਦਿ ਤਾਜਮਹਿਲ' ਵਿੱਚ ਲਿਖਿਆ ਹੈ ਕਿ ਮੁਮਤਾਜ਼ ਮਹਿਲ ਦੀ ਮੌਤ 17 ਜੂਨ, 1631 ਨੂੰ ਬੁਰਹਾਨਪੁਰ ਵਿੱਚ ਲਗਭਗ 30 ਘੰਟੇ ਤੱਕ ਚੱਲੇ ਪਸੂਤੀ ਪੀੜਾਂ ਤੋਂ ਬਾਅਦ ਆਪਣੇ 14ਵੇਂ ਬੱਚੇ ਨੂੰ ਜਨਮ ਦਿੰਦੇ ਹੋਏ ਜ਼ਿਆਦਾ ਖ਼ੂਨ ਵਹਿਣ ਕਾਰਨ ਹੋਈ। ਉਨ੍ਹਾਂ ਦੇ ਪਤੀ ਉਸ ਸਮੇਂ ਦੱਕਣ 'ਚ ਫੌਜੀ ਅਭਿਆਨ ਉੱਤੇ ਸਨ। ਉਨ੍ਹਾਂ ਦੀ ਲਾਸ਼ ਨੂੰ ਅਸਥਾਈ ਰੂਪ 'ਚ ਬੁਰਹਾਨਪੁਰ ਦੇ ਇੱਕ ਬਗ਼ੀਚੇ ਵਿੱਚ ਦਫ਼ਨਾਇਆ ਗਿਆ ਸੀ।

ਮੁਮਤਾਜ਼ ਮਹਿਲ ਦੀ ਮੌਤ ਨਾਲ ਸ਼ਾਹਜਹਾਂ ਨੂੰ ਡੂੰਘਾ ਸਦਮਾ ਪਹੁੰਚਿਆ ਸੀ। ਵੇਨ ਬੇਗਲੀ ਦਾ ਕਹਿਣਾ ਹੈ ਕਿ ਜਦੋਂ ਸਦਮੇ ਤੋਂ ਬਾਅਦ ਸਮਰਾਟ ਸ਼ਹਿਸ਼ਾਹ ਬਾਹਰ ਆਏ ਤਾਂ ਉਨ੍ਹਾਂ ਦੇ ਵਾਲ ਚਿੱਟੇ ਹੋ ਗਏ ਸਨ, ਉਨ੍ਹਾਂ ਦੀ ਢੁਈ ਝੁਕੀ ਹੋਈ ਸੀ ਅਤੇ ਉਨ੍ਹਾਂ ਦਾ ਚਿਹਰਾ ਮੁਰਝਾਇਆ ਹੋਇਆ ਸੀ। ਏਨੀ ਮੈਰੀ ਸ਼ਿਮਲ ਨੇ 'ਦਿ ਗ੍ਰੇਟ ਮੁਗ਼ਲ ਐਂਪਾਇਰ- ਹਿਸਟ੍ਰੀ, ਆਰਟ ਐਂਡ ਕਲਚਰ' ਵਿੱਚ ਲਿਖਿਆ ਹੈ ਕਿ ਮੁਮਤਾਜ਼ ਮਹਿਲ ਦੀ ਸਭ ਤੋਂ ਵੱਡੀ ਬੇਟੀ ਜਹਾਂ ਆਰਾ ਬੇਗ਼ਮ ਨੇ ਹੌਲੀ-ਹੌਲੀ ਆਪਣੇ ਪਿਤਾ ਨੂੰ ਦੁੱਖ ਤੋਂ ਬਾਹਰ ਕੱਢਣਾ ਅਤੇ ਦਰਬਾਰ ਵਿੱਚ ਆਪਣੀ ਮਾਂ ਦੀ ਥਾਂ ਲੈ ਲਈ।

### ਔਂਗਰਜ਼ੇਬ ਦੇ ਹੱਥਾਂ ਵਿੱਚ ਸਲਤਨਤ

ਦਸੰਬਰ 1631 ਵਿੱਚ ਉਨ੍ਹਾਂ ਦੀ ਲਾਸ਼ ਨੂੰ ਉਨ੍ਹਾਂ ਦੇ ਬੇਟੇ ਸ਼ਾਹ ਸ਼ੁਜਾ, ਮਲਿਕਾ ਦੀ ਦਾਸੀ, ਨਿੱਜੀ ਡਾਕਟਰ ਅਤੇ ਉਨ੍ਹਾਂ ਦੀਆਂ ਬੇਟੀਆਂ ਜਹਾਂ ਆਰਾ ਬੇਗ਼ਮ ਅਤੇ ਗੋਹਰ ਆਰਾ ਬੇਗ਼ਮ ਦੀ ਅਧਿਆਪਕਾ ਸਤੀ-ਉਨ-ਨਿਸਾ ਬੇਗ਼ਮ ਅਤੇ ਸਤਿਕਾਰਿਤ ਦਰਬਾਰੀ ਵਜ਼ੀਰ ਖ਼ਾਨ ਦੇ ਨਾਲ ਆਗਰਾ ਲਿਆਇਆ ਗਿਆ ਸੀ।

ਉੱਥੇ ਉਨ੍ਹਾਂ ਨੂੰ ਯਮੁਨਾ ਨਦੀ ਦੇ ਕੰਢੇ ਇੱਕ ਛੋਟੀ ਜਿਹੀ ਇਮਾਰਤ ਵਿੱਚ ਦਫ਼ਨਾਇਆ ਗਿਆ। ਜਨਵਰੀ 1632 ਵਿੱਚ ਕਬਰ ਦੀ ਥਾਂ ਉੱਤੇ ਤਾਜ ਮਹਿਲ ਦੀ ਉਸਾਰੀ ਸ਼ੁਰੂ ਹੋਈ। ਇਹ ਇੱਕ ਅਜਿਹਾ ਕੰਮ ਸੀ ਜਿਸ ਨੂੰ ਪੂਰਾ ਕਰਨ ਵਿੱਚ 22 ਸਾਲ ਲੱਗਣੇ ਸੀ। ਅੰਗਰੇਜ਼ੀ ਕਵੀ ਸਰ ਏਡਵਿਨ ਅਰਨੋਲਡ ਨੇ ਇਸ ਬਾਰੇ ਕਿਹਾ ਹੈ ਕਿ 'ਇਹ ਵਾਸਤੂਕਲਾ ਦਾ ਇੱਕ ਟੁਕੜਾ ਨਹੀਂ ਹੈ, ਜਿਵੇਂ ਕਿ ਦੂਜੀਆਂ ਇਮਾਰਤਾਂ ਹਨ, ਸਗੋਂ ਇੱਕ ਸ਼ਹਿੰਸ਼ਾਹ ਦੇ ਪਿਆਰ ਦਾ ਮਾਣਮੱਤਾ ਅਹਿਸਾਸ ਹੈ ਜੋ ਜੀਵਤ ਪੱਥਰਾਂ ਵਿੱਚ ਉੱਭਰਦਾ ਹੈ।' ਜਾਇਲਸ ਟਿਲਟਸਨ ਮੁਤਾਬਕ ਇਸ ਦੀ ਸੁੰਦਰਤਾ ਨੂੰ ਮੁਮਤਾਜ਼ ਮਹਿਲ ਦੀ ਸੁੰਦਰਤਾ ਦੇ ਰੂਪਕ ਦੇ ਤੌਰ 'ਤੇ ਵੀ ਲਿਆ ਜਾਂਦਾ ਹੈ ਅਤੇ ਇਸ ਸਬੰਧ ਕਾਰਨ ਬਹੁਤ ਸਾਰੇ ਲੋਕ ਤਾਜ ਮਹਿਲ ਨੂੰ 'ਇਸਤਰੀ ਜਾਂ ਫੇਮਿਨਿਨ' ਕਹਿੰਦੇ ਹਨ। ਸ਼ਾਹਜਹਾਂ ਤਾਜ ਮਹਿਲ ਵਿੱਚ ਮਸਰੂਫ਼ ਸਨ ਕਿ ਸਾਲ 1658 ਵਿੱਚ ਉਨ੍ਹਾਂ ਦੇ ਬੇਟੇ ਔਰੰਗਜ਼ੇਬ ਨੇ ਆਪਣੇ ਤਿੰਨ ਭਰਾਵਾਂ ਨੂੰ ਮਾਰ ਕੇ, ਸਲਤਨਤ ਦਾ ਸ਼ਾਸਨ ਉਨ੍ਹਾਂ ਤੋਂ ਖੋਹ ਲਿਆ ਅਤੇ ਸਾਲ 1666 'ਚ ਉਨ੍ਹਾਂ ਦੀ ਮੌਤ ਤੱਕ ਆਗਰਾ ਦੇ ਕਿਲੇ ਵਿੱਚ ਕੈਦ ਰੱਖਿਆ।

ਸ਼ਾਹਜਹਾਂ ਨੇ ਆਪਣੀ ਜ਼ਿੰਦਗੀ ਦੇ ਆਖਰੀ ਦਿਨ ਕਿਸੇ ਨੂੰ ਮਿਲੇ ਬਿਨਾਂ ਮੁਸਮੱਨ ਬੁਰਜ ਨਾਲ ਤਾਜਮਹਿਲ ਨੂੰ ਦੇਖਦੇ ਹੋਏ ਲੰਘਾਇਆ। ਉਨ੍ਹਾਂ ਦੀ ਮੌਤ ਹੋਈ ਤਾਂ ਉਨ੍ਹਾਂ ਨੂੰ ਮੁਮਤਾਜ਼ ਮਹਿਲ ਦੇ ਕੋਲ ਦਫ਼ਨਾਇਆ ਗਿਆ। ਬ੍ਰਿਟਿਸ਼ ਲੇਖਕ ਰੋਡਯਾਰਡ ਕਿਪਲਿੰਗ ਨੇ ਤਾਜ ਮਹਿਲ ਦੀ ਆਪਣੀ ਪਹਿਲੀ ਯਾਤਰਾ ਦਾ ਤਜਰਬਾ ਇਸ ਤਰ੍ਹਾਂ ਦੱਸਿਆ ਹੈ - 'ਤਾਜ ਨੇ ਸੈਂਕੜੇ ਨਵੇਂ ਰੂਪ ਧਾਰੇ, ਹਰ ਇੱਕ ਰੂਪ ਵਿਵਰਣ ਤੋਂ ਪਰੇ। ਇਹ ਆਈਵਰੀ ਗੇਟ ਸੀ ਜਿਸ ਰਾਹੀਂ ਸਾਰੇ ਚੰਗੇ ਸੁਪਨੇ ਆਉਂਦੇ ਹਨ।' ਬੰਗਾਲ ਦੇ ਕਵੀ ਰਵੀਂਦਰ ਨਾਥ ਟੈਗੋਰ ਵੀ ਇਸੇ ਤਰ੍ਹਾਂ ਮੋਹਿਤ ਹੋਏ ਸਨ, 'ਸਿਰਫ਼ ਇਸ ਇੱਕ ਹੰਝੂ ਦੇ ਕਤਰੇ ਨੂੰ, ਇਸ ਤਾਜ ਮਹਿਲ ਨੂੰ, ਵਕਤ ਦੀ ਗੱਲ ਉੱਤੇ ਹਮੇਸ਼ਾ ਲਈ ਚਮਕਣ ਦਿਓ। ਇਹ ਸ਼ਾਹਜਹਾਂ ਦਾ ਆਪਣੀ ਮਹਿਬੂਬ ਮੁਮਤਾਜ਼ ਮਹਿਲੇ ਦੇ ਗ਼ਮ ਵਿੱਚ ਵਹਾਇਆ ਜਾਣ ਵਾਲਾ ਹੰਝੂ ਹੈ।'

# ਦੁਨੀਆਂ ਦੀ ਖ਼ੂਬਸੂਰਤ ਆਸਟ੍ਰੇਲੀਅਨ ਟਰੱਕ ਡਰਾਈਵਰ

ਸਾਉਥ ਆਸਟ੍ਰੇਲੀਆ ਦੇ ਐਡੀਲੇਡ ਦੀ ਰਹਿਣ ਵਾਲੀ ਬਲੇਜ਼ੀ ਵਿਲੀਅਮਸ ਨੂੰ ਦੁਨੀਆ ਦੀ ਸਭ ਤੋਂ ਸੁੰਦਰ ਟਰੱਕ ਡਰ-ਾਈਵਰ ਮੰਨਿਆ ਜਾਂਦਾ ਹੈ। 29 ਸਾਲਾਂ ਦੀ ਬਲੇਜ਼ੀ ਵਿਲੀਅਮਜ਼ ਜਿਸ ਕੋਲ ਟਰੱਕ ਡਰਾਈਵਿੰਗ ਦੇ ਖੇਤਰ ਵਿੱਚ ਲਗਭਗ 10 ਸਾਲਾਂ ਦਾ ਤਜ਼ਰਬਾ ਹੈ, ਨੇ ਸਾਲ 2020 ਵਿੱਚ ਸੋਸ਼ਲ ਮੀਡੀਆ 'ਤੇ ਇੱਕ ਓਨਲੀ ਫੈਨਜ਼ ਅਕਾਊਂਟ ਬਣਾਇਆ ਅਤੇ ਇਸ 'ਤੇ ਸਮੱਗਰੀ ਪ੍ਰਦਾਨ ਕਰਨੀ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਬਲੇਜ਼ੀ ਦੀ ਕਮਾਈ ਵਧਦੀ ਗਈ। ਇਸ ਤੋਂ ਉਹ ਇੱਕ ਸਾਲ ਵਿੱਚ ਲਗਭਗ 150,000 ਡਾਲਰ ਕਮਾ ਲੈਂਦੀ ਹੈ। ਬਲੇਜ਼ੀ ਵਿਲੀਅਮਜ਼ ਨੂੰ ਦੁਨੀਆਂ ਦੇ ਸਭ ਤੋਂ ਖ਼ੂਬਸੂਰਤ ਟਰੱਕ ਡਰਾਈਵਰਾਂ ਵਿੱਚੋਂ ਇੱਕ ਹੋਣ ਦਾ ਮਾਣ ਹਾਸਲ ਹੈ। ਐਡੀਲੇਡ ਦੀ ਰਹਿਣ ਵਾਲੀ ਬਲੇਜ਼ੀ ਵਿਲੀਅਮਜ਼ ਨੇ ਜਿਥੇ ਸੋਸ਼ਲ ਮੀਡੀਆ ਰਾਹੀਂ ਮੋਟੀ ਕਮਾਈ ਕਰਦੀ ਹੈ ਉਥੇ ਹੀ ਉਸਨੂੰ ਯੂਜ਼ਰਜ ਦੀਆਂ ਸ਼ਰਮਸਾਰ ਕਰਨ ਵਾਲੀਆਂ ਟਿੱਪਣੀਆਂ ਅਤੇ ਵਿਤਕਰੇ ਵਾਲੇ ਕੁਮੈਂਟਾਂ ਕਰਕੇ ਸੰਰਮਸ਼ਾਰ ਤੇ ਪ੍ਰੇਸ਼ਾਨ ਵੀ ਹੋਣਾ ਪੈਂਦਾ ਹੈ। ਹਰ ਸਾਲ ਟਰੱਕ ਚਲਾ ਕੇ ਮੋਟੀ ਕਮਾਈ ਕਰਨ ਵਾਲਾ ਬਲੇਜ਼ੀ ਕਹਿੰਦੀ ਹੈ ਕਿ, 'ਮੈਂ ਦਿਨ ਵਿਚ 10-13 ਘੰਟੇ ਟਰੱਕ ਚਲਾਉਂਦੀ ਹਾਂ ਪਰ ਜਦੋਂ ਮੇਰੀ ਲੱਤ ਟੁੱਟ ਗਈ ਤਾਂ ਮੈਨੂੰ 16 ਮਹੀਨੇ ਬੈੱਡ ਰੈਸਟ



ਲੈਣੀ ਪਈ ਸੀ। ਸੁਨਹਿਰੇ ਅਤੇ ਘੁੰਗਰਾਲੇ ਵਾਲ, ਨੀਲੀਆਂ ਅੱਖਾਂ ਅਤੇ ਸੁੰਦਰ ਦਿੱਖ ਵਾਲੀ ਬਲੇਜ਼ੀ ਵਿਲੀਅਮਜ਼ ਨੇ ਬਾਡੀ ਸ਼ੇਮਰਸ ਨੂੰ ਚੁਣੌਤੀ ਦਿੰਦੇ ਹੋਏ ਕਿਹਾ ਹੈ ਕਿ ਇਹ ਲੋਕ ਮੈਨੂੰ ਇੰਡਸਟਰੀ ਤੋਂ ਬਾਹਰ ਕਰਨਾ ਚਾਹੁੰਦੇ ਹਨ। ਉਹ ਮੇਰੇ ਨਾਲ ਈਰਖਾ ਕਰਦੇ ਹਨ ਕਿਉਂਕਿ ਮੈਂ ਇੱਕ ਸਾਲ ਵਿੱਚ 150,000 ਕਮਾਉਂਦੀ ਹਾਂ ਜਦੋਂ ਕਿ ਇਹ ਲੋਕ ਅਜਿਹਾ ਕਰਨ ਦੇ ਸਮਰੱਥ ਨਹੀਂ ਹਨ। ਬਲੇਜ਼ੀ ਵਿਲੀਅਮਜ਼ ਆਪਣੀ ਮਨਮੋਹਕ ਅੱਖਾਂ ਅਤੇ ਸੋਹਣੀ ਦਿੱਖ ਦੇ ਨਾਲ-ਨਾਲ ਵੱਡੇ ਟਰੱਕਵੀ ਚਲਾਉਂਦੀ ਹੈ। ਬਲੇਜ਼ੀ ਕਹਿੰਦੀ ਹੈ ਕਿ, ''ਓਨਲੀ ਫੈਨਜ਼ ਦੀ ਸ਼ੁਰੂਆਤ ਤੋਂ ਪਹਿਲਾਂ, ਮੈਂ ਸੋਚਦੀ ਸੀ ਕਿ ਮੇਰੇ ਕੋਲ ਬਹੁਤ ਵੱਡਾ ਪ੍ਰਸ਼ੰਸਕ ਅਧਾਰ ਹੈ, ਪਰ ਹੁਣ ਮੈਨੂੰ ਲੋਕਾਂ ਦੁਆਰਾ ਬਹੁਤ ਸਾਰੀਆਂ ਨਫ਼ਰਤ ਅਤੇ ਸਰੀਰ ਨੂੰ ਸ਼ਰਮਸਾਰ ਕਰਨ ਵਾਲੀਆਂ ਟਿੱਪਣੀਆਂ ਦਾ 'ਹਮਣਾ ਕਰਨਾ ਪੈ ਰਿਹਾ ਹੈ। ਲੋਕ ਮੈਨੂੰ ਵੇਸਵਾ ਸਮਝਣ ਲੱਗ ਪਏ ਹਨ ਜਦਕਿ ਮੈਂ ਉਹ ਸਭ ਕੁਝ ਕੀਤਾ ਜੋ ਫੋਟੋਆਂ ਅਤੇ ਵੀਡੀਓ ਵੇਚਣ ਲਈ ਲੋਕ ਚਾਹੁੰਦੇ ਸਨ। ਬਲੇਜ਼ੀ ਨੇ ਅੱਗੇ ਕਿਹਾ ਕਿ, “ਮੈਂ ਇੱਕ ਵਧੀਆ ਟਰੱਕਰ ਹਾਂ ਅਤੇ ਮੈਨੂੰ ਆਪਣੀ ਨੌਕਰੀ ਪਸੰਦ ਹੈ ਅਤੇ ਪਿਛਲੇ ਇੱਕ ਦਹਾਕੇ ਤੋਂ ਇਹ ਕਰ ਰਹੀ ਹਾਂ। ਪਰ ਇਸ ਇੰਡਸਟਰੀ 'ਚ ਕੁਝ ਲੋਕ ਅਜਿਹੇ ਵੀ ਹਨ ਜੋ ਨਹੀਂ ਚਾਹੁੰਦੇ ਕਿ ਮੈਂ ਅੱਗੇ ਵਧਾਂ।




# ਤੁਸੀਂ ਵੀ ਕਸਰਤ ਤੋਂ ਭੱਜਦੇ ਹੋ? ਤਾਂ ਇਹ 10 ਨੁਕਤੇ ਅਪਣਾਓ



ਅਸੀਂ ਸਾਰਿਆਂ ਨੇ ਸੁਣਿਆ ਹੈ ਕਿ ਦੌੜਨਾ ਇੱਕ ਨਸ਼ੇ ਵਾਂਗ ਹੈ, ਇਹ ਆਦੀ ਬਣਾ ਲੈਂਦਾ ਹੈ ਪਰ ਫਿਰ ਵੀ ਅਸੀਂ ਸਾਰੇ ਭੱਜਣ ਤੋਂ ਭੱਜਦੇ ਹਾਂ। ਕੁਝ ਤਾਂ ਕਹਿੰਦੇ ਹਨ ਕਿ ਉਨ੍ਹਾਂ ਨੂੰ ਭੱਜਣ ਤੋਂ ਨਫ਼ਰਤ ਹੈ, ਇਹ ਇੱਕ ਡਰਾਉਣੇ ਸੁਪਨੇ ਵਰਗਾ ਹੈ। ਆਖਰ ਜੋ ਚੀਜ਼ ਸਾਡੇ ਲਈ ਸਭ ਤੋਂ ਜ਼ਰੂਰੀ ਹੈ, ਅਸੀਂ ਉਸੇ ਨੂੰ ਨਫ਼ਰਤ ਕਿਉਂ ਕਰਦੇ ਹਾਂ? ਸਿੱਧਾ ਜਵਾਬ ਇਹ ਹੈ ਕਿ ਅਸੀਂ "ਕਸਰਤ ਕਰਨ" ਲਈ ਨਹੀਂ ਬਣੇ।

ਮਨੁੱਖੀ ਇਤਿਹਾਸ ਵਿੱਚ ਹਮੇਸ਼ਾ ਹੀ ਇੱਕ ਜਾਂ ਦੂਜੇ ਕਾਰਨ ਕਰਕੇ ਖਾਣੇ ਦੀ ਕਮੀ ਰਹੀ ਹੈ। ਕੋਈ ਸਵੈ-ਇੱਛਾ ਨਾਲ ਕਸਰਤ ਨਹੀਂ ਸੀ ਕਰਦਾ। ਲੋਕਾਂ ਨੂੰ ਖਾਣੇ ਲਈ ਮਿਹਨਤ ਕਰਨੀ ਪੈਂਦੀ ਸੀ ਅਤੇ ਇੱਕ ਵਾਰ ਢਿੱਡ ਭਰ ਕੇ ਖਾਣ ਤੋਂ ਬਾਅਦ ਉਹ ਊਰਜਾ ਬਚਾਉਣ ਲਈ ਅਰਾਮ ਕਰਦੇ ਸਨ। ਉਨ੍ਹਾਂ ਨੂੰ ਨਹੀਂ ਪਤਾ ਹੁੰਦਾ ਸੀ ਕਿ ਅਗਲਾ ਖਾਣਾ ਕਦੋਂ ਮਿਲੇਗਾ। ਇਸ ਲਈ ਜੇ ਤੁਸੀਂ ਜਿਮ ਜਾਣ ਦੀ ਥਾਂ ਨੈਟ-ਫਲਿਕਸ ਦੇਖਣ ਲਈ ਸੋਫ਼ੇ 'ਤੇ ਫੈਲ ਜਾਂਦੇ ਹੋ ਤਾਂ ਤੁਸੀਂ ਕਸੂਰਵਾਰ ਨਹੀਂ ਹੋ। 21ਵੀਂ ਸਦੀ ਵਿੱਚ ਤਕੀਨੀਕੀ ਵਿਕਾਸ ਨੇ ਸਾਡੀ ਜ਼ਿੰਦਗੀ ਨੂੰ ਸੁਖਾਲਾ ਬਣਾ ਦਿੱਤਾ ਹੈ। ਭੱਜ-ਦੌੜ ਹੁਣ ਜ਼ਿੰਦਾ ਰਹਿਣ ਲਈ ਜ਼ਰੂਰੀ ਨਹੀਂ ਹੈ। ਜਿੰਨਾ ਨੁਕਸਾਨ ਆਪਣੀ ਸਿਹਤ ਦਾ ਅਸੀਂ ਵਹਿਲੇ ਪਏ ਰਹਿ ਕੇ ਕਰਦੇ ਹਾਂ ਓਨਾ ਨੁਕਸਾਨ ਸ਼ਾਇਦ ਹੀ ਕਿਸੇ ਹੋਰ ਤਰੀਕੇ ਨਾਲ ਹੁੰਦਾ ਹੋਵੇ। ਮੰਨੇ-ਪ੍ਰਮੰਨੇ ਮੈਡੀਕਲ ਜਨਰਲ ਦਿ ਲੈਨਸਿਟ ਵਿੱਚ ਛਪੇ ਇੱਕ ਅਧਿਐਨ ਵਿੱਚ ਵਹਿਲੇ ਪਏ ਰਹਿਣ ਨੂੰ ਕੈਂਸਰ ਸਮੇਤ ਹੋਰ ਕਈ ਬੀਮਾਰੀਆਂ ਨਾਲ ਜੋੜਿਆ ਗਿਆ ਹੈ।

### ਕਿੰਨੀ ਕਸਰਤ ਕਰਨੀ ਚਾਹੀਦੀ ਹੈ?

ਆਸਟਰੇਲੀਆ ਵਿੱਚ ਬਾਲਗਾਂ ਨੂੰ ਹਰ ਹਫ਼ਤੇ ਘੱਟੋ-ਘੱਟ 150 ਮਿੰਟ ਦਰਮਿਆਨੀ ਕਸਰਤ ਕਰਨ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ। ਇਸ ਵਿੱਚ ਤੇਜ਼ ਤੁਰਨ ਤੋਂ ਲੈ ਕੇ ਹਲਕਾ ਸਾਈਕਲ ਚਲਾਉਣਾ ਅਤੇ ਘਾਹ ਕੱਟਣ ਵਰਗੇ ਕੰਮ ਸ਼ਾਮਲ ਹਨ। ਇਸ ਦੇ ਮੁਕਬਾਲੇ ਜੇ ਤੁਸੀਂ ਫਰਾਟਾ ਕਸਰਤ ਕਰਦੇ ਹੋ ਤਾਂ ਤੁਸੀਂ ਸਿਰਫ਼ ਅੱਧੇ ਸਮੇਂ ਯਾਨਿ ਕਿ 75 ਮਿੰਟ ਨਾਲ ਵੀ ਸਾਰ ਸਕਦੇ ਹੋ।

ਇਸ ਵਿੱਚ ਉਹ ਕਸਰਤਾਂ ਸ਼ਾਮਲ ਹਨ ਜਿਨ੍ਹਾਂ ਨੂੰ ਕਰਦੇ ਸਮੇਂ ਤੁਸੀਂ ਗੱਲਬਾਤ ਨਾ ਕਰ ਸਕੋ। ਮਿਸਾਲ ਲਈ ਜੌਗਿੰਗ, ਦੌੜਨਾ, ਫੁੱਟਬਾਲ ਅਤੇ ਟੈਨਿਸ ਵਰਗੀਆਂ ਖੇਡਾਂ। ਕਈ ਤਰ੍ਹਾਂ ਦੀਆਂ ਗਤੀਵਿਧੀਆਂ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ। ਹਰ ਗਤੀਵਿਧੀ ਦੇ ਆਪਣੇ ਨਫ਼ੇ-ਨੁਕਸਾਨ ਹਨ। ਮਾਸਪੇਸ਼ੀਆਂ ਨੂੰ ਤਾਕਤ ਦੇਣ ਵਾਲੀਆਂ ਕਸਰਤਾਂ ਜਿਵੇਂ ਵਜ਼ਨ ਚੁੱਕਣਾ, ਡੰਡੇ ਮਾਰਨੇ, ਇਹ ਹਫ਼ਤੇ ਵਿੱਚ ਦੋ ਕੁ ਵਾਰ ਕਰ ਲਏ ਜਾਣ ਤਾਂ ਬਹੁਤ ਹੈ। ਜੇ ਇਹ ਤੁਹਾਨੂੰ ਬਹੁਤ ਜ਼ਿਆਦਾ ਲੱਗ ਰਿਹਾ ਹੈ ਤਾਂ ਘਬਰਾਓ ਨਾ। ਕਸਰਤ ਤੋਂ ਲਾਭ ਲੈਣ ਲਈ ਕਿਸੇ ਗਿਣਤੀ ਮਿਣਤੀ ਵਿੱਚ ਪੈਣ ਦੀ ਲੋੜ ਨਹੀਂ।

### ਕਸਰਤ ਲਈ 10 ਨੁਕਤੇ

ਸਰੀਰ ਵਿਗਿਆਨੀਆਂ ਮੁਤਾਬਕ ਪ੍ਰੇਰਨਾ ਦੋ ਤਰ੍ਹਾਂ ਦੀ ਹੁੰਦੀ ਹੈ- ਅੰਦਰੂਨੀ ਅਤੇ ਬਾਹਰੀ। ਅੰਦਰੂਨੀ ਹੁੰਦੀ ਹੈ ਜਦੋਂ ਤੁਸੀਂ ਕੁਝ ਆਪਣੇ-ਆਪ, ਆਪਣੀ ਖੁਸ਼ੀ ਲਈ ਕਰਦੇ ਹੋ। ਬਾਹਰੀ ਹੁੰਦੀ ਹੈ ਜਦੋਂ ਤੁਹਾਨੂੰ ਕੁਝ ਕਿਹਾ ਜਾਂਦਾ ਹੈ ਅਤੇ ਤੁਸੀਂ ਉਹ ਕਰਦੇ ਹੋ। ਕਸਰਤ ਕਰਨ ਅਤੇ ਤੰਦਰੁਸਤੀ ਲਈ ਅੰਦਰੋਂ ਪ੍ਰੇਰਿਤ ਹੋਣਾ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੈ।

### ਤੁਸੀਂ ਕਸਰਤ ਕਿਉਂ ਕਰਨਾ ਚਾਹੁੰਦੇ ਹੋ?

ਆਪਣੀ ਵਜ੍ਹਾ ਦੀ ਪਛਾਣ ਕਰੋ। ਆਪਣੇ-ਆਪ ਲਈ? ਆਪਣੇ ਬੱਚਿਆ ਲਈ? ਕਸਰਤ ਕਰਕੇ ਤੁਹਾਨੂੰ ਕਿਵੇਂ ਲਗਦਾ ਹੈ? ਕਰਸਤ ਸਿੱਧੇ ਤੌਰ 'ਤੇ ਤੁਹਾਨੂੰ ਫ਼ਾਇਦਾ ਪਹੁੰਚਾਉਂਦੀ ਹੈ। ਅਸਿੱਧੇ ਤੌਰ ਤੇ ਤੁਹਾਡੇ ਬੱਚੇ ਅਤੇ ਹੋਰ ਲੋਕ ਇਸ ਤੋਂ ਲਾਭ ਹਾਸਲ ਕਰਦੇ ਹਨ। ਤੁਸੀਂ ਕਸਰਤ ਕਿਉਂ ਕਰਨੀ ਚਾਹੁੰਦੇ ਹੋ? ਇਸ ਸਵਾਲ ਦੇ ਜਵਾਬ ਨਾਲ ਤੁਹਾਨੂੰ ਅੰਦਰੋਂ ਪ੍ਰੇਰਨਾ ਮਿਲੇਗੀ। ਬਾਹਰੀ ਪ੍ਰੇਰਨਾ ਤੁਹਾਨੂੰ ਕਸਰਤ ਸ਼ੁਰੂ ਕਰਨ ਵਿੱਚ ਸਹਾਈ ਹੋ ਸਕਦੀ ਹੈ।

### ਕਿਸੇ ਨਾਲ ਮਿਲ ਕੇ ਕਸਰਤ ਕਰੋ

ਦੇਖਿਆ ਗਿਆ ਹੈ ਕਿ ਜਦੋਂ ਲੋਕ ਪਰਿਵਾਰਕ ਜੀਆਂ ਜਾਂ ਦੋਸਤਾਂ-ਮਿੱਤਰਾਂ ਨਾਲ ਮਿਲ ਕੇ ਕਸਰਤ ਕਰਦੇ ਹਨ ਤਾਂ ਉਹ ਜ਼ਿਆਦਾ ਕਸਰਤ ਕਰਦੇ ਹਨ। ਜਦੋਂ ਤੁਸੀਂ ਕਿਸੇ ਨਾਲ ਮਿਲਕੇ ਕਸਰਤ ਕਰਨ ਦਾ ਵਾਅਦਾ ਕਰਦੇ ਹੋ ਤਾਂ ਤੁਸੀਂ ਆਪਣਾ ਵਚਨ ਪੁਗਾਉਣ ਲਈ ਪੂਰੀ ਕੋਸ਼ਿਸ਼ ਕਰਦੇ ਹੋ।

### ਖੁਦ ਨੂੰ ਇਨਾਮ ਦਿ

ਨਵਾਂ ਕੱਪੜਾ ਜਾਂ ਕੁਝ ਹੋਰ। ਧਿਆਨ ਦਿਓ ਕਿ ਇਸ ਦਾ ਸਬੰਧ ਕਸਰਤ ਦੇ ਕਿਸੇ ਟੀਚੇ ਨਾਲ ਜੁੜਿਆ ਹੋਵੇ।

### ਐਕਟੀਵਿਟੀ ਟਰੈਕਰ ਰੱਖੋ

ਅਜਿਹੇ ਕਈ ਉਪਕਰਨ ਹਨ ਜੋ ਤੁਹਾਨੂੰ ਹਿੱਲਣ ਲਈ ਉਕਸਾਉਂਦੇ ਹਨ। ਤੁਹਾਡੇ ਕੰਮ ਦਾ ਰਿਕਾਰਡ ਰੱਖਦੇ ਹਨ, ਟੀਚੇ ਮਿੱਥਣ ਅਤੇ ਉਨ੍ਹਾਂ ਨੂੰ ਹਾਸਲ ਕਰਨ ਵਿੱਚ ਸਹਾਈ ਹੁੰਦੇ ਹਨ। ਇਹ ਉਪਕਰਣ ਤੁਹਾਨੂੰ ਕਈ ਸੁਝਾਅ ਦਿੰਦੇ ਹਨ ਜੋ ਤੁਹਾਨੂੰ ਸਰੀਰਕ ਤੌਰ 'ਤੇ ਸਰਗਰਮ ਰਹਿਣ ਵਿੱਚ ਮਦਦਗਾਰ ਹੋਣ।

### ਦਿਨ ਵਿੱਚ ਤੈਅ ਸਮੇਂ 'ਤੇ ਕਸਰਤ ਕਰੋ

ਇਸ ਤਰ੍ਹਾਂ ਇਹ ਇੱਕ ਆਦਤ ਬਣ ਜਾਵੇਗੀ। ਇਸ ਬਾਰੇ ਹੋਈ ਖੋਜ ਮੁਤਾਬਕ ਸਵੇਰੇ ਆਦਤ ਕਰਨ ਦੀ ਆਦਤ ਸ਼ਾਮ ਨਾਲੋਂ ਜਲਦੀ ਪੈਂਦੀ ਹੈ।

### ਉਹ ਕਰੋ ਜੋ ਤੁਹਾਨੂੰ ਪਸੰਦ ਹੈ

ਕਸਰਤ ਦੀ ਆਦਤ ਪਾਉਣਾ ਮੁਸ਼ਕਲ ਹੈ। ਉਹ ਕਰਨ ਦੀ ਆਦਤ ਪਾਓ ਜੋ ਤੁਹਾਨੂੰ ਪਸੰਦ ਹੋਣ। ਇਹ ਵੀ ਹੋ ਸਕਦਾ ਹੈ ਕਿ ਤੁਹਾਨੂੰ ਪਤਾ ਹੀ ਨਾ ਹੋਵੇ ਕਿ ਜੋ ਤੁਸੀਂ ਕਰ ਰਹੇ ਹੋ ਉਹ ਤੁਹਾਨੂੰ ਪਸੰਦ ਵੀ ਹੈ ਜਾਂ ਨਹੀਂ। ਜੇ ਤੁਹਾਨੂੰ ਦੌੜਨਾ ਪਸੰਦ ਨਹੀਂ ਤਾਂ, ਨਾ ਦੌੜੋ। ਪਾਰਕ ਵਿੱਚ ਜਾਓ ਤੇ ਸੈਰ ਕਰੋ।

### ਸ਼ੁਰੂਆਤ ਹੌਲੀ ਕਰੋ

ਸ਼ੁਰੂ ਵਿੱਚ ਹੀ ਅਤੀ ਨਾ ਕਰੋ। ਇਸ ਨਾਲ ਤੁਸੀਂ ਨਸਾਂ ਚੜ੍ਹਨ ਅਤੇ ਫਾਲਤੂ ਦੀ ਸੱਟ ਤੋਂ ਵੀ ਬਚੋਗੇ।

### ਸੰਗੀਤ ਸੁਣੋ, ਮੂਡ ਸੁਧਾਰੋ

ਜਦੋਂ ਕਸਰਤ ਕਰਦੇ ਸਮੇਂ ਤੁਹਾਨੂੰ ਮਹਿਸੂਸ ਨਾ ਹੋਵੇ ਕਿ ਤੁਸੀਂ ਕੋਈ ਉਚੇਚਾ ਜਾਂ ਖਾਸ ਕਰ ਰਹੇ ਹੋ। ਇਸ ਨਾਲ ਨਤੀਜੇ ਬਿਹਤਰ ਆਉਣਗੇ। ਖਾਸ ਕਰਕੇ ਜੇ ਸੰਗੀਤ ਸੁਣਦੇ ਹੋਏ ਕਸਰਤ ਕਰੋਂ ਤਾਂ ਕਸਰਤ ਹੋਰ ਕਾਰਗਰ ਹੋ ਜਾਂਦੀ ਹੈ।

### ਆਪਣੇ ਕੁੱਤੇ ਨੂੰ ਸੈਰ ਤੇ ਲਿਜਾਓ

ਜੋ ਲੋਕ ਸੈਰ 'ਤੇ ਆਪਣਾ ਕੁੱਤਾ ਨਾਲ ਲੈ ਕੇ ਜਾਂਦੇ ਹਨ ਉਹ ਦੂਜਿਆਂ ਨਾਲੋਂ ਜ਼ਿਆਦਾ ਲੰਬੀ ਸੈਰ ਕਰਦੇ ਹਨ। ਅਣਜਾਣ ਰਾਹਾਂ 'ਤੇ ਜਾਣ ਸਮੇਂ ਵੀ ਉਹ ਮਹਿਫੂਜ਼ ਵੀ ਮਹਿਸੂਸ ਕਰਦੇ ਹਨ।

### ਪੈਸੇ ਨਾਲ ਜੁੜਿਆ ਵਾਅਦਾ ਕਰੋ

ਵਿਹਾਰਕ ਅਰਥਸ਼ਾਸਤਰ ਦੱਸਦਾ ਹੈ ਕਿ ਲੋਕ ਨੁਕਸਾਨ ਬਚਾਉਣ ਤੋਂ ਬਹੁਤ ਪ੍ਰੇਰਿਤ ਹੁੰਦੇ ਹਨ। ਟੈਕਸ ਇਸੇ ਲਈ ਲਗਾਏ ਜਾਂਦੇ ਹਨ ਤਾਂ ਜੋ ਲੋਕ ਬਚਤ ਕਰਨ ਲਈ ਪ੍ਰੇਰਿਤ ਹੋਣ। ਕੁਝ ਵੈਬਸਾਈਟਾਂ ਉੱਪਰ ਤੁਹਾਨੂੰ ਅਹਿਦ ਵਜੋਂ ਕੁਝ ਰਕਮ ਭਰਨੀ ਪੈਂਦੀ ਹੈ। ਜੇ ਤੁਸੀਂ ਆਪਣਾ ਵਾਅਦਾ ਪੂਰਾ ਨਾ ਕਰੋਂ ਤਾਂ ਤੁਹਾਡਾ ਪੈਸਾ ਵਾਪਸ ਨਹੀਂ ਆਵੇਗਾ। ਦੇਖਿਆ ਗਿਆ ਹੈ ਕਿ ਇਸ ਨਾਲ ਲੋਕਾਂ ਦੇ ਕਸਰਤ ਕਰਨ, ਸਮੇਂ ਸਿਰ ਦਵਾਈ ਲੈਣ ਅਤੇ ਭਾਰ ਘਟਾਉਣ ਸਬੰਧੀ ਟੀਚਿਆਂ ਦੀ ਪ੍ਰਾਪਤੀ ਵਿੱਚ ਸੁਧਾਰ ਹੋਇਆ। ਅਖੀਰ ਵਿੱਚ ਤੁਹਾਨੂੰ ਧੀਰਜ ਰੱਖਣਾ ਚਾਹੀਦਾ ਹੈ ਕਿ ਇਹ ਲੰਬੇ ਸਮੇਂ ਦੇ ਟੀਚੇ ਹਨ।

ਕਸਰਤ ਨੂੰ ਆਦਤ ਬਣਦਿਆਂ ਦੋ ਤੋਂ ਤਿੰਨ ਮਹੀਨੇ ਲੱਗ ਜਾਂਦੇ ਹਨ। ਉਸ ਤੋਂ ਬਾਅਦ ਤੁਹਾਡੀ ਅੰਦਰੂਨੀ ਪ੍ਰੇਰਨਾ ਇਸ ਆਦਤ ਨੂੰ ਨਿਭਾਉਣ ਵਿੱਚ ਤੁਹਾਡੀ ਮਦਦ ਕਰੇਗੀ। ਫਿਰ ਕੌਣ ਜਾਣੇ ਕਿ ਸਮੇਂ ਨਾਲ ਤੁਸੀਂ ਕਸਰਤ ਦੇ ਨਸ਼ੇੜੀ ਬਣ ਜਾਓ, ਜਿਨ੍ਹਾਂ ਤੋਂ ਤੁਹਾਡੇ ਦੋਸਤ ਅਤੇ ਪਰਿਵਾਰ ਵਾਲੇ ਵੀ ਪ੍ਰੇਰਨਾ ਲੈਣ।

ਕੈਰੋਲ ਮੇਹਰ ਯੂਨੀਵਰਿਸਟੀ ਆਫ਼ ਸਾਊਥ ਆਸਟਰੇਲੀਆ ਦੇ ਇਮਰਜਿੰਗ ਲੀਡਰ ਪ੍ਰੋਗਰਾਮ ਵਿੱਚ ਮੈਡੀਕਲ ਰਿਸਰਚਰ ਹਨ। ਬੇਨ ਸਿੰਘ ਯੂਨੀਵਰਸਿਟੀ ਆਫ਼ ਆਸਟਰੇਲੀਆ ਵਿੱਚ ਐਸੋਸੀਏਟ ਰਿਸਰਚਰ ਹਨ। ਉਨ੍ਹਾਂ ਦਾ ਇਹ ਲੇਖ ਮੂਲ ਰੂਪ ਵਿੱਚ ਅੰਗਰੇਜ਼ੀ ਵਿੱਚ ਕਨਵਰਸੇਸ਼ਨ ਮੈਗਜ਼ੀਨ ਵਿੱਚ ਪ੍ਰਕਾਸ਼ਿਤ ਹੋਇਆ ਸੀ।

# ਗਰਮੀਆਂ 'ਚ ਅੱਖਾਂ ਦਾ ਰੱਖੋ ਵਿਸ਼ੇਸ ਧਿਆਨ



ਗਰਮੀਆਂ ਦਾ ਜ਼ਿਆਦਾ ਤਾਪਮਾਨ ਤੇ ਪਾਣੀ ਦੀ ਕਮੀ ਕਾਰਨ ਹੋਣ ਵਾਲੀ ਡੀਹਾਈਡ੍ਰੇਸ਼ਨ ਨਾ ਸਿਰਫ਼ ਸਾਡੀ ਸਿਹਤ 'ਤੇ ਮਾੜਾ ਅਸਰ ਪਾਉਂਦੀ ਹੈ, ਸਗੋਂ ਇਹ ਅੱਖਾਂ 'ਤੇ ਵੀ ਅਸਰ ਪਾਉਂਦੀ ਹੈ। ਇਸ ਲਈ ਅੱਖਾਂ ਦਾ ਵੀ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਇਸ ਮੌਸਮ 'ਚ ਕਿਹੜੀਆਂ-ਕਿਹੜੀਆਂ ਸਮੱਸਿਆਵਾਂ ਪਰੇਸ਼ਾਨ ਕਰ ਸਕਦੀਆਂ ਹਨ ਅਤੇ ਕਿੰਨੀਆਂ ਖਤਰਨਾਕ ਹੋ ਸਕਦੀਆਂ ਹਨ, ਜਾਣੋ ਉਨ੍ਹਾਂ ਦੇ ਬਾਰੇ 'ਚ।

1. ਅੱਖਾਂ ਦੀ ਜਲਣ- ਗਰਮੀਆਂ 'ਚ ਅੱਖਾਂ ਦੇ ਜਲਣ ਦਾ ਇਕ ਕਾਰਨ ਬੀਜ ਜਾਂ ਰੋਗਾਣੂ ਹੋ ਸਕਦੇ ਹਨ ਜੋ ਹਵਾ 'ਚ ਮੌਜੂਦ ਹੁੰਦੇ ਹਨ ਤੇ ਅੱਖਾਂ ਨੂੰ ਪ੍ਰਭਾਵਿਤ ਕਰਦੇ ਹਨ।

2. ਕੰਨਜਕਟਿਵਾਇਟਿਸ- ਕੰਨਜਕਟਿਵਾਇਟਿਸ ਦਾ ਕਾਰਨ ਬੈਕਟੀਰੀਆ, ਫੰਗਲ ਜਾਂ ਵਾਇਰਲ ਇਨਫੈਕਸ਼ਨ ਹੋ ਸਕਦਾ ਹੈ, ਜੋ ਕਿ ਇਸ ਮੌਸਮ 'ਚ ਇਕ ਆਮ ਸਮੱਸਿਆ ਹੈ। ਸਭ ਤੋਂ ਮਾੜੀ ਗੱਲ ਇਹ ਹੈ ਕਿ ਇਹ ਵਿਅਕਤੀ ਤੋਂ ਦੂਜੇ ਵਿਅਕਤੀ ਤਕ ਫੈਲਦਾ ਹੈ। ਇਸ ਸਮੱਸਿਆ 'ਚ ਖਾਰਸ਼ ਦੇ ਨਾਲ-ਨਾਲ ਅੱਖਾਂ ਲਾਲ ਹੋ ਜਾਂਦੀਆਂ ਹਨ ਅਤੇ ਲਗਾਤਾਰ ਪਾਣੀ ਆਉਂਦਾ ਰਹਿੰਦਾ ਹੈ।

3. ਅੱਖਾਂ ਦੀ ਐਲਰਜੀ- ਇਸ ਮੌਸਮ 'ਚ ਐਲਰਜੀ ਇਕ ਬਹੁਤ ਹੀ ਆਮ ਸਮੱਸਿਆ ਹੈ ਜਿਸ ਨਾਲ ਖੁਜਲੀ, ਜਲਨ ਤੇ ਲਾਲੀ ਹੋ ਜਾਂਦੀ ਹੈ। ਇਨ੍ਹਾਂ ਦਾ ਕਾਰਨ ਪ੍ਰਦੂਸ਼ਣ ਤੇ ਬਹੁਤ ਜ਼ਿਆਦਾ ਤਾਪਮਾਨ ਹੈ। ਇਸ ਲਈ ਬਾਹਰ ਜਾਣ ਤੋਂ ਪਹਿਲਾਂ ਅੱਖਾਂ ਨੂੰ ਢੱਕ ਕੇ ਰੱਖੋ।

4. ਕੋਰਨੀਅਲ ਬਰਨ- ਲੰਬੇ ਸਮੇਂ ਤਕ ਧੁੱਪ 'ਚ ਰਹਿਣ ਨਾਲ ਕੋਰਨੀਅਲ ਬਰਨ ਹੋ ਸਕਦਾ ਹੈ। ਅੱਖਾਂ ਨਾਲ ਜੁੜੀ ਇਸ ਸਮੱਸਿਆ 'ਚ ਚੀਜ਼ਾਂ ਧੁੰਦਲੀਆਂ ਦਿਖਾਈ ਦਿੰਦੀਆਂ ਹਨ ਤੇ ਬਹੁਤ ਖੁਸ਼ਕ ਹੋ ਜਾਂਦੀਆਂ ਹਨ ਤੇ ਅੱਖਾਂ 'ਚ ਖੁਸ਼ਕੀ ਮਹਿਸੂਸ ਹੁੰਦੀ ਹੈ।

5. ਸੁੱਕੀਆਂ ਅੱਖਾਂ- ਇਸ ਮੌਸਮ 'ਚ ਜ਼ਿਆਦਾ ਪਾਣੀ ਨਾ ਪੀਣ ਨਾਲ ਡੀਹਾਈਡ੍ਰੇਸ਼ਨ ਦੀ ਸਮੱਸਿਆ ਬਹੁਤ ਜਲਦੀ ਹੋ ਜਾਂਦੀ ਹੈ। ਸਰੀਰ ਦੇ ਨਾਲ-ਨਾਲ ਇਸ ਦਾ ਅਸਰ ਅੱਖਾਂ 'ਤੇ ਵੀ ਦੇਖਣ ਨੂੰ ਮਿਲਦਾ ਹੈ। ਜਲਣ ਨਾਲ ਅੱਖਾਂ ਖੁਸ਼ਕ ਅਤੇ ਸੁੱਕੀਆਂ ਮਹਿਸੂਸ ਹੁੰਦੀਆਂ ਹਨ। ਜੋ ਬਹੁਤ ਪਰੇਸ਼ਾਨ ਕਰਦਾ ਹੈ।

6. ਸਟਾਈ- ਸਟਾਈ ਇੱਕ ਬੈਕਟੀਰੀਆ ਦੀ ਲਾਗ ਹੁੰਦੀ ਹੈ ਜਿਸ ਵਿੱਚ ਅੱਖਾਂ ਦੀਆਂ ਪਲਕਾਂ ਸੁੱਜ ਜਾਂਦੀਆਂ ਹਨ ਅਤੇ ਲਾਲ ਹੋ ਜਾਂਦੀਆਂ ਹਨ। ਇਸ ਲਈ ਅੱਖਾਂ 'ਤੇ ਜ਼ਿਆਦਾ ਬੋਝ ਨਾ ਪਾਓ, ਅੱਖਾਂ ਨੂੰ ਬਾਹਰੀ ਕਾਰਨਾਂ ਤੋਂ ਬਚਾਉਣ ਲਈ ਸਨਗਲਾਸ ਦੀ ਵਰਤੋਂ ਕਰੋ। ਇਹ ਸਾਰੇ ਉਪਾਅ ਹੀ ਤੁਹਾਨੂੰ ਇਨ੍ਹਾਂ ਸਮੱਸਿਆਵਾਂ ਤੋਂ ਦੂਰ ਰੱਖਣਗੇ।




ਕੋਰੋਨਾ ਵਾਇਰਸ ਮਹਾਮਾਰੀ ਨੇ ਸਾਨੂੰ ਸਾਰਿਆਂ ਨੂੰ ਸਿਹਤ ਦੀ ਮਹੱਤਤਾ ਬਾਰੇ ਚੰਗੀ ਤਰ੍ਹਾਂ ਸਿਖਾਇਆ ਹੈ। ਹੁਣ ਜ਼ਿਆਦਾਤਰ ਲੋਕ ਆਪਣੀ ਸਿਹਤ ਤੇ ਫਿਟਨੈੱਸ ਨੂੰ ਲੈ ਕੇ ਸੁਚੇਤ ਹੋ ਗਏ ਹਨ। ਖਾਣ-ਪੀਣ ਦੀਆਂ ਵਸਤੂਆਂ ਜੋ ਕਦੇ ਆਯੁਰਵੇਦ ਦੇ ਬਹੁਤ ਸਾਰੇ ਉਪਚਾਰਾਂ 'ਚ ਹੀ ਦਿਖਾਈ ਦਿੰਦੀਆਂ ਸਨ, ਉਹ ਅੱਜ ਪ੍ਰਸਿੱਧ ਹੋ ਗਈਆਂ ਹਨ। ਇਨ੍ਹਾਂ 'ਚੋਂ ਇੱਕ ਹੈ ਆਂਵਲਾ। ਚਾਹੇ ਆਂਵਲਾ, ਅਚਾਰ ਜਾਂ ਜੂਸ ਦਾ ਕਾੜ੍ਹਾ ਹੋਵੇ, ਇਹ ਫਲ ਬਹੁਤ ਸਾਰੇ ਔਸ਼ਧੀ ਗੁਣਾਂ ਨਾਲ ਭਰਪੂਰ ਹੁੰਦਾ ਹੈ, ਜੋ ਕਿ ਵਾਤ, ਪਿਟਾ, ਕਫ਼ ਆਦਿ ਤਿੰਨੋਂ ਸਰੀਰਕ ਨੁਕਸ ਦੂਰ ਕਰਨ ਦੀ ਸਮਰੱਥਾ ਰੱਖਦਾ ਹੈ। ਤਾਂ ਆਓ ਜਾਣਦੇ ਹਾਂ ਰੋਜ਼ਾਨਾ ਆਂਵਲਾ ਖਾਣਾ ਕਿਉਂ ਜ਼ਰੂਰੀ ਹੈ?

### ਰੋਜ਼ਾਨਾ ਆਂਵਲਾ ਕਿਉਂ ਖਾਣਾ ਚਾਹੀਦਾ ਹੈ?

ਆਂਵਲੇ ਨੂੰ ਸੰਸਕ੍ਰਿਤ 'ਚ ਅਮਲਕੀ ਕਿਹਾ ਜਾਂਦਾ ਹੈ, ਜਿਸਦਾ ਅਰਥ ਹੈ ਜੀਵਨ ਦਾ ਅੰਮ੍ਰਿਤ। ਆਂਵਲੇ 'ਚ ਮੌਜੂਦ ਤੱਤ ਰੋਗ ਪ੍ਰਤੀਰੋਧਕ ਸ਼ਕਤੀ ਵਧਾਉਣ, ਪਾਚਨ ਕਿਰਿਆ 'ਚ ਸੁਧਾਰ, ਮੇਟਾਬੋਲਿਜ਼ਮ ਤੇ ਅੰਤੜੀਆਂ ਦੀ ਸਿਹਤ 'ਚ ਸੁਧਾਰ ਕਰਨ ਦਾ ਕੰਮ ਕਰਦੇ ਹਨ। ਆਂਵਲਾ ਵਿਟਾਮਿਨ-ਸੀ, ਫਾਈਬਰ ਤੇ ਮਿਨਰਲਸ ਵਰਗੇ ਐਂਟੀ-ਆਕਸੀਡੈਂਟਸ ਨਾਲ ਭਰਪੂਰ ਹੁੰਦਾ ਹੈ। ਆਂਵਲੇ 'ਚ ਸੰਤਰੇ ਤੇ ਹੋਰ ਖੱਟੇ ਫਲਾਂ ਨਾਲੋਂ 10 ਗੁਣਾ ਜ਼ਿਆਦਾ ਵਿਟਾਮਿਨ ਸੀ ਹੁੰਦਾ ਹੈ, ਜੋ ਫ੍ਰੀ ਰੈਡੀਕਲਸ ਦੇ ਕਾਰਨ ਹੋਣ ਵਾਲੇ ਨੁਕਸਾਨ ਨੂੰ ਘਟਾਉਂਦਾ ਹੈ ਤੇ ਸੈੱਲਾਂ ਦੇ ਪੁਨਰਜਨਮ 'ਚ ਮਦਦ ਕਰਦਾ ਹੈ।

ਰੋਜ਼ਾਨਾ ਆਂਵਲਾ ਖਾਣ ਨਾਲ ਬਾਂਝਪਨ, ਪਾਚਨ ਸੰਬੰਧੀ ਸਮੱਸਿਆਵਾਂ, ਜ਼ੁਕਾਮ, ਖਾਂਸੀ ਤੇ ਐਲਰਜੀ ਵਰਗੀਆਂ ਕਈ ਬੀਮਾਰੀਆਂ ਨੂੰ ਠੀਕ ਕਰਨ 'ਚ ਮਦਦ ਮਿਲਦੀ ਹੈ। ਆਂਵਲੇ 'ਚ ਸ਼ਾਨਦਾਰ ਐਂਟੀ-ਇੰਫਲੇਮੇਟਰੀ, ਐਂਟੀ-ਕੈਂਸਰ ਗੁਣ ਹੁੰਦੇ ਹਨ, ਇਸ ਤਰ੍ਹਾਂ ਆਂਵਲੇ ਦੇ ਕੱਚੇ ਜਾਂ ਇਸ ਦੇ ਰਸ ਦਾ ਸੇਵਨ ਕਰਨ ਨਾਲ ਕਈ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਨੂੰ ਦੂਰ ਕੀਤਾ ਜਾ ਸਕਦਾ ਹੈ।

### ਰੋਜ਼ਾਨਾ ਕਿੰਨਾ ਆਂਵਲਾ ਖਾਣਾ ਚਾਹੀਦਾ ਹੈ ਤੇ ਕਿਉਂ?

ਮਾਹਿਰਾਂ ਦੇ ਅਨੁਸਾਰ, ਇੱਕ ਬਾਲਗ ਨੂੰ 75-90 ਮਿਲੀਗ੍ਰਾਮ ਆਂਵਲੇ ਦਾ ਸੇਵਨ ਕਰਨਾ ਚਾਹੀਦਾ ਹੈ। 100 ਗ੍ਰਾਮ ਆਂਵਲੇ 'ਚ 300 ਮਿਲੀਗ੍ਰਾਮ ਵਿਟਾਮਿਨ-ਸੀ, ਡਾਇਟਰੀ ਫਾਈਬਰ, ਕੈਲਸ਼ੀਅਮ, ਆਇਰਨ ਤੇ ਐਂਟੀ-ਆਕਸੀਡੈਂਟ ਮੌਜੂਦ ਹੁੰਦੇ ਹਨ। ਰੋਜ਼ਾਨਾ ਆਂਵਲੇ ਦਾ ਸੇਵਨ ਕਰਨ ਨਾਲ ਇਮਿਊਨਿਟੀ ਵਧਦੀ ਹੈ, ਬੁਢਾਪੇ ਨਾਲ ਜੁੜੇ ਖ਼ਤਰੇ ਘੱਟ ਹੁੰਦੇ ਹਨ ਤੇ ਇਸ 'ਚ ਮੌਜੂਦ ਵਿਟਾਮਿਨ-ਏ ਅੱਖਾਂ ਦੀ ਸਿਹਤ ਨੂੰ ਵੀ ਲਾਭ ਪਹੁੰਚਾਉਂਦਾ ਹੈ।

### ਰੋਜ਼ਾਨਾ ਦੀ ਖੁਰਾਕ 'ਚ ਆਂਵਲੇ ਨੂੰ ਕਿਵੇਂ ਸ਼ਾਮਲ ਕਰੀਏ?

ਆਂਵਲੇ ਦਾ ਮਿੱਠਾ, ਖੱਟਾ ਅਤੇ ਤਿੱਖਾ ਸਵਾਦ ਕੱਚਾ ਖਾਣਾ ਮੁਸ਼ਕਲ ਬਣਾਉਂਦਾ ਹੈ। ਹਾਲਾਂਕਿ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਨੂੰ ਕੱਚਾ, ਜੂਸ ਜਾਂ ਧੁੱਪ 'ਚ ਸੁਕਾ ਕੇ ਖਾਣ ਦੇ ਆਪਣੇ ਹੀ ਫਾਇਦੇ ਹਨ। ਦਰਅਸਲ, ਡੀਹਾਈਡ੍ਰੇਟਿਡ ਤੇ ਧੁੱਪ ਨਾਲ ਸੁੱਕਿਆ ਆਂਵਲਾ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦਾ ਹੈ, ਜਿਸ ਨੂੰ ਤੁਸੀਂ ਕਦੇ ਵੀ ਖਾ ਸਕਦੇ ਹੋ। (ਲੇਖ 'ਚ ਦੱਸੀ ਗਈ ਸਲਾਹ ਤੇ ਸੁਝਾਅ ਸਿਰਫ ਆਮ ਜਾਣਕਾਰੀ ਦੇ ਉਦੇਸ਼ ਲਈ ਹਨ।)

# ਨਾ ਲਾੜਾ ਤੇ ਨਾ ਬਰਾਤੀ: ਦੁਨੀਆਂ 'ਚ ਸ਼ੁਰੂ ਹੋਇਆ ਅਨੋਖੇ ਵਿਆਹਾਂ ਦਾ ਰੁਝਾਨ !

ਇੱਕ ਅਜਿਹੇ ਵਿਆਹ ਦੀ ਕਲਪਨਾ ਕਰੋ ਜਿਸ ਵਿੱਚ ਕੋਈ ਲਾੜਾ ਨਹੀਂ, ਕੋਈ ਬਰਾਤੀ ਨਹੀਂ ਹੈ, ਕੋਈ ਬੈਂਡ-ਬਾਜਾ ਨਹੀਂ, ਕੋਈ ਵਿਆਹ ਦੀਆਂ ਰਸਮਾਂ ਨਹੀਂ ਹਨ, ਲਾੜੀ ਸਿਰਫ ਆਪਣਾ ਪਸੰਦੀਦਾ ਲਹਿੰਗਾ ਅਤੇ ਗਹਿਣੇ ਪਹਿਨੇ ਹੋਏ ਹਨ, ਉਸਦੇ ਦੋਸਤ ਅਤੇ ਪਰਿਵਾਰਕ ਮੈਂਬਰ, ਖਾਣਾ ਅਤੇ ਬਹੁਤ ਸਾਰੀਆਂ ਫੋਟੋਆਂ। ਇਸ ਵਿਆਹ 'ਚ ਲਾੜੀ ਖੁਦ ਹੀ ਵਿਆਹ ਕਰ ਰਹੀ ਹੈ। ਭਾਰਤੀ ਸਭਿਆਚਾਰ ਦੇ ਵਿੱਚ ਅਜਿਹੇ ਵਿਆਹ ਬਾਰੇ ਸੋਚਣਾ ਔਖਾ ਹੋ ਸਕਦਾ ਹੈ, ਪਰ ਜਾਪਾਨ ਦੀਆਂ ਕੁੜੀਆਂ ਪਿਛਲੇ 10 ਸਾਲਾਂ ਤੋਂ ਵੀ ਜ਼ਿਆਦਾ ਸਮੇਂ ਤੋਂ ਸੋਲੋ-ਵਿਆਹ ਬਹੁਤ ਖੁਸ਼ੀ ਨਾਲ ਕਰ ਰਹੀਆਂ ਹਨ। ਕੁੜੀ ਆਪਣੀ ਪਸੰਦ ਦਾ ਵਿਆਹ ਵਾਲਾ ਪਹਿਰਾਵਾ ਪਾਉਂਦੀ ਹੈ, ਰਿੰਗ ਡਿਜ਼ਾਈਨ ਕਰਦੀ ਹੈ ਅਤੇ ਖੁਦ ਆਪਣੇ ਨਾਲ ਰਹਿਣ ਦਾ ਵਾਅਦਾ ਕਰਦੀ ਹੈ। ਉਸਨੂੰ ਆਪਣੀ ਜ਼ਿੰਦਗੀ 'ਚ ਕਿਸੇ ਸਾਥੀ ਦੀ ਲੋੜ ਨਹੀਂ ਹੈ। ਉਹ ਆਪਣੀ ਬਾਕੀ ਦੀ ਜ਼ਿੰਦਗੀ ਲਈ ਇਕੱਲੇ ਰਹਿਣ ਦੀ ਸਹੁੰ ਖਾਂਦੀ ਹੈ।

ਜਾਪਾਨ ਵਿਚ ਜ਼ਿਆਦਾਤਰ ਕੁੜੀਆਂ ਇਕੱਲੇ ਵਿਆਹ ਨੂੰ ਅਪਣਾ ਰਹੀਆਂ ਹਨ। ਉਹ ਆਪਣੀ ਜ਼ਿੰਦਗੀ ਕਿਸੇ ਹੋਰ ਨਾਲ ਨਹੀਂ ਬਿਤਾਉਣਾ ਚਾਹੁੰਦੀ ਪਰ ਇਸ ਦਾ ਮਤਲਬ ਇਹ ਨਹੀਂ ਕਿ ਉਸ ਨੂੰ ਦੁਲਹਨ ਵਾਂਗ ਸਜਾਉਣ ਦਾ ਆਪਣਾ ਸੁਪਨਾ ਛੱਡ ਦੇਣਾ ਚਾਹੀਦਾ ਹੈ। ਹਰ ਕੋਈ ਇੱਕ ਦਿਨ ਲਈ ਆਪਣੀ ਜ਼ਿੰਦਗੀ ਦੀ ਰਾਣੀ ਬਣਨਾ ਪਸੰਦ ਕਰਦਾ ਹੈ। ਇਸ ਨੂੰ ਪੂਰਾ ਕਰਨ ਲਈ ਜਾਪਾਨ ਵਾਂਗ ਕਈ ਦੇਸ਼ਾਂ ਦੀਆਂ ਔਰਤਾਂ ਸੋਲੋ ਵੈਡਿੰਗ ਨੂੰ ਅਪਣਾ ਰਹੀਆਂ ਹਨ।

2014 ਵਿੱਚ ਸੇਰੇਕਾ ਟ੍ਰੈਵਲ ਨਾਮ ਦੀ ਇੱਕ ਕੰਪਨੀ ਨੇ ਜਾਪਾਨ ਦੀ ਰਾਜਧਾਨੀ ਟੋਕੀਓ ਵਿੱਚ ਕੁੜੀਆਂ ਲਈ ਇੱਕਲੇ ਵਿਆਹ ਦੇ ਸ਼ਾਨਦਾਰ ਪੈਕੇਜ ਜਾਰੀ ਕੀਤੇ ਸਨ। ਜਿਸ ਵਿੱਚ ਉਹ ਸਾਰੀਆਂ ਸੇਵਾਵਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ ਤਾਂ ਜੋ ਦੁਲਹਨ ਆਪਣੇ ਖਾਸ ਦਿਨ ਨੂੰ ਹਮੇਸ਼ਾ ਯਾਦ ਰੱਖੇ। ਇਕੱਲੇ ਵਿਆਹ ਦੇ ਪੈਕੇਜ ਵਿੱਚ ਲਾੜੀ ਦੋ ਦਿਨ ਹੋਟਲ ਵਿੱਚ ਰੁਕਦੀ ਹੈ। ਉਸਦੀ ਡਰੈੱਸ ਫਿਟਿੰਗ ਕੀਤੀ ਜਾਂਦੀ ਹੈ, ਬੈਂਕੁਏਟ ਹਾਲ ਨੂੰ ਸਿੰਗਾਰਿਆ ਜਾਂਦਾ ਹੈ। ਦੁਲਹਨ ਦੇ ਵਾਲ ਬਣਾਏ ਜਾਂਦੇ ਹਨ, ਮੇਕਅੱਪ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਪੂਰਾ ਫੋਟੋਸ਼ੂਟ ਕਰਵਾਇਆ ਜਾਂਦਾ ਹੈ, ਵਿਆਹ ਦੀ ਐਲਬਮ ਵੀ ਤਿਆਰ ਕਰਕੇ ਦਿੱਤੀ ਜਾਂਦੀ ਹੈ। ਭੋਜਨ ਪਰੋਸਿਆ ਜਾਂਦਾ ਹੈ, ਮਹਿਮਾਨਾਂ ਨੂੰ ਬੁਲਾਇਆ ਜਾਂਦਾ ਹੈ। ਸਾਰਾ ਕੰਮ ਮਾਹਰਾਂ ਦੁਆਰਾ ਕੀਤਾ ਜਾਂਦਾ ਹੈ, ਇਹ ਪੂਰੀ ਤਰ੍ਹਾਂ ਇੱਕ ਅਸਲੀ ਵਿਆਹ ਹੈ, ਪਰ ਸਿਰਫ ਲਾੜਾ ਨਹੀਂ ਹੁੰਦਾ। ਸੋਲੋ ਵਿਆਹ ਦਾ ਬਜਟ ਵੀ ਔਰਤਾਂ ਦੀ ਪਸੰਦ ਦੇ ਹਿਸਾਬ ਨਾਲ ਤੈਅ ਕੀਤਾ ਜਾਂਦਾ ਹੈ। ਜਿੰਨਾ ਵੱਡਾ ਵਿਆਹ, ਓਨਾ ਹੀ ਵੱਡਾ ਪੈਕੇਜ। ਦੁਲਹਨਾਂ ਦੀਆਂ ਵੀ ਵੱਖੋ-ਵੱਖਰੀਆਂ ਫਰਮਾਇਸ਼ਾਂ ਹੁੰਦੀਆਂ ਹਨ। ਕਿਸੇ ਨੂੰ ਤਿੰਨ ਪਰਤਾਂ ਵਾਲਾ ਵਿਆਹ ਦਾ ਕੇਕ ਚਾਹੀਦਾ ਹੈ ਤਾਂ ਕੁੱਝ ਔਰਤਾਂ ਆਪਣੇ ਵਿਆਹ ਦੇ ਫੋਟੋਸ਼ੂਟ 'ਚ ਖੂਬਸੂਰਤ ਨੌਜਵਾਨ ਲੜਕਿਆਂ ਨੂੰ ਵੀ ਸ਼ਾਮਲ ਕਰਦੀਆਂ ਹਨ। ਜਾਪਾਨ ਦੀ ਈਵੈਂਟ ਕੰਪਨੀ ਦੇ



ਅਨੁਸਾਰ, ਸਭ ਤੋਂ ਸਸਤਾ ਸੋਲੋ ਵਿਆਹ 3 ਲੱਖ ਯੇਨ ਵਿੱਚ ਹੋ ਜਾਂਦਾ ਹੈ। ਜਾਪਾਨੀ ਈਵੈਂਟਸ ਕੰਪਨੀ ਸੇਰੇਕਾ ਟਰੈਵਲ ਦੇ ਅਨੁਸਾਰ ਉਨ੍ਹਾਂ ਕੋਲ ਸੋਲੋ ਵਿਆਹ ਸਮਾਗਮਾਂ ਲਈ ਆਉਣ ਵਾਲੀਆਂ ਕੁੜੀਆਂ ਵਿੱਚੋਂ ਅੱਧੀਆਂ ਦਾ ਪਹਿਲਾਂ ਹੀ ਵਿਆਹ ਹੋ ਚੁੱਕਾ ਹੁੰਦਾ ਹੈ। ਜਾਂ ਤਾਂ ਉਹ ਤਲਾਕ ਲੈ ਚੁੱਕੀਆਂ ਹੁੰਦੀਆਂ ਹਨ ਜਾਂ ਪਹਿਲਾਂ ਕਿਸੇ ਰਿਸ਼ਤੇ ਵਿੱਚ ਧੋਖਾ ਖਾ ਚੁੱਕੀ ਹੈ। ਜਿਸ ਤੋਂ ਬਾਅਦ ਉਹ ਸੋਲੋ ਮੈਰਿਜ ਦਾ ਕਦਮ ਚੁੱਕਦੀਆਂ ਹਨ। ਕੁੱਝ ਔਰਤਾਂ ਅਜਿਹੀਆਂ ਹਨ ਜੋ ਆਪਣੇ ਪਹਿਲੇ ਵਿਆਹ ਦੀ ਰਸਮ ਤੋਂ ਸੰਤੁਸ਼ਟ ਨਹੀਂ ਹਨ, ਇਸ ਲਈ ਉਹ ਇਸ ਨੂੰ ਦੁਹਰਾਉਣਾ ਚਾਹੁੰਦੀਆਂ ਹਨ। ਆਪਣੇ 20 ਅਤੇ 30 ਦੇ ਦਹਾਕੇ ਦੀਆਂ ਮੁਟਿਆਰਾਂ ਇੰਸਟਾਗ੍ਰਾਮ ਪੋਸਟਾਂ ਲਈ ਇਕੱਲੇ ਵਿਆਹ ਦੀਆਂ ਸ਼ੂਟਿੰਗਾਂ ਵੀ ਕਰਦੀਆਂ ਹਨ, ਸੁੰਦਰ ਗਾਊਨ ਅਤੇ ਜਾਪਾਨੀ ਰਵਾਇਤੀ ਪਹਿਰਾਵੇ ਕਿਮੋਨੋ ਪਹਿ-ਨਦੀਆਂ ਹਨ।

2017 ਵਿੱਚ ਜਾਪਾਨੀ ਔਰਤਾਂ ਦੀ ਜਾਣਕਾਰੀ ਵਾਲੀ ਵੈੱਬਸਾਈਟ ਮਿਨਾਵੀ ਨੇ ਔਰਤਾਂ ਦੀ ਰਾਇ ਜਾਣਨ ਲਈ ਇੱਕ ਸਰਵੇਖਣ ਕੀਤਾ ਸੀ। ਜਿਸ ਵਿੱਚ 20% ਔਰਤਾਂ ਨੇ ਕਿਹਾ ਕਿ ਉਹ ਵਿਆਹ ਬਾਰੇ ਸੋਚਣ ਦੇ ਯੋਗ ਨਹੀਂ ਹਨ। ਪਰ ਉਹ ਯਕੀਨੀ ਤੌਰ 'ਤੇ ਆਪਣੀ ਜ਼ਿੰਦਗੀ ਵਿਚ ਇਕੱਲੇ ਵਿਆਹ ਦਾ ਸ਼ੂਟ ਕਰਨਾ ਚਾਹੁੰਦੀ ਹੈ।

ਜਾਪਾਨ ਦੇ ਸੋਲੋ ਮੈਰਿਜ ਜਾਂ ਸੋਲੋਗਾਮੀ ਦੀ ਗੱਲ ਕੀਤੀ ਗਈ ਹੈ ਪਰ ਅੱਜ ਦੇ ਸਮੇਂ ਵਿੱਚ ਇਹ ਰੁਝਾਨ ਨਾ ਸਿਰਫ਼ ਜਾਪਾਨ ਵਿੱਚ ਸਗੋਂ ਇਟਲੀ, ਆਸਟ੍ਰੇਲੀਆ, ਤਾਈਵਾਨ, ਅਮਰੀਕਾ ਅਤੇ ਯੂਕੇ ਵਿੱਚ ਵੀ ਬੜੀ ਤੇਜ਼ੀ ਨਾਲ ਅਪਣਾਇਆ ਜਾ ਰਿਹਾ ਹੈ। ਆਓ ਉਨ੍ਹਾਂ ਬਾਰੇ ਪੜ੍ਹੀਏ। ਸਾਲ 2017 'ਚ ਇਟਲੀ ਦੀ ਰਹਿਣ ਵਾਲੀ 40 ਸਾਲਾ ਲੌਰਾ ਮੈਸੀ ਨੇ 12 ਸਾਲ ਦਾ ਰਿਸ਼ਤਾ ਖਤਮ ਹੋਣ ਤੋਂ ਬਾਅਦ ਖੁਦ ਨਾਲ ਵਿਆਹ ਕਰਨ ਦਾ ਫੈਸਲਾ ਕੀਤਾ। ਫਿਟਨੈਸ ਟ੍ਰੇਨਰ ਨੇ ਆਪਣੇ ਪਰਿਵਾਰ ਨੂੰ ਕਿਹਾ ਸੀ ਕਿ 40 ਸਾਲ ਦੀ ਉਮਰ ਤੱਕ ਜੇਕਰ ਉਸ ਨੂੰ ਆਪਣੀ ਜ਼ਿੰਦਗੀ 'ਚ ਕੋਈ ਜੀਵਨ ਸਾਥੀ ਨਹੀਂ ਮਿਲਿਆ ਤਾਂ ਉਹ ਇਕੱਲੇ ਹੀ ਵਿਆਹ ਕਰ ਲਵੇਗੀ। ਸਮਾਂ ਆਉਣ 'ਤੇ ਲੌਰਾ ਨੇ ਇਹੀ ਕੀਤਾ। ਹਾਲਾਂਕਿ ਇਟਲੀ ਵਿਚ ਇਕੱਲੇ ਵਿਆਹ ਨੂੰ ਕਾਨੂੰਨੀ ਨਹੀਂ ਮੰਨਿਆ ਜਾਂਦਾ ਹੈ, ਲੌਰਾ ਨੇ ਇਕੱਲੇ ਵਿਆਹ ਸਮਾਗਮ ਦਾ ਆਯੋਜਨ ਕੀਤਾ। ਉਨ੍ਹਾਂ ਦੇ ਜੀਵਨ ਦੇ ਖਾਸ ਦਿਨ 'ਤੇ 70 ਮਹਿਮਾਨ ਮੌਜੂਦ ਸਨ, ਜਿਨ੍ਹਾਂ 'ਚ ਉਨ੍ਹਾਂ ਦੇ ਪਰਿਵਾਰਕ ਮੈਂਬਰ ਅਤੇ ਦੋਸਤ ਸ਼ਾਮਲ ਸਨ। ਲੌਰਾ ਪਹਿਲਾਂ ਵੀ ਰਿਲੇਸ਼ਨਸ਼ਿਪ 'ਚ ਰਹੀ ਸੀ ਪਰ ਇਹ ਸਫਲ ਨਹੀਂ ਹੋਈ। ਜਿਸ ਤੋਂ ਬਾਅਦ ਉਹ ਜ਼ਿੰਦਗੀ 'ਚ ਅੱਗੇ ਵਧੀ ਅਤੇ ਸਿਰਫ ਆਪਣੇ ਨਾਲ ਰਹਿਣ ਦਾ ਫੈਸਲਾ ਕੀਤਾ। ਇੰਨਾ ਹੀ ਨਹੀਂ ਸੋਲੋ ਵਿਆਹ ਤੋਂ ਬਾਅਦ ਉਹ ਸੋਲੋ ਹਨੀਮੂਨ ਲਈ ਮਿਸਰ ਵੀ ਗਈ ਸੀ।

ਅਮਰੀਕਾ ਵਿਚ ਵੀ ਹੁਣ ਵੱਡੀ ਗਿਣਤੀ ਵਿਚ ਸਿੰਗਲ ਔਰਤਾਂ ਇਕੱਲੇ ਵਿਆਹ ਕਰਨ ਨੂੰ ਤਰਜੀਹ ਦੇ ਰਹੀਆਂ ਹਨ। ਲਾਸ ਏਂਜਲਸ, ਯੂਐਸਏ ਵਿੱਚ ਗਹਿਣਿਆਂ ਦੇ ਡਿਜ਼ਾਈਨਰ ਸੋਲੋ ਵਿਆਹ ਦੀਆਂ ਰਿੰਗਾਂ ਲਈ ਅਗਾਊਂ ਆਰਡਰ ਪ੍ਰਾਪਤ ਕਰ ਰਹੇ ਹਨ। ਔਰਤਾਂ 18 ਮਹੀਨੇ ਪਹਿਲਾਂ ਬੁੱਕ ਕਰਦੀਆਂ ਹਨ ਅਤੇ ਆਪਣੇ ਸੰਪੂਰਣ ਸੋਲੋ ਵਿਆਹ ਦੀ ਰਿੰਗ ਦੀ ਉਡੀਕ ਕਰਦੀਆਂ ਹਨ। ਵਿਆਹ ਦੇ ਯੋਜਨਾਕਾਰਾਂ ਅਤੇ ਫੋਟੋਗ੍ਰਾਫ਼ਰਾਂ ਦਾ ਵੀ ਇਹੀ ਹਾਲ ਹੈ।

ਭਾਰਤ ਵਿੱਚ ਅੱਜ 2,596 ਲੱਖ ਸਿੰਗਲ ਔਰਤਾਂ ਹਨ। 2021 ਦੀ ਜਨਗਣਨਾ ਦੇ ਅਨੁਸਾਰ, 2,230 ਲੱਖ ਔਰਤਾਂ ਹਨ ਜਿਨ੍ਹਾਂ ਨੇ ਕਦੇ ਵਿਆਹ ਨਹੀਂ ਕੀਤਾ ਹੈ। ਜੇਕਰ ਅਸੀਂ ਭਾਰਤ ਦੀ 2011 ਦੀ ਮਰਦਮਸ਼ੁਮਾਰੀ 'ਤੇ ਨਜ਼ਰ ਮਾਰੀਏ ਤਾਂ ਭਾਰਤ ਵਿੱਚ 714 ਲੱਖ ਔਰਤਾਂ ਕੁਆਰੀਆਂ ਸਨ। ਜਦੋਂ ਕਿ 2001 ਵਿੱਚ ਕੁਆਰੀਆਂ ਕੁੜੀਆਂ ਦੀ ਗਿਣਤੀ 512 ਲੱਖ ਸੀ। ਇਹਨਾਂ ਵਿੱਚ 23 ਫੀਸਦੀ ਕੁਆਰੀਆਂ ਕੁੜੀਆਂ 20 ਤੋਂ 24 ਸਾਲ ਦੀ ਉਮਰ ਵਰਗ ਦੀਆਂ ਹਨ। ਉਂਜ ਸੋਲੋ ਮੈਰਿਜ ਕਰਨ ਵਾਲੀਆਂ ਕਈ ਕੁੜੀਆਂ ਦਾ ਇਹ ਵੀ ਕਹਿਣਾ ਹੈ ਕਿ ਸਮਾਜ ਅਤੇ ਪਰਿਵਾਰਕ ਮੈਂਬਰ ਅਕਸਰ ਉਨ੍ਹਾਂ ਨੂੰ ਪੁੱਛਦੇ ਸਨ ਕਿ ਉਹ ਕਦੋਂ ਵਿਆਹ ਕਰਵਾਉਣਾ ਚਾਹੁੰਦੀਆਂ ਹਨ ਜਾਂ ਕਿਸ ਨਾਲ ਵਿਆਹ ਕਰਨਾ ਚਾਹੁੰਦੀਆਂ ਹਨ? ਅਜਿਹੇ ਸਵਾਲਾਂ ਨੂੰ ਖਤਮ ਕਰਨ ਲਈ ਉਹਨਾਂ ਨੇ 'ਸੋਲੋ ਮੈਰਿਜ' ਦਾ ਵਧੀਆ ਤਰੀਕਾ ਕੱਢਿਆ। ਉਹ ਸਮਾਜ ਦੇ ਸਾਹਮਣੇ ਖੁੱਲ੍ਹ ਕੇ ਮੰਨਦੀਆਂ ਹਨ ਕਿ ਉਹ ਸਾਰੀ ਉਮਰ ਆਪਣੇ ਨਾਲ ਰਹਿਣ ਲਈ ਤਿਆਰ ਹਨ।

# ਐਲੋਨ ਮਸਕ: ਦੁਨੀਆ ਦਾ ਸਭ ਤੋਂ ਅਮੀਰ ਪਰ ਜਿਸ ਕੋਲ ਧਰਤੀ 'ਤੇ ਕੋਈ ਘਰ ਨਹੀਂ !



ਟੇਸਲਾ ਦੇ ਸੀਈਓ ਐਲੋਨ ਮਸਕ ਟਵਿੱਟਰ ਦੇ ਨਵੇਂ ਮਾਲਕ ਬਣ ਗਏ ਹਨ। 21 ਦਸੰਬਰ 2017 ਨੂੰ ਰਾਤ ਦੇ 11:20 ਵਜੇ ਟੇਸਲਾ ਦੇ ਸੰਸਥਾਪਕ ਐਲੋਨ ਮਸਕ ਨੇ ਟਵੀਟ ਕੀਤਾ ਅਤੇ ਲਿਖਿਆ - ਮੈਨੂੰ ਟਵਿਟਰ ਪਸੰਦ ਹੈ। ਮਸਕ ਦੇ ਇਸ ਟਵੀਟ ਦੇ ਜਵਾਬ ਵਿੱਚ ਅਮਰੀਕੀ ਪੱਤਰਕਾਰ ਡੇਵ ਸਮਿਥ ਨੇ ਪੁੱਛਿਆ ਕਿ ਫਿਰ ਇਸਨੂੰ ਕਿਉਂ ਨਹੀਂ ਖਰੀਦਿਆ? ਇਸ 'ਤੇ ਮਸਕ ਨੇ ਵੀ ਪੁੱਛਿਆ- ਇਸਦੀ ਕੀਮਤ ਕਿੰਨੀ ਹੈ? ਇਸ ਟਵੀਟ ਦੇ 52 ਮਹੀਨਿਆਂ ਬਾਅਦ ਯਾਨੀ 25 ਅਪ੍ਰੈਲ 2022 ਨੂੰ ਐਲੋਨ ਮਸਕ ਨੇ ਟਵਿਟਰ ਨੂੰ 44 ਬਿਲੀਅਨ ਡਾਲਰ ਵਿੱਚ ਖਰੀਦ ਲਿਆ ਹੈ। ਮਸਕ ਨੇ ਟਵਿਟਰ ਦੇ ਹਰ ਸ਼ੇਅਰ ਲਈ 54.20 ਡਾਲਰ ਦਿੱਤੇ ਹਨ। ਟਵਿੱਟਰ ਵਿੱਚ ਉਸਦੀ ਪਹਿਲਾਂ ਹੀ 9% ਹਿੱਸੇਦਾਰੀ ਹੈ। ਉਹ ਟਵਿਟਰ ਦਾ ਸਭ ਤੋਂ ਵੱਡਾ ਸ਼ੇਅਰ ਧਾਰਕ ਹੈ। ਤਾਜ਼ਾ ਡੀਲ ਤੋਂ ਬਾਅਦ, ਉਸ ਦੀ ਕੰਪਨੀ ਵਿੱਚ 100% ਹਿੱਸੇਦਾਰੀ ਹੋਵੇਗੀ ਅਤੇ ਟਵਿੱਟਰ ਉਸਦੀ ਨਿੱਜੀ ਕੰਪਨੀ ਬਣ ਜਾਵੇਗੀ। ਮਸਕ ਨੇ ਫਿਰ ਇੱਕ ਟਵੀਟ ਵਿੱਚ ਲਿਖਿਆ ਕਿ ਬੋਲਣ ਦੀ ਆਜ਼ਾਦੀ ਲੋਕਤੰਤਰ ਦਾ ਆਧਾਰ ਹੈ। ਟਵਿੱਟਰ ਇੱਕ ਡਿਜੀਟਲ ਸ਼ਹਿਰ ਹੈ ਜਿੱਥੇ ਮਨੁੱਖਤਾ ਦੇ ਭਵਿੱਖ ਲਈ ਮਹੱਤਵਪੂਰਨ ਮੁੱਦਿਆਂ 'ਤੇ ਬਹਿਸ ਕੀਤੀ ਜਾਂਦੀ ਹੈ।

ਐਲੋਨ ਮਸਕ ਇੱਕ ਦੁਨੀਆਂ ਦਾ ਇੱਕ ਅਜਿਹਾ ਅਮੀਰ ਵਿਅਕਤੀ ਹੈ ਜਿਸ ਦਾ ਧਰਤੀ 'ਤੇ ਕੋਈ ਘਰ ਨਹੀਂ ਹੈ, ਪਰ ਉਹ ਮੰਗਲ ਗ੍ਰਹਿ 'ਤੇ ਇਕ ਬਸਤੀ ਸਥਾਪਿਤ ਕਰਨਾ ਚਾਹੁੰਦਾ ਹੈ। ਐਲੋਨ ਮਸਕ ਸਬੰਧੀ ਇੱਥੇ ਬਹੁਤ ਹੀ ਦਿਲਚਸਪ ਜਾਣਕਾਰੀ ਦੇ ਰਹੇ ਹਾਂ। ਐਲੋਨ ਮਸਕ ਦੀ ਮਾਂ ਅਮਰੀਕੀ ਸੀ ਅਤੇ ਪਿਤਾ ਦੱਖਣੀ ਅਫ਼ਰੀਕੀ ਸੀ। ਉਸਦਾ ਜਨਮ 28 ਜੂਨ 1971 ਨੂੰ ਦੱਖਣੀ ਅਫਰੀਕਾ ਦੇ ਪ੍ਰਿਟੋਰੀਆ ਸ਼ਹਿਰ ਵਿੱਚ ਹੋਇਆ ਸੀ। 12 ਸਾਲ ਦੀ ਉਮਰ ਵਿੱਚ, ਐਲੋਨ ਮਸਕ ਨੇ ਇੱਕ ਵੀਡੀਓ ਗੇਮ ਬਣਾਈ ਅਤੇ ਫਿਰ ਇਸਨੂੰ ਇੱਕ ਮੈਗਜ਼ੀਨ ਨੂੰ 500 ਡਾਲਰ ਵਿੱਚ ਵੇਚ ਦਿੱਤਾ। ਇਸ ਸਪੇਸ ਫਾਈਟਿੰਗ ਗੇਮ ਦਾ ਨਾਮ ਬਲਾਸਟਰ ਸੀ। ਮਸਕ ਨੇ ਆਪਣੇ ਭਰਾ ਕਿਮਬਲ ਨਾਲ ਮਿਲ ਕੇ ਜ਼ਿਪ-2 ਨਾਂ ਦੀ ਸਾਫਟਵੇਅਰ ਕੰਪਨੀ ਸ਼ੁਰੂ ਕੀਤੀ। ਬਾਅਦ ਵਿੱਚ ਇਸਨੂੰ 22 ਮਿਲੀਅਨ ਡਾਲਰ ਵਿੱਚ ਕੰਪੈਕ ਕੰਪਨੀ ਨੂੰ ਵੀ ਵੇਚ ਦਿੱਤਾ ਗਿਆ। ਐਲੋਨ ਮਸਕ ਨੇ 1999 ਵਿੱਚ 10 ਮਿਲੀਅਨ ਡਾਲਰ ਦੇ ਨਿਵੇਸ਼ ਨਾਲ ਐਕਸ ਡਾਟ ਕੌਮ ਦੀ ਸ਼ੁਰੂਆਤ ਕੀਤੀ। ਇਸ ਨੂੰ ਬਾਅਦ ਵਿੱਚ ਕੋਨਫਿਨੀਟੀ ਨਾਮ ਦੀ ਇੱਕ ਕੰਪਨੀ ਵਿੱਚ ਮਿਲਾ ਦਿੱਤਾ ਗਿਆ ਜੋ ਬਾਅਦ ਵਿੱਚ ਪੇਪਾਲ ਬਣ ਗਈ। 2002 ਵਿੱਚ ਈਬੇ ਨੇ ਪੇਪਾਲ ਨੂੰ 1.5 ਬਿਲੀਅਨ ਡਾਲਰ ਦੇ ਵਿੱਚ ਖਰੀਦਿਆ, ਜਿਸ ਵਿੱਚ ਮਸਕ ਦਾ ਹਿੱਸਾ 165 ਮਿਲੀਅਨ ਡਾਲਰ ਸੀ। ਇਸ ਤੋਂ ਬਾਅਦ ਮਸਕ ਨੇ ਪੁਲਾੜ ਖੋਜ ਦੀਆਂ ਤਕਨੀਕਾਂ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੇ ਇਸੇ ਪ੍ਰੋਗਰਾਮ ਦਾ ਨਾਂ 'ਸਪੇਸ-ਐਕਸ' ਰੱਖਿਆ ਗਿਆ ਸੀ, ਜਿਸ 'ਚ ਕਿਹਾ ਗਿਆ ਸੀ ਕਿ 'ਆਉਣ ਵਾਲੇ ਸਮੇਂ 'ਚ ਮਨੁੱਖ ਹੋਰ ਗ੍ਰਹਿਆਂ 'ਤੇ ਰਹਿ ਸਕਣਗੇ'। 2004 ਵਿੱਚ, ਐਲੋਨ ਮਸਕ ਨੇ ਇਲੈਕਟ੍ਰਿਕ ਕਾਰ ਕੰਪਨੀ ਟੇਸਲਾ ਦੀ ਸਥਾਪਨਾ ਕੀਤੀ ਅਤੇ ਕਿਹਾ, 'ਭਵਿੱਖ ਵਿੱਚ ਹਰ ਚੀਜ਼ ਇਲੈਕਟ੍ਰਿਕ ਹੋਵੇਗੀ, ਜਿਸ ਵਿੱਚ ਪੁਲਾੜ ਵਿੱਚ ਜਾਣ ਵਾਲੇ ਰਾਕੇਟ ਵੀ ਸ਼ਾਮਲ ਹਨ ਅਤੇ ਟੇਸਲਾ ਇਸ ਬਦਲਾਅ ਨੂੰ ਲਿਆਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗੀ।'

ਐਲੋਨ ਮਸਕ ਨੇ ਦਸੰਬਰ 2016 ਵਿੱਚ ਟਵੀਟ ਕੀਤਾ - ਟ੍ਰੈਫਿਕ ਮੈਨੂੰ ਪਾਗਲ ਬਣਾ ਰਿਹਾ ਹੈ। ਮੈਂ ਇੱਕ ਸੁਰੰਗ ਬੋਰਿੰਗ ਮਸ਼ੀਨ ਬਣਾਉਣ ਅਤੇ ਖੁਦਾਈ ਸ਼ੁਰੂ ਕਰ ਰਿਹਾ ਹਾਂ। ਉਸੇ ਦਿਨ ਉਸ ਨੇ ਬੋਰਿੰਗ ਕੰਪਨੀ ਨੂੰ ਰਜਿਸਟਰ ਕਰਵਾਇਆ। ਉਸਨੇ 2018 ਵਿੱਚ ਭੂਮੀਗਤ ਸੁਰੰਗ ਦਾ ਇੱਕ ਪ੍ਰੋਟੋਟਾਈਪ ਵੀ ਬਣਾਇਆ। ਉਸ ਨੇ ਬੋਰਿੰਗ ਕੰਪਨੀ ਦੀ ਅੱਗ ਬੁਝਾਉਣ ਲਈ ਇੱਕ ਮਸ਼ੀਨ ਵੀ ਬਣਾਈ ਅਤੇ ਮਜ਼ਾਕ-ਮਜ਼ਾਕ ਵਿੱਚ 20,000 ਯੂਨਿਟ ਵੇਚ ਦਿੱਤੇ। ਐਲੋਨ ਮਸਕ ਮੰਗਲ ਗ੍ਰਹਿ 'ਤੇ ਮਨੁੱਖਾਂ ਦੀ ਸਵੈ-ਨਿਰਭਰ ਕਾਲੋਨੀ ਸਥਾਪਤ ਕਰਨਾ ਚਾਹੁੰਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪਰਮਾਣੂ ਯੁੱਧ ਜਾਂ ਕਿਸੇ ਗ੍ਰਹਿ ਦੇ ਟਕਰਾਉਣ ਕਾਰਨ ਧਰਤੀ ਦੀ ਹੋਂਦ ਖ਼ਤਰੇ ਵਿੱਚ ਪੈ ਜਾਵੇਗੀ। ਅਜਿਹੀ ਸਥਿਤੀ ਵਿਚ ਸਾਡੇ ਲਈ ਸਭ ਤੋਂ ਅਨੁਕੂਲ ਗ੍ਰਹਿ ਮੰਗਲ ਹੀ ਹੈ। ਇਸ ਨਾਲ ਮਨੁੱਖ ਆਪਣੀ ਤਬਾਹੀ ਨੂੰ ਟਾਲ ਸਕਦਾ ਹੈ। ਸਤੰਬਰ 2016 ਵਿੱਚ ਮਸਕ ਨੇ ਆਪਣੀਆਂ ਯੋਜਨਾਵਾਂ ਅਤੇ ਤਕਨੀਕੀ ਪਹਿਲੂਆਂ ਨੂੰ ਵੀ ਵਿਸਥਾਰ ਵਿੱਚ ਦੱਸਿਆ ਹੈ। ਮਸਕ ਦੇ ਅਨੁਸਾਰ ਇੱਕ ਸਪੇਸਐਕਸ ਰਾਕੇਟ 2022 ਤੱਕ ਮੰਗਲ 'ਤੇ ਜਾ ਸਕਦਾ ਹੈ। 2050 ਤੱਕ ਇੱਕ ਸਵੈ-ਨਿਰਭਰ ਮਨੁੱਖੀ ਬਸਤੀ ਹੋਵੇਗੀ।

ਅਸੀਂ ਮਨੁੱਖੀ ਦਿਮਾਗ਼ ਨੂੰ ਕੰਪਿਊਟਰ ਨਾਲ ਜੋੜਨ ਬਾਰੇ ਹੀ ਸੋਚ ਸਕਦੇ ਹਾਂ, ਪਰ ਐਲੋਨ ਮਸਕ ਨੇ ਨਿਊਰਾਲਿੰਕ ਰਾਹੀਂ ਇੱਕ ਮਸ਼ੀਨ ਵਿਕਸਿਤ ਕਰਨੀ ਸ਼ੁਰੂ ਕਰ ਦਿੱਤੀ ਹੈ, ਜੋ ਮਨੁੱਖੀ ਦਿਮਾਗ਼ ਨੂੰ ਕੰਪਿਊਟਰ ਨਾਲ ਜੋੜ ਦੇਵੇਗੀ। ਐਲਨ ਦੇ ਟਰੈਕ ਰਿਕਾਰਡ ਨੂੰ ਦੇਖਦੇ ਹੋਏ, ਇਸ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ। ਐਲੋਨ ਮਸਕ ਨੇ 2016 ਵਿੱਚ ਸੋਲਰ ਸਿਟੀ ਆਪਣੇ ਚਚੇਰੇ ਭਰਾ ਤੋਂ ਹਾਸਲ ਕੀਤੀ ਸੀ। ਇਸ ਤੋਂ ਬਾਅਦ ਉਹ ਸੋਲਰ ਟਾਈਲਾਂ 'ਤੇ ਇਨੋਵੇਸ਼ਨ ਕਰ ਰਿਹਾ ਹੈ। ਯਾਨੀ ਤੁਹਾਡੇ ਘਰ ਦੀ ਛੱਤ ਅਤੇ ਕੰਧਾਂ ਅਜਿਹੀਆਂ ਹੋਣਗੀਆਂ, ਜੋ ਸੂਰਜ ਤੋਂ ਬਿਜਲੀ ਪੈਦਾ ਕਰਨਗੀਆਂ। ਮਈ 2018 ਵਿੱਚ ਐਲੋਨ ਮਸਕ ਨੇ ਟਵੀਟ ਕੀਤਾ ਕਿ ਮੈਂ ਇੱਕ ਕੈਂਡੀ ਕੰਪਨੀ ਸ਼ੁਰੂ ਕਰਨ ਜਾ ਰਿਹਾ ਹਾਂ। ਫਿਰ ਉਸ ਨੇ ਕਿਹਾ ਕਿ ਮੈਂ ਇਸ ਬਾਰੇ ਬਹੁਤ ਗੰਭੀਰ ਹਾਂ। ਇਸ ਤੋਂ ਬਾਅਦ ਉਸਨੇ ਬੋਰਿੰਗ ਕੈਂਡੀ ਸ਼ੁਰੂ ਕੀਤੀ। ਇਸ ਕੈਂਡੀ ਨੂੰ ਸਪੇਸ ਵਿੱਚ ਲਿਜਾਇਆ ਜਾ ਸਕਦਾ ਹੈ।

2020 ਵਿੱਚ ਐਲੋਨ ਮਸਕ ਨੇ ਟਵਿੱਟਰ 'ਤੇ ਕਿਹਾ ਕਿ ਉਹ ਆਪਣੀ ਜ਼ਿੰਦਗੀ ਦੇ ਰੁਝੇਵਿਆਂ ਨੂੰ ਘੱਟ ਕਰ ਰਿਹਾ ਹੈ ਅਤੇ ਹੁਣ ਉਹ ਆਪਣੇ ਕੋਲ ਕੋਈ ਘਰ ਨਹੀਂ ਰੱਖੇਗਾ। ਸਿਰਫ ਇੱਕ ਸਾਲ ਵਿੱਚ ਉਸਨੇ ਆਪਣੀਆਂ ਸਾਰੀਆਂ 7 ਆਲੀਸ਼ਾਨ ਘਰ ਵੇਚ ਦਿੱਤੇ। ਫੋਰਬਸ ਦੀ ਰਿਪੋਰਟ ਮੁਤਾਬਕ ਉਹ 20 ਬਾਈ 20 ਦੇ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਹੈ। ਇਹ ਘਰ ਬੌਕਸਾਬਲ ਨਾਮ ਦੇ ਇੱਕ ਹਾਊਸਿੰਗ ਸਟਾਰਟਅਪ ਦੁਆਰਾ ਬਣਾਇਆ ਗਿਆ ਹੈ। ਇਹ ਘਰ ਫੋਲਡੇਬਲ ਹੈ ਅਤੇ ਕਿਤੇ ਵੀ ਲਿਜਾਇਆ ਜਾ ਸਕਦਾ ਹੈ। ਆਪਣੇ ਇਕ ਇੰਟਰਵਿਊ 'ਚ ਐਲੋਨ ਮਸਕ ਨੇ ਦੱਸਿਆ ਸੀ ਕਿ ਉਨ੍ਹਾਂ ਦੀ ਜ਼ਿੰਦਗੀ 'ਚ ਇਕ ਅਜਿਹਾ ਸਮਾਂ ਵੀ ਆਇਆ ਜਦੋਂ ਉਨ੍ਹਾਂ ਨੂੰ ਆਪਣੇ ਖਰਚਿਆਂ ਲਈ ਦੋਸਤਾਂ ਤੋਂ ਪੈਸੇ ਉਧਾਰ ਲੈਣੇ ਪਏ। ਕੀ ਉਹ ਦੀਵਾਲੀਆ ਹੋਣ ਤੋਂ ਨਹੀਂ ਡਰਦੇ? ਇਸ ਸਵਾਲ 'ਤੇ ਐਲੋਨ ਮਸਕ ਨੇ ਕਿਹਾ- ਸਭ ਤੋਂ ਵੱਧ ਕੀ ਹੁੰਦਾ, ਜੇਕਰ ਮੇਰੇ ਬੱਚਿਆਂ ਨੇ ਸਰਕਾਰੀ ਸਕੂਲ ਜਾਣਾ ਹੁੰਦਾ ਤਾਂ ਇਸ 'ਚ ਵੱਡੀ ਗੱਲ ਕੀ ਹੋਵੇਗੀ, ਮੈਂ ਖੁਦ ਸਰਕਾਰੀ ਸਕੂਲ 'ਚ ਪੜ੍ਹਿਆ ਹਾਂ। ਐਲੋਨ ਮਸਕ ਦਾ ਇਹ ਜਵਾਬ ਉਸਦੀ ਸ਼ਖਸੀਅਤ ਦੱਸਣ ਲਈ ਕਾਫੀ ਹੈ।

# ਸਗਲ ਸ੍ਰਿਸ਼ਟਿ ਪੈ ਢਾਪੀ ਚਾਦਰ





**ਈਸ਼ਵਰ ਦਿਆਲ ਗੌੜ**

ਸ਼ਹਾਦਤ ਬਾਰੇ ਪੰਜਾਬੀ 'ਚ ਪਹਿਲਾ ਪ੍ਰਵਚਨ ਬਾਬਾ ਫ਼ਰੀਦ (1173–1265) ਸਿਰਜਦਾ ਹੈ। ਬਾਬਾ ਜੀ ਦੀ ਸਮੁੱਚੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਦਰਜ ਹੈ। ਆਓ ਫ਼ਰੀਦ ਦੇ ਰੂਹਾਨੀਅਤ ਦੇ ਰੰਗ 'ਚ ਰੰਗੇ ਸ਼ਹਾਦਤ ਦੇ ਪ੍ਰਵਚਨ ਨੂੰ 'ਪੜ੍ਹੀਏ':

ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ॥
ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ॥

ਫ਼ਰੀਦ ਤੋਂ ਬਾਅਦ ਬਾਬਾ ਨਾਨਕ (1469–1539) ਸ਼ਹਾਦਤ ਦੇ ਪ੍ਰਵਚਨ ਨੂੰ ਅਗਾਂਹ ਤੋਰਦੇ ਹੋਏ ਇਸ ਨੂੰ ਪ੍ਰੇਮ ਦੀ ਪੁੱਠ ਚਾੜ੍ਹਦੇ ਹਨ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥

ਇਸ ਸਫ਼ਰ ਵਿਚ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਅਤੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਹੋਈ। ਨੌਵੇਂ ਗੁਰੂ ਨਾਲ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਵੀ ਸ਼ਹੀਦ ਹੋਏ। ਪੰਜਾਬ ਦੇ ਪਿੜ 'ਚ 'ਸਿਰ-ਧੜ ਦੀ ਬਾਜ਼ੀ' ਲਾਉਣ ਦੇ ਮੁਹਾਵਰੇ ਦੀ ਆਮਦ ਹੋਈ। ਸਿਰ-ਧੜ ਦੀ ਬਾਜ਼ੀ ਲਾਉਣ ਦੀ ਇਸ਼ਕੀਆ ਖੇਡ ਉਹੀ ਖੇਡਦੇ ਹਨ ਜੋ ਤ੍ਰਿੰਝਣੀ ਅਤੇ ਬ੍ਰਹਿਮੰਡੀ ਚੇਤਨਾ ਨਾਲ ਲਬਰੇਜ਼ ਹੁੰਦੇ ਹਨ। ਅਜਿਹੀ ਚੇਤਨਾ ਗੁਰੂ ਗ੍ਰੰਥ ਸਾਹਿਬ ਵਿਚ ਇੰਜ ਬਿਆਨ ਕੀਤੀ ਗਈ:

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥
ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ॥

ਇਸ ਲਈ ਦਲੀਲ ਹੈ ਕਿ ਗੁਰੂ ਤੇਗ਼ ਬਹਾਦਰ ਜੀ ਦੀ ਜਾਂ ਗੁਰੂ-ਘਰ ਦੀ ਤ੍ਰਿੰਝਣੀ ਅਤੇ ਬ੍ਰਹਿਮੰਡੀ ਚੇਤਨਾ ਦਾ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੀ ਤਿੜਕੀ ਅਤੇ ਖੰਡਿਤ ਚੇਤਨਾ ਨਾਲ ਟਕਰਾਅ ਆਪ (ਗੁਰੂ ਸਹਿਬਾਨ) ਦੀ ਸ਼ਹਾਦਤ 'ਤੇ ਆਣ ਕੇ ਆਪਣੇ ਸਿਖਰ 'ਤੇ ਪਹੁੰਚਦਾ ਹੈ।

ਇਤਿਹਾਸਕ ਦਸਤਾਵੇਜ਼ ਦੱਸਦੇ ਹਨ ਕਿ ਔਰੰਗਜ਼ੇਬ ਸਾਲ 'ਚ ਇੱਕ ਵਾਰ ਅੱਲ੍ਹਾ ਦੀ ਇਬਾਦਤ 'ਚ ਚਿੱਲਾ (ਚਾਲੀ ਦਿਨ) ਕਰਦਾ ਸੀ। ਆਪਣੀ ਰੋਜ਼ਾਨਾ ਜ਼ਿੰਦਗੀ ਦਾ ਇੱਕ ਲੰਮਾ ਵਕਤ ਕੁਰਆਨ ਸ਼ਰੀਫ਼ ਦੀਆਂ ਪ੍ਰਤਿਲਿਪੀਆਂ ਲਿਖਣ ਅਤੇ ਇਬਾਦਤ ਸਮੇਂ ਸਿਰ ਕੱਜਣ ਵਾਲੀਆਂ ਟੋਪੀਆਂ ਸਿਉਣ 'ਚ ਗੁਜ਼ਾਰਦਾ ਹੁੰਦਾ ਸੀ। ਆਪਣੀ ਲੰਮੀ ਉਮਰ ਦੇ ਤਮਾਮ ਸਫ਼ਰ 'ਚ ਉਹ ਸ਼ਾਮ ਦੀ ਨਮਾਜ਼ ਅਦਾ ਕਰਨ ਤੋਂ ਕਦੇ ਵੀ ਨਹੀਂ ਸੀ ਖੁੰਝਿਆ। ਜੰਗ ਦੇ ਮੈਦਾਨ ਵਿਚ ਲੜਦਿਆਂ ਵੀ ਉਹ ਆਪਣੇ ਘੋੜੇ ਤੋਂ ਉਤਰ ਕੇ ਨਮਾਜ਼ ਅਦਾ ਕਰਦਾ। ਉਸ ਦਾ ਪਹਿਰਾਵਾ ਬੜਾ ਸਾਦਾ ਸੀ। ਇਸਲਾਮੀ ਹਦਾਇਤਾਂ ਮੁਤਾਬਿਕ ਉਸ ਨੇ ਕਦੇ ਵੀ ਸੋਨੇ-ਚਾਂਦੀ ਦੇ ਜ਼ੇਵਰ ਅਤੇ ਸੁਨਹਿਰੀ ਕਢਾਈ ਵਾਲੀ ਪੁਸ਼ਾਕ ਧਾਰਨ ਨਹੀਂ ਕੀਤੇ।

ਪਰ ਅਫ਼ਸੋਸ ਕਿ ਇਸਲਾਮ ਪ੍ਰਤੀ ਉਸ ਦੀ ਨਿੱਜੀ ਆਸਥਾ ਉਸ ਦੀ ਸ਼ਾਸਨ-ਵਿਵਸਥਾ 'ਤੇ ਵੀ ਭਾਰੂ ਹੋਣ ਲੱਗੀ। ਉਸ ਨੇ ਮੁਗ਼ਲ ਸਾਮਰਾਜ ਨੂੰ ਇਸਲਾਮੀ ਕਿਰਦਾਰ 'ਚ ਢਾਲਣਾ ਸ਼ੁਰੂ ਕਰ ਦਿੱਤਾ। ਉਹ ਇਸਲਾਮ ਦੇ ਤੁਅੱਸਬੀ ਆਗੂਆਂ ਦਾ ਸਹਾਰਾ ਤਲਾਸ਼ ਕਰਨ ਲੱਗਾ। ਉਹ ਮਜ਼ਹਬ ਅਤੇ ਸਿਆਸਤ ਦਾ ਇੱਕ ਕੋਝਾ ਜਿਹਾ ਸੰਗਮ ਸਿਰਜ ਰਿਹਾ ਸੀ। ਜਿਸ ਕਦਰ ਉਸ ਨੇ ਮੁਗ਼ਲ ਸਲਤਨਤ ਦੇ ਤਖ਼ਤ ਨੂੰ ਹਥਿਆਇਆ, ਉਸ ਤੋਂ ਉਸ ਦੀ ਮਜ਼ਹਬੀ ਕੂਟਨੀਤੀ ਦੇ ਕਿਰਦਾਰ ਦਾ ਸੌਖਿਆਂ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਉਸ ਨੇ ਗ਼ੈਰ-ਇਸਲਾਮੀ ਮਜ਼ਹਬੀ ਅਦਾਰਿਆਂ ਨੂੰ ਢਾਹੁਣ ਦੇ ਸਰਕਾਰੀ ਹੁਕਮ ਜਾਰੀ ਕੀਤੇ। ਇੱਥੋਂ ਤੀਕ ਕਿ ਉਹ ਸ਼ੀਆ ਮੁਸਲਮਾਨਾਂ ਨੂੰ ਵੀ ਘਿਰਣਾ ਕਰਨ ਲੱਗਿਆ। ਉਸ ਨੇ ਆਪਣੇ ਹਮ-ਮਜ਼ਹਬ ਸੂਫ਼ੀ ਸਰਮਦ ਨੂੰ ਦਿੱਲੀ ਵਿਖੇ ਜਾਮਾ ਮਸਜਿਦ ਲਾਗੇ ਕਤਲ ਕਰਵਾਇਆ। ਅਜਿਹਾ ਹੀ ਸਲੂਕ ਉਸ ਨੇ ਆਪਣੇ ਭਰਾ ਦਾਰਾ ਸ਼ਿਕੋਹ ਨਾਲ ਕੀਤਾ। ਸਟੇਟ-ਪ੍ਰਸ਼ਾਸਨ ਦਾ ਹੱਦੋਂ ਵੱਧ ਕੇਂਦਰੀਕਰਨ, ਔਰੰਗਜ਼ੇਬ ਦੀ ਆਪਣੀ ਮਜ਼ਹਬੀ ਕੱਟੜਤਾ ਅਤੇ ਮਜ਼ਹਬ ਪ੍ਰਤੀ ਉਸ ਦੀ ਅਤਿ ਕਠੋਰ ਅਸੂਲਪ੍ਰਸਤੀ ਨੇ ਲੋਕਾਈ 'ਚ ਸਟੇਟ ਅਤੇ ਸਮਾਜ ਪ੍ਰਤੀ ਇੱਕ ਖ਼ਾਸ ਕਿਸਮ ਦੀ ਉਦਾਸੀਨਤਾ ਪੈਦਾ ਕਰ ਦਿੱਤੀ। ਇਸ ਮਨੋਵਿਕਾਰ ਨੇ ਲੋਕਾਂ ਦੇ ਆਪਸੀ ਇਖ਼ਲਾਕੀ ਰਿਸ਼ਤਿਆਂ 'ਤੇ ਮਾਰੂ ਅਸਰ ਪਾਇਆ ਜਿਸ ਕਾਰਨ ਖ਼ੁਦਗ਼ਰਜ਼ੀ, ਅਰਾਜਕਤਾ ਅਤੇ ਲੋਕਾਈ ਦਾ ਸ਼ੋਸ਼ਣ ਇੱਕ ਵਰਤਾਰੇ ਵਜੋਂ ਉਭਰਨ ਲੱਗਾ।

ਗੁਰੂ ਤੇਗ਼ ਬਹਾਦਰ ਜੀ 1670 ਤੋਂ ਬਾਅਦ ਮਾਲਵੇ ਦੇ ਖ਼ਿੱਤੇ 'ਚ ਅਜਿਹੇ ਸਮਾਜਿਕ-ਧਾਰਮਿਕ ਆਗੂ ਵਜੋਂ ਉਭਰ ਰਹੇ ਸਨ ਜਿਸ ਕੋਲ ਮੁਗ਼ਲ ਸਰਕਾਰ ਦੇ ਜਾਗੀਰਦਾਰਾਂ ਅਤੇ ਜ਼ਮੀਂਦਾਰਾਂ ਦੇ ਸਤਾਏ ਹੋਏ ਮਜ਼ਲੂਮ ਕਿਸਾਨ-ਲੋਕ ਫ਼ਰਿਆਦ ਲੈ ਕੇ ਆਉਂਦੇ ਸਨ। ਕਹਿਣ ਦਾ ਭਾਵ ਇਹ ਹੈ ਕਿ ਸਤਾਰਵੀਂ ਸਦੀ ਦੇ ਪੰਜਾਬ 'ਚ ਗੁਰੂ-ਘਰ ਜਾਤ-ਪਾਤ ਅਤੇ ਮਜ਼ਹਬ ਦੀਆਂ ਹੱਦਾਂ-ਸਰਹੱਦਾਂ ਤੋਂ ਪਾਰ ਇੱਕ ਪ੍ਰਭਾਵਸ਼ਾਲੀ ਸਮਾਜਿਕ ਅਤੇ ਰੂਹਾਨੀ ਸ਼ਕਤੀ ਵਜੋਂ ਵੀ ਦ੍ਰਿਸ਼ਟੀਗੋਚਰ ਹੋ ਰਿਹਾ ਸੀ। ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਦਾ ਸਿਧਾਂਤ ਪੁਰੋਹਿਤਵਾਦੀ ਜਮਾਤ ਨੂੰ ਵੰਗਾਰ ਰਿਹਾ ਸੀ। ਤਮਾਮ ਨੇਕ ਕ੍ਰਿਤਿਆਂ ਦਾ ਗੁਰੂ-ਘਰ 'ਚ ਗੌਰਵਮਈ ਸਥਾਨ ਸੀ।

ਗੁਰੂ ਤੇਗ਼ ਬਹਾਦਰ ਜੀ ਦਾ ਇਹ ਸਲੋਕ ਔਰੰਗਜ਼ੇਬ ਦੇ ਕਿਰਦਾਰ ਨੂੰ ਸਮਝਣ ਲਈ ਕਾਫ਼ੀ ਹੈ:

ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ॥
ਕਹੁ ਨਾਨਕ ਸੁਨ ਰੇ ਮਨਾ ਸੋ ਮੂਰਤਿ ਭਗਵਾਨ॥

ਜੇ ਔਰੰਗਜ਼ੇਬ ਦੀ ਤੁਅੱਸਬੀ ਅਤੇ ਪੱਖਪਾਤੀ ਸਿਆਸੀ ਵਿਚਾਰਧਾਰਾ ਗ਼ੈਰ-ਮੁਸਲਮਾਨ ਲੋਕਾਈ ਅਤੇ ਉਸ ਦੇ ਆਪਣੇ ਦਾਰਾ ਸ਼ਿਕੋਹ ਅਤੇ ਸਰਮਦ ਜਿਹੇ ਨਾਬਰ ਹਮ-ਮਜ਼ਹਬੀਆਂ 'ਤੇ ਜ਼ੁਲਮ ਕਰ ਰਹੀ ਸੀ, ਦੂਜੇ ਬੰਨੇ, ਗੁਰੂ ਸਹਿਬਾਨ ਦੀ ਤ੍ਰਿੰਝਣੀ ਅਤੇ ਬ੍ਰਹਿਮੰਡੀ ਚੇਤਨਾ ਆਪ ਨੂੰ ਕਸ਼ਮੀਰ ਤੋਂ ਆਪ ਦੇ ਦਰ 'ਤੇ ਪੰਡਤ ਕਿਰਪਾ ਰਾਮ ਦੀ ਅਗਵਾਈ 'ਚ ਆਏ ਬ੍ਰਾਹਮਣਾਂ ਦੇ ਜੰਞੂ ਅਤੇ ਤਿਲਕ ਦੀ ਸੁਰੱਖਿਆ ਲਈ ਦਿੱਤੇ ਜਾਣ ਵਾਲੀ ਕੁਰਬਾਨੀ ਵੱਲ ਪ੍ਰੇਰਿਤ ਕਰ ਰਹੀ ਸੀ। ਕਿਸੇ ਵੀ ਫ਼ਿਰਕੇ ਦੇ ਧਾਰਮਿਕ ਸਭਿਆਚਾਰ ਦੇ ਗੌਰਵ ਅਤੇ ਉਸ ਦੀ ਸ਼ਾਨੋ-ਸ਼ੌਕਤ ਦੀ ਰਾਖੀ ਲਈ ਗੁਰੂ ਸਹਿਬਾਨ ਦਾ ਅਜਿਹਾ ਦਲੇਰਾਨਾ ਕਦਮ ਬਾਬਾ ਨਾਨਕ ਦੇ ਉਸ ਮਹਾਵਾਕ ਦੀ ਪੈਦਾਇਸ਼ ਹੈ ਜੋ ਆਪ ਨੇ ਸੱਚਖੰਡ ਦੀ ਯਾਤਰਾ ਕਰਨ ਤੋਂ ਬਾਅਦ ਸੁਲਤਾਨਪੁਰ ਲੋਧੀ ਵੇਈਂ ਨਦੀ ਦੇ ਕੰਢੇ ਉਚਾਰਿਆ ਸੀ: ''ਨ ਕੋਈ ਹਿੰਦੂ ਨ ਕੋ ਮੁਸਲਮਾਨ।'' ਬਾਬਾ ਨਾਨਕ ਦੱਸ ਰਹੇ ਸਨ ਕਿ ਤਮਾਮ ਖ਼ਲਕ ਉਸ ਖ਼ਾਲਕ ਦਾ ਹੀ ਰੂਪ ਹੈ।

ਦਲੀਲ ਹੈ ਕਿ ਜੰਞੂ ਅਤੇ ਤਿਲਕ ਇਕ ਫ਼ਿਰਕਾ ਵਿਸ਼ੇਸ਼ ਦੇ ਸਭਿਆਚਾਰ ਦੇ ਉਹ ਪਾਕ ਪ੍ਰਤੀਕ ਸਨ ਜਿਨ੍ਹਾਂ ਨੂੰ ਤੁਅੱਸਬੀ ਵਿਚਾਰਧਾਰਾ ਦੀ ਹਿੰਸਾ ਤੋਂ ਬਚਾਉਣ ਦੀ ਲੋੜ ਸੀ। ਤ੍ਰਿੰਝਣੀ ਅਤੇ ਬ੍ਰਹਿਮੰਡੀ ਚੇਤਨਾ ਵਾਲੇ ਗੁਰੂ ਸਾਹਿਬ ਤੇਗ਼ ਬਹਾਦਰ ਜੀ ਕੋਲ ਜੇ ਇਸ ਕਿਸਮ ਦੀ ਸਭਿਆਚਾਰਕ ਸੁਰੱਖਿਆ ਲਈ ਮੁਸਲਮਾਨ ਵੀ ਫ਼ਰਿਆਦ ਕਰਦੇ ਤਾਂ ਵੀ ਆਪ ਦਾ ਹੁੰਗਾਰਾ ਅਜਿਹਾ ਹੀ ਹੋਣਾ ਸੀ। ਅਸਲ 'ਚ ਗੁਰੂ ਸਾਹਿਬ ਔਰੰਗਜ਼ੇਬ ਦੀ ਕੱਟੜਤਾ ਨੂੰ ਇੱਕ ਵਿਸ਼ਾਲ ਸੰਦਰਭ 'ਚ ਵਿਚਾਰ ਰਹੇ ਸਨ। ਇਸ ਮਸਲੇ ਨੂੰ ਆਪ ਬਹਾਦਰਗੜ੍ਹ (ਪਟਿਆਲਾ) ਦੇ ਸੈਫ-ਉ-ਦੀਨ ਅਲੀ ਖ਼ਾਨ, ਥਾਨੇਸਰ (ਕੁਰੂਕਸ਼ੇਤਰ) ਦੇ ਸੱਯਦ ਭੀਖਣ ਸ਼ਾਹ, ਸਮਾਣਾ ਦੇ ਹਾਫ਼ਿਜ਼ ਉੱਲ੍ਹਾ ਅਤੇ ਮੁਹੰਮਦ ਬਖ਼ਸ਼ ਜਿਹੇ ਵਜੂਦੀ ਦਾਨਿਸ਼ਵਰਾਂ (ਉਹ ਸੂਫ਼ੀ ਜਿਨ੍ਹਾਂ ਦਾ 'ਵਜੂਦ ਦੀ ਏਕਤਾ' ਦੇ ਸਿਧਾਂਤ 'ਚ ਅਕੀਦਾ ਸੀ) ਨਾਲ ਸਾਂਝਾ ਕਰ ਰਹੇ ਸਨ। ਕਹਿਣ ਦਾ ਭਾਵ ਇਹ ਹੈ ਕਿ ਗੁਰੂ ਸਾਹਿਬ ਦੀ ਸ਼ਹਾਦਤ ਦਾ ਬੁਨਿਆਦੀ ਕਾਰਨ ਕੇਵਲ ਕਸ਼ਮੀਰੀ ਪੰਡਤਾਂ ਦੇ ਜੰਞੂ ਅਤੇ ਤਿਲਕ ਤੀਕ ਹੀ ਸੀਮਿਤ ਨਹੀਂ ਸੀ। ਦਾਰਾ ਸ਼ਿਕੋਹ ਅਤੇ ਸਰਮਦ ਸੂਫ਼ੀ ਹੋਰਾਂ ਦੀਆਂ ਕੁਰਬਾਨੀਆਂ ਵੀ ਔਰੰਗਜ਼ੇਬ ਦੀ ਕੱਟੜਤਾ ਦੇ ਤਾਰੀਖ਼ੀ ਸਬੂਤ ਸਨ। ਇਸਲਾਮ ਦੇ 'ਤੌਹੀਦ' (ਖ਼ੁਦਾ ਦੇ ਇੱਕ ਹੋਣ 'ਤੇ ਯਕੀਨ ਕਰਨਾ) ਦੇ ਸੰਕਲਪ, ਜਿਸ ਨੂੰ ਔਰੰਗਜ਼ੇਬ ਨੇ ਦਰਕਿਨਾਰ ਕੀਤਾ ਹੋਇਆ ਸੀ ਅਤੇ ਗੁਰੂ-ਘਰ 'ਚ ਰੁਮਕਦੇ ਬਾਬਾ ਨਾਨਕ ਦੇ 'ਮੂਲ ਮੰਤਰ' ਦਰਮਿਆਨ ਕੋਈ ਬੁਨਿਆਦੀ ਫ਼ਰਕ ਨਹੀਂ ਸੀ। 'ਰੱਬ ਨੂੰ ਇੱਕ ਜਾਣਨ' (ਭਾਵ ਤੌਹੀਦ ਅਤੇ ੴ) ਦੇ ਸਿਧਾਂਤ ਨੂੰ ਬਾਬਾ ਨਾਨਕ ਨੇ ਰਿਗਵੇਦ ਦੇ ਹਵਾਲੇ ਨਾਲ ਵੀ ਪੁਖ਼ਤਾ ਕੀਤਾ: ''ਰਿਗੁ ਕਹੈ ਰਹਿਆ ਭਰਪੂਰਿ॥''

ਮਨੁੱਖਤਾ ਲਈ ਪਿਆਰ, ਮਨੁੱਖਤਾ ਦੇ ਖ਼ਾਲਕ ਤੋਂ ਪ੍ਰੇਰਿਤ ਹੈ ਜਿਸ ਨੂੰ ਗੁਰੂ-ਘਰ 'ਚ 'ਮਹਿਬੂਬ, ਖ਼ਸਮ, ਪ੍ਰੀਤਮ, ਯਾਰ' ਜਿਹੇ ਸਮਾਜਿਕ ਰਿਸ਼ਤਿਆਂ ਨਾਲ ਸੰਬੋਧਨ ਕੀਤਾ ਜਾਂਦਾ ਹੈ। ਖ਼ਾਲਕ ਨਾਲ ਅਜਿਹੇ ਮੁਹੱਬਤ ਵਾਲੇ ਸਮਾਜਿਕ ਰਿਸ਼ਤਿਆਂ ਨੂੰ ਬਾਬਾ ਨਾਨਕ ਦੀ ਉਸ ਚੇਤਾਵਨੀ ਤੋਂ ਬਗੈਰ ਨਹੀਂ ਵਿਚਾਰਿਆ ਜਾ ਸਕਦਾ ਜਿਸ ਬਾਰੇ ਆਪ ਫ਼ਰਮਾਂਦੇ ਹਨ:

''ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥''

ਗੁਰੂ ਤੇਗ਼ ਬਹਾਦਰ ਜੀ ਨੇ ਬਾਬਾ ਨਾਨਕ ਦੇ ਇਸ ਵਾਕ ਨੂੰ ਸਿਜਦਾ ਕੀਤਾ ਅਤੇ ਕੁਰਬਾਨੀ ਦੇ ਪੈਂਡੇ ਬੜੀ ਸ਼ਾਨ-ਸ਼ੌਕਤ ਨਾਲ ਟੁਰ ਪਏ। ਜੰਞੂ ਅਤੇ ਤਿਲਕ ਦੀ ਰੱਖਿਆ ਲਈ ਸ਼ਹੀਦ ਹੋਣ ਜਾ ਰਹੇ ਗੁਰੂ ਜੀ ਨੂੰ ਆਪਣੇ ਦਾਦਾ ਗੁਰੂ ਅਰਜਨ ਦੇਵ ਜੀ ਦੇ ਸ਼ਬਦ ਬਾਖ਼ੂਬੀ ਚੇਤੇ ਸਨ:

ਆਪਹਿ ਏਕ ਆਪਹਿ ਅਨੇਕ॥
ਮਰੈ ਨ ਬਿਨਸੈ ਆਵੈ ਨ ਜਾਇ॥
ਨਾਨਕ ਸਦ ਹੀ ਰਹਿਆ ਸਮਾਇ॥

ਔਰੰਗਜ਼ੇਬ, ਜੋ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਲੰਮਾ ਵਕਤ, ਜਿਵੇਂ ਮੈਂ ਦੱਸਿਆ, ਕੁਰਆਨ ਸ਼ਰੀਫ਼ ਦੀਆਂ ਪ੍ਰਤਿਲਿਪੀਆਂ ਲਿਖਣ ਅਤੇ ਇਬਾਦਤ ਸਮੇਂ ਸਿਰ ਕੱਜਣ ਵਾਲੀਆਂ ਟੋਪੀਆਂ ਸਿਉਣ 'ਚ ਗੁਜ਼ਾਰਦਾ ਸੀ, ਨੂੰ ਇਸ ਗੱਲ ਦਾ ਇਲਮ ਨਹੀਂ ਸੀ ਕਿ ਕੁਰਆਨ ਸ਼ਰੀਫ਼ 'ਚ ਦਰਜ ਹੈ:

ਅੰਬਰਾਂ ਅਤੇ ਧਰਤੀ ਦੀ ਰਚਨਾ, ਅਤੇ ਤੁਹਾਡੀਆਂ ਜ਼ੁਬਾਨਾਂ ਅਤੇ ਰੰਗਾਂ (ਰੰਗ-ਰੂਪ) ਦੀ ਵੰਨ-ਸੁਵੰਨਤਾ ਉਸ (ਅਲਹ) ਦੀਆਂ ਨਿਸ਼ਾਨੀਆਂ .ਪ੍ਰਤੀਕ॥ 'ਚੋਂ ਹੀ ਹਨ।

ਇਬਨੇ ਅਰਬੀ ਦੇ 'ਵਜੂਦ ਦੀ ਏਕਤਾ' (ਵਹਿਦਤ ਅਲ ਵਜੂਦ) ਦੇ ਮਾਅਨੇ ਹੋਰ ਜ਼ਿਆਦਾ ਸਪਸ਼ਟ ਹੋ ਜਾਂਦੇ ਹਨ, ਜਦ ਅਸੀਂ ਕੁਰਆਨ ਸ਼ਰੀਫ਼ ਦੀ ਇਸ ਆਇਤ ਨੂੰ ਪੜ੍ਹਦੇ ਹਾਂ:

ਤੁਸੀਂ ਜਿਸ ਪਾਸੇ ਵੱਲ ਵੇਖੋ ਅੱਲ੍ਹਾ ਦਾ ਚਿਹਰਾ ਉਧਰ ਹੀ ਹੈ (ਅੱਲ੍ਹਾ ਚਾਰੋਂ ਤਰਫ਼ ਹਾਜ਼ਰ ਹੈ)॥

ਮਤਲਬ ਸਾਫ਼ ਹੈ ਕਿ ਖ਼ਾਲਕ ਨੂੰ ਉਸ ਦੀ ਖ਼ਲਕ/ਰਚਨਾ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਉਸ (ਰੱਬ) ਦੀਆਂ ਨਿਸ਼ਾਨੀਆਂ/ਝਲਕਾਂ ਹਰ ਥਾਂ ਅਤੇ ਹਰ ਇੱਕ ਸ਼ੈਅ 'ਚ ਮੌਜੂਦ ਹਨ। ਤਮਾਮ ਵਜੂਦ ਉਸ ਦਾ ਹੀ ਵਜੂਦ ਹਨ। ਇੱਕ ਜ਼ੱਰੇ (ਅਣੂ) ਦੇ ਵਜੂਦ ਦੇ ਭੇਤ ਦਾ ਗਿਆਨ ਰੱਬ ਦੀ ਤਮਾਮ ਰਚਨਾ ਦੇ ਭੇਤ ਨੂੰ ਸਮਝਣ ਲਈ ਕਾਫ਼ੀ ਹੈ। ਇਬਨੇ ਅਰਬੀ ਦੀ ਦਲੀਲ ਹੈ ਕਿ ਅਸੀਂ ਲੋਕ ਉਸ ਖ਼ਾਲਕ ਦਾ ਜ਼ਾਹਰੀ ਰੂਪ ਹਾਂ। ਇਸ ਲਈ 'ਵਾਸਤਵਿਕਤਾ/ਹਕੀਕਤ, ਇੱਕੋ ਵੇਲੇ 'ਇੱਕ' ਅਤੇ 'ਅਨੇਕ' ਹੈ।

ਗੁਰੂ ਤੇਗ਼ ਬਹਾਦਰ ਜੀ ਨੇ ਆਪਣਾ ਸੀਸ ਬੜੀ ਹੀ ਸੰਜੀਦਗੀ ਨਾਲ ਆਪਣੀ ਦੇਹ ਤੋਂ ਵੱਖ ਕਰਵਾਇਆ। ਆਪ ਦਾ ਵਾਕ 'ਸਿਰਰੁ ਨ ਦੀਆ' ਆਪ ਦੇ ਰਹੱਸਵਾਦੀ ਸਰੂਰ ('ਅੰਤਰ ਪਰਗਾਸੁ ਹਰਿ ਨਾਮੁ ਧਿਆਵੈ') ਦਾ ਸਬੂਤ ਸੀ। ਗੁਰੂ ਸਾਹਿਬਾਨ ਮੁਤਾਬਿਕ ਔਰੰਗਜ਼ੇਬ ਦੀ ਇਹ ਮੰਗ ਕਿ 'ਜਾਂ ਤਾਂ ਮੈਂ ਕੋਈ ਕਰਾਮਾਤ ਕਰ ਵਿਖਾਵਾਂ, ਜਾਂ ਮੌਤ ਦਾ ਸਾਹਮਣਾ ਕਰਾਂ' ਇੱਕ ਕਿਸਮ ਦੀ ਸੌਦੇਬਾਜ਼ੀ ਸੀ ਜੋ ਬਾਦਸ਼ਾਹ ਦੇ ਅਤੇ ਗੁਰੂ ਦੋਵਾਂ ਦੇ ਪੱਖ ਤੋਂ ਬੇਹੱਦ ਅਨੈਤਿਕ ਅਤੇ ਸ਼ਰਮਨਾਕ ਸੀ। ਔਰੰਗਜ਼ੇਬ ਨੂੰ ਤਾਂ ਇਸ ਗੱਲ ਦਾ ਅਹਿਸਾਸ ਨਹੀਂ ਸੀ, ਪਰ ਗੁਰੂ ਸਾਹਿਬ ਨੂੰ ਇਹ ਅਹਿਸਾਸ ਸੀ ਕਿ ਕੌਤਕ ਜਾਂ ਕਰਾਮਾਤਾਂ ਮੁਕਾਬਲੇਬਾਜ਼ੀ ਨਹੀਂ ਹੁੰਦੀਆਂ। ਬਚਿੱਤਰ ਨਾਟਕ 'ਚ ਗੁਰੂ ਗੋਬਿੰਦ ਸਿੰਘ ਜੀ ਫ਼ਰਮਾਉਂਦੇ ਹਨ:

ਨਾਟਕ ਚੇਟਕ ਕੀਏ ਕੁਕਾਜਾ॥ ਪ੍ਰਭ ਲੋਗਨ ਕਹ ਆਵਤ ਲਾਜਾ॥

ਆਪਣੇ ਪਿਤਾ ਦੀ ਸ਼ਹਾਦਤ ਦਾ ਜ਼ਿਕਰ ਕਰਦਿਆਂ ਦਸਵੇਂ ਗੁਰੂ, ਬਾਦਸ਼ਾਹ ਔਰੰਗਜ਼ੇਬ ਨੂੰ ਮਹਿਜ਼ ਇੱਕ ਪੱਥਰ ਜਾਂ ਇੱਟ ਹੀ ਸਮਝਦੇ ਹਨ ਜਿਸ 'ਤੇ ਫੌਤ ਹੋਏ ਇਨਸਾਨ ਦੀ ਮ੍ਰਿਤਕ ਦੇਹ ਦੇ ਪ੍ਰਤੀਕ 'ਘੜੇ' ਨੂੰ ਤੋੜਿਆ ਜਾਂਦਾ ਹੈ:

ਠੀਕਰ ਫੋਰਿ ਦਿਲੀਸ ਸਿਰਿ ਪ੍ਰਭੁ ਪੁਰ ਕੀਯਾ ਪਯਾਨ।
ਤੇਗ਼ ਬਹਾਦਰ ਸੀ ਕ੍ਰਿਆ ਕਰੀ ਨਾ ਕਿਨਹੂੰ ਆਨਿ।
ਤੇਗ਼ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ।
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰਲੋਕਿ।

ਔਰੰਗਜ਼ੇਬ ਨੇ ਇਸਲਾਮ ਦੇ ਤਿੰਨ ਬੁਨਿਆਦੀ ਪਹਿਲੂਆਂ ਨੂੰ ਦਰਕਿਨਾਰ ਕੀਤਾ ਹੋਇਆ ਸੀ: (ੳ) ਨਿਮਰਤਾ (ਇਸਲਾਮ ਦਾ ਅਰਥ ਹਲੀਮੀ ਹੁੰਦਾ ਹੈ), (ਅ) ਇਮਾਨ ਅਤੇ (ੲ) ਨੇਕੀ/ਉਪਕਾਰ ਕਰਨਾ। ਦਸਮ ਪਾਤਸ਼ਾਹ ਜ਼ਫ਼ਰਨਾਮਾ 'ਚ ਲਿਖਦੇ ਹਨ:

ਸ਼ਹਿਨਸ਼ਾਹ ਔਰੰਗਜ਼ੇਬ ਆਲਮੀ॥
ਕਿ ਦਾਰਾਇ ਦੌਰ ਅਸਤੁ ਦੂਰ ਅਸਤ ਦੀਂ॥

ਭਾਵ, ਔਰੰਗਜ਼ੇਬ ਦੀ ਹਕੂਮਤ ਅਤੇ ਉਸ ਦਾ ਬੋਲਬਾਲਾ ਦੂਰ-ਦੂਰ ਤੀਕ ਫੈਲਿਆ ਹੋਇਆ ਹੈ। ਬੇਸ਼ੱਕ ਉਹ ਸਮੇਂ ਦਾ ਬਾਦਸ਼ਾਹ ਹੈ, ਐਪਰ ਉਹ ਅਸਲ ਧਰਮ ਤੋਂ ਬਹੁਤ ਦੂਰ ਹੈ। ਔਰੰਗਜ਼ੇਬ ਦੀ ਅਜਿਹੀ ਅਗਿਆਨਤਾ/ਗ਼ਫ਼ਲਤ ਦੇ ਕਾਰਨ ਦੀ ਸਮਝ ਗੁਰੂ ਤੇਗ਼ ਬਹਾਦਰ ਜੀ ਦੇ ਇਸ ਸਲੋਕ ਤੋਂ ਆਉਂਦੀ ਹੈ:

ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ॥
ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ॥

ਜੇ ਨੌਵੇਂ ਗੁਰੂ ਦੀ ਸ਼ਹੀਦੀ ਦੇ ਇਤਿਹਾਸ ਨੂੰ ਵਿਸਥਾਰ 'ਚ ਫਰੋਲੀਏ ਤਾਂ ਮਾਲੂਮ ਹੁੰਦਾ ਹੈ ਕਿ ਗੁਰੂ ਸਾਹਿਬ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੀ ਸ਼ਹੀਦੀ ਨੇ ਹਰ ਵਰਗ ਦੇ ਲੋਕਾਂ - ਮੁਸਲਮਾਨਾਂ, ਬ੍ਰਾਹਮਣਾਂ, ਖੱਤਰੀਆਂ ਅਤੇ ਦਲਿਤਾਂ - ਨੂੰ ਆਪਣੀ ਅਤੇ ਦੂਜਿਆਂ ਦੇ ਧਰਮਾਂ/ਸਭਿਆਚਾਰਾਂ ਦੀ ਆਜ਼ਾਦੀ ਨੂੰ ਬਰਕਰਾਰ ਰੱਖਣ ਲਈ ਪ੍ਰੇਰਿਆ। ਇਨ੍ਹਾਂ ਵਰਗਾਂ ਦੇ ਲੋਕਾਂ ਨੂੰ ਵੀ ਗੁਰੂ ਸਾਹਿਬ ਦੇ ਸੰਗ ਸ਼ਹੀਦ ਹੋਣ ਦਾ ਸੁਭਾਗ ਮਿਲਿਆ। ਵਾਕਈ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਕੇਵਲ ਜੰਞੂ ਅਤੇ ਤਿਲਕ ਦੀ ਰੱਖਿਆ ਤੀਕ ਹੀ ਸੀਮਿਤ ਨਹੀਂ ਸੀ। ਇਸ ਕੁਰਬਾਨੀ ਦਾ ਕਿਰਦਾਰ ਅਤੇ ਰੁਤਬਾ 'ਹਿੰਦੋਸਤਾਨੀ' ਸੀ/ਹੈ। ਅਜਿਹੇ ਹੀ ਹਿੰਦੋਸਤਾਨ 'ਚ ਹਰ ਮਜ਼ਹਬ, ਕੌਮ, ਜਾਤੀ, ਫ਼ਿਰਕੇ, ਅਤੇ ਵੱਖ-ਵੱਖ ਜ਼ੁਬਾਨਾਂ ਬੋਲਦੀ ਅਤੇ ਵੰਨ-ਸੁਵੰਨੇ ਸਭਿਆਚਾਰਾਂ ਨੂੰ ਹੰਢਾਉਂਦੀ ਲੋਕਾਈ ਵੀ ਹੈ ਜਿਸ ਨੂੰ ਮੈਂ 'ਤ੍ਰਿੰਝਣੀ ਸਮਾਜ' ਆਖਦਾ ਹਾਂ। ਇਸ ਤ੍ਰਿੰਝਣੀ ਸਮਾਜ ਦੀ ਸੁਰੱਖਿਆ ਅਤੇ ਤਰੱਕੀ ਲਈ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦਿਨ-ਬ-ਦਿਨ ਸਾਨੂੰ ਸੁਚੇਤ ਕਰ ਰਹੀ ਹੈ।

# ਮੁਹਾਲੀ ਧਮਾਕਾ: ਦਰਜਨ ਦੇ ਕਰੀਬ ਵਿਅਕਤੀ ਹਿਰਾਸਤ 'ਚ ਲਏ

ਮੁਹਾਲੀ- ਇਥੋਂ ਦੇ ਸੈਕਟਰ-77 ਸਥਿਤ ਪੰਜਾਬ ਪੁਲੀਸ ਦੇ ਇੰਟੈਲੀਜੈਂਸ ਵਿੰਗ ਦੇ ਮੁੱਖ ਦਫ਼ਤਰ ਦੀ ਇਮਾਰਤ 'ਤੇ ਸੋਮਵਾਰ ਰਾਤ ਨੂੰ ਹਮਲੇ ਦੇ ਕਰੀਬ 16 ਘੰਟੇ ਬਾਅਦ ਪੁਲੀਸ ਨੇ ਦਰਜਨ ਦੇ ਕਰੀਬ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਹੈ। ਇਸ ਹਮਲੇ ਬਾਰੇ ਦੂਜੇ ਦਿਨ ਵੀ ਪੰਜਾਬ ਪੁਲੀਸ ਦਾ ਵੱਡਾ ਅਤੇ ਛੋਟਾ ਅਧਿਕਾਰੀ ਕੁੱਝ ਵੀ ਬੋਲਣ ਤੋਂ ਕਤਰਾ ਰਿਹਾ ਹੈ। ਉਂਝ ਪੁਲੀਸ ਨੇ ਇੰਟੈਲੀਜੈਂਸ ਵਿੰਗ ਦਫ਼ਤਰ ਦੇ ਨੇੜਲੇ ਮੋਬਾਈਲ ਟਾਵਰਾਂ ਦੀ ਰੇਂਜ ਵਾਲੇ ਕਰੀਬ 7 ਹਜ਼ਾਰ ਮੋਬਾਈਲ ਫੋਨਾਂ ਦਾ ਡੰਪ ਚੁੱਕਿਆ ਅਤੇ ਦਿਨ ਵੇਲੇ ਇਸ ਖੇਤਰ ਵਿੱਚ ਜ਼ਿਆਦਾ ਸਮਾਂ ਰਹੇ ਵਿਅਕਤੀਆਂ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖਿਆ ਜਾ ਰਿਹਾ ਹੈ। ਮੁੱਢਲੀ ਜਾਂਚ ਵਿੱਚ ਸੀਸੀਟੀਵੀ ਫੁਟੇਜ ਵਿੱਚ ਸ਼ੱਕੀ ਸਵਿਫਟ ਕਾਰ ਵੀ ਇੰਟੈਲੀਜੈਂਸ ਵਿੰਗ ਦੇ ਨੇੜੇ ਤੇੜੇ ਗੇੜੇ ਮਾਰਦੀ ਨਜ਼ਰ ਆ ਰਹੀ ਹੈ। ਇਸ ਕਾਰ ਵਿੱਚ ਤਿੰਨ ਚਾਰ ਵਿਅਕਤੀ ਸਵਾਰ ਦੱਸੇ ਜਾ ਰਹੇ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਵਾਰਦਾਤ ਨੂੰ ਅੰਜਾਮ ਦੇਣ ਤੋਂ ਪਹਿਲਾਂ ਰੇਕੀ



ਕੀਤੀ ਗਈ ਸੀ। ਇਸ ਹਮਲੇ ਤੋਂ ਬਾਅਦ ਮੁਹਾਲੀ ਕੌਮਾਂਤਰੀ ਏਅਰਪੋਰਟ ਅਤੇ ਰੇਲਵੇ ਸਟੇਸ਼ਨ 'ਤੇ ਵੀ ਸੁਰੱਖਿਆ ਵਧਾਈ ਗਈ ਹੈ। ਫੋਰੈਂਸਿਕ ਟੀਮਾਂ ਨੂੰ ਵੀ ਸੱਦ ਕੇ ਸੈਂਪਲ ਲਏ ਗਏ ਹਨ।

# ਚੁਣੌਤੀਆਂ ਤੇ ਉਮੀਦਾਂ ਦਰਮਿਆਨ ਦੁਨੀਆਂ ਦਾ ਅਰਥਚਾਰਾ



ਧਰਮਕੀਰਤੀ ਜੋਸ਼ੀ

ਕੋਰੋਨਾ ਦੀ ਕੌਮਾਂਤਰੀ ਮਹਾਮਾਰੀ ਤੋਂ ਬਾਅਦ ਰੂਸ ਤੇ ਯੂਕਰੇਨ ਦੇ ਯੁੱਧ ਨੇ ਆਲਮੀ ਅਰਥਚਾਰੇ ਸਾਹਮਣੇ ਜੋ ਚੁਣੌਤੀਆਂ ਵਧਾਈਆਂ ਹਨ, ਉਨ੍ਹਾਂ ਤੋਂ ਭਾਰਤ ਵੀ ਅਛੂਤਾ ਨਹੀਂ ਹੈ। ਮਹਾਮਾਰੀ ਤੋਂ ਬਾਅਦ ਆਰਥਿਕ ਮੋਰਚੇ 'ਤੇ ਹੋ ਰਹੇ ਸੁਧਾਰ ਦੀ ਰਫ਼ਤਾਰ 'ਤੇ ਇਸ ਯੁੱਧ ਨੇ ਇਕ ਤਰ੍ਹਾਂ ਨਾਲ ਬ੍ਰੇਕ ਲਾਉਣ ਦਾ ਕੰਮ ਕੀਤਾ ਹੈ। ਆਰਥਿਕ ਵਿਕਾਸ ਨੂੰ ਪ੍ਰਭਾਵਿਤ ਕਰਨ ਤੋਂ ਜ਼ਿਆਦਾ ਇਸ ਨੇ ਮਹਿੰਗਾਈ ਦੀ ਅੱਗ ਨੂੰ ਭੜਕਾਉਣ ਦਾ ਕੰਮ ਕੀਤਾ ਹੈ।

ਕੇਵਲ ਖਾਣ-ਪੀਣ ਦੀਆਂ ਵਸਤੂਆਂ ਤੋਂ ਲੈ ਕੇ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਹੀ ਨਹੀਂ ਸਗੋਂ ਕੋਰ ਇਨਫਲੇਸ਼ਨ ਯਾਨੀ ਸਮੁੱਚੀ ਮੁਦਰਾ ਸਫੀਤੀ 'ਚ ਤੇਜ਼ੀ ਦਾ ਰੁਝਾਨ ਦਿਸ ਰਿਹਾ ਹੈ। ਕੱਚੇ ਮਾਲ ਦੀ ਲਾਗਤ ਵਧਣ ਨਾਲ ਤਮਾਮ ਕੰਪਨੀਆਂ ਨੂੰ ਉਤਪਾਦਾਂ ਦੀਆਂ ਕੀਮਤਾਂ 'ਚ ਵਾਧੇ ਲਈ ਮਜਬੂਰ ਹੋਣਾ ਪਿਆ ਹੈ, ਜਿਸ ਦਾ ਬੋਝ ਆਖ਼ਰ ਖਪਤਕਾਰਾਂ 'ਤੇ ਹੀ ਪਵੇਗਾ। ਯੁੱਧ ਕਾਰਨ ਕੋਲੇ ਤੇ ਗੈਸ ਦੀ ਸਪਲਾਈ ਪ੍ਰਭਾਵਿਤ ਹੋਣ ਦਾ ਅਸਰ ਦੇਸ਼ ਦੇ ਤਮਾਮ ਇਲਾਕਿਆਂ 'ਚ ਬਿਜਲੀ ਸੰਕਟ ਦੇ ਰੂਪ 'ਚ ਦੇਖਣ ਨੂੰ ਮਿਲ ਰਿਹਾ ਹੈ। ਤਪਦੀ ਗਰਮੀ ਦੇ ਦੌਰ 'ਚ ਬਿਜਲੀ ਦੀ ਕਿੱਲਤ ਤੋਂ ਲੋਕ ਪਰੇਸ਼ਾਨ ਹਨ। ਇਸ ਯੁੱਧ ਨੇ ਆਰਥਿਕ ਮੋਰਚੇ 'ਤੇ ਸਮੱਸਿਆਵਾਂ ਵਧਾਉਣ ਤੋਂ ਲੈ ਕੇ ਆਮ ਜਨਜੀਵਨ ਉੱਤੇ ਵੀ ਉਲਟਾ ਅਸਰ ਪਾਇਆ ਹੈ।

ਮੌਜੂਦਾ ਸਮੇਂ 'ਚ ਭਾਰਤੀ ਅਰਥਚਾਰਾ ਜਿਨ੍ਹਾਂ ਚੁਣੌਤੀਆਂ ਨਾਲ ਦੋ-ਚਾਰ ਹੋ ਰਿਹਾ ਹੈ, ਉਨ੍ਹਾਂ 'ਚ ਮਹਿੰਗਾਈ ਸਭ ਤੋਂ ਉੱਪਰ ਹੈ। ਇਹ ਸੁਭਾਵਿਕ ਵੀ ਹੈ ਕਿਉਂਕਿ ਮਹਿੰਗਾਈ ਗ਼ਰੀਬ ਆਦਮੀ 'ਤੇ ਸਭ ਤੋਂ ਜ਼ਿਆਦਾ ਅਸਰ ਪਾਉਂਦੀ ਹੈ। ਗ਼ਰੀਬਾਂ ਦੀ ਆਮਦਨੀ ਦਾ ਵੱਡਾ ਹਿੱਸਾ ਰੋਜ਼ਮੱਰ੍ਹਾ ਦੀਆਂ ਜ਼ਰੂਰਤਾਂ ਖ਼ਾਸ ਕਰਕੇ ਖਾਣ-ਪੀਣ 'ਤੇ ਖ਼ਰਚਾ ਹੁੰਦਾ ਹੈ ਤਾਂ ਖ਼ੁਰਾਕੀ ਮਹਿੰਗਾਈ ਵਧਣ ਨਾਲ ਉਨ੍ਹਾਂ ਦੀ ਬੱਚਤ 'ਚ ਸੰਨ੍ਹ ਲੱਗਦੀ ਹੈ। ਬੁਨਿਆਦੀ ਜ਼ਰੂਰਤਾਂ ਦੀ ਪੂਰਤੀ ਤੋਂ ਬਾਅਦ ਇਨ੍ਹਾਂ ਕੋਲ ਡਿਸਪੋਜ਼ਬਲ ਇਨਕਮ ਯਾਨੀ ਹੋਰ ਮਦਾਂ 'ਚ ਖ਼ਰਚ ਕਰਨ ਲਈ ਓਨੀ ਰਕਮ ਬਾਕੀ ਨਹੀਂ ਰਹਿ ਜਾਂਦੀ।

ਮਹਿੰਗਾਈ ਦੀ ਇਸ ਗੰਭੀਰ ਹੁੰਦੀ ਸਮੱਸਿਆ ਦਾ ਹੀ ਅਸਰ ਹੈ ਕਿ ਕੇਂਦਰੀ ਬੈਂਕ ਤੇ ਸਰਕਾਰ ਦੋਵੇਂ ਪੱਧਰਾਂ 'ਤੇ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਹਨ। ਭਾਰਤੀ ਰਿਜ਼ਰਵ ਬੈਂਕ ਨੇ ਜੂਨ 'ਚ ਵਿਆਜ ਦਰਾਂ ਵਧਾਉਣ ਦੇ ਸੰਕੇਤ ਦਿੱਤੇ ਹਨ। ਇਸ ਸੰਕੇਤ ਨੂੰ ਸਮਝਦਿਆਂ ਕੁਝ ਬੈਂਕਾਂ ਨੇ ਵਿਆਜ ਦਰਾਂ ਨੂੰ ਵਧਾਉਣਾ ਵੀ ਸ਼ੁਰੂ ਕਰ ਦਿੱਤਾ ਹੈ। ਕੇਂਦਰ ਸਰਕਾਰ ਨੇ ਮੁਫ਼ਤ ਰਾਸ਼ਨ ਯੋਜਨਾ ਦੀ ਮਿਆਦ ਨੂੰ ਹੋਰ ਅੱਗੇ ਵਧਾ ਦਿੱਤਾ ਹੈ ਤਾਂ ਕਿ ਲੋਕਾਂ ਨੂੰ ਰਾਹਤ ਮਿਲ ਸਕੇ। ਇਨ੍ਹਾਂ ਕਦਮਾਂ ਨਾਲ ਮਾਲੀਏ ਦੇ ਗਣਿਤ ਦਾ ਵਿਗੜਨਾ ਤੈਅ ਹੈ ਕਿਉਂਕਿ ਸਰਕਾਰੀ ਖ਼ਜ਼ਾਨੇ 'ਤੇ ਖ਼ੁਰਾਕ ਸਬਸਿਡੀ ਦਾ ਬੋਝ ਹੋਰ ਵਧੇਗਾ। ਇਸੇ ਸਥਿਤੀ 'ਚ ਸਰਕਾਰ ਨੂੰ ਖਾਦ ਸਬਸਿਡੀ 'ਚ ਵੀ ਦੁੱਗਣਾ ਵਾਧਾ ਕਰਨਾ ਪਿਆ ਹੈ।

ਇਸ ਸਮੇਂ ਮਹਿੰਗਾਈ ਕੇਵਲ ਭਾਰਤ ਦੀ ਸਮੱਸਿਆ ਨਹੀਂ ਹੈ। ਪੂਰੀ ਦੁਨੀਆ ਇਸ ਨਾਲ ਜੂਝ ਰਹੀ ਹੈ। ਇੱਥੋਂ ਤਕ ਕਿ ਪੱਛਮ ਦੇ ਜੋ ਦੇਸ਼ ਮੁਦਰਾ ਸਫੀਤੀ ਲਈ ਵੱਧ ਤੋਂ ਵੱਧ ਦੋ ਫ਼ੀਸਦੀ ਦਾ ਟੀਚਾ ਤੈਅ ਕਰਦੇ ਸਨ, ਉੱਥੇ ਵੀ ਉਹ ਇਸ ਦਾਇਰੇ 'ਚੋਂ ਬਾਹਰ ਨਿਕਲਦੀ ਦਿਸ ਰਹੀ ਹੈ। ਇਨ੍ਹਾਂ ਸਥਿਤੀਆਂ ਕਾਰਨ ਹੀ ਅਮਰੀਕੀ ਫੈਡਰਲ ਰਿਜ਼ਰਵ ਵੱਲੋਂ ਨਰਮ ਵਿਆਜ ਦਰਾਂ ਦੀ ਨੀਤੀ ਨੂੰ ਤਿਲਾਂਜਲੀ ਦੇਣ ਨਾਲ ਅਮਰੀਕਾ 'ਚ ਵਿਆਜ ਦਰਾਂ 'ਚ ਵਾਧੇ ਦੇ ਦੌਰ ਦੀ ਵਾਪਸੀ ਹੁੰਦੀ ਦਿਸ ਰਹੀ ਹੈ। ਇਸ ਦਾ ਅਸਰ ਭਾਰਤ ਸਮੇਤ ਦੁਨੀਆ ਭਰ ਦੇ ਉੱਭਰਦੇ ਹੋਏ ਅਰਥਚਾਰੇ 'ਤੇ ਦੇਖਣ ਨੂੰ ਮਿਲ ਸਕਦਾ ਹੈ।

ਅਮਰੀਕਾ 'ਚ ਵਿਆਜ ਦਰਾਂ ਵਧਣ ਨਾਲ ਵਿਦੇਸ਼ੀ ਸੰਸਥਾਗਤ ਨਿਵੇਸ਼ਕ ਇਨ੍ਹਾਂ ਬਾਜ਼ਾਰਾਂ 'ਚੋਂ ਪੂੰਜੀ ਸਮੇਟ ਕੇ ਵਾਪਸ ਅਮਰੀਕਾ 'ਚ ਲਾਉਣਗੇ, ਜੋ ਉਨ੍ਹਾਂ ਲਈ ਸੁਰੱਖਿਅਤ ਦਾਅ ਹੋਵੇਗਾ। ਇਸ ਨਾਲ ਭਾਰਤ ਸਮੇਤ ਹੋਰ ਉੱਭਰਦੇ ਅਰਥਚਾਰਿਆਂ ਦੇ ਬਾਜ਼ਾਰਾਂ 'ਚ ਪੂੰਜੀ ਦਾ ਪਲਾਇਨ ਦੇਖਣ ਨੂੰ ਮਿਲ ਸਕਦਾ ਹੈ। 2013 'ਚ ਵੀ ਅਜਿਹੇ ਹਾਲਾਤ ਬਣੇ ਸਨ ਪਰ ਉਦੋਂ ਦੀ ਤੁਲਨਾ 'ਚ ਹੁਣ ਆਪਣੇ ਵਿਦੇਸ਼ੀ ਮੁਦਰਾ ਭੰਡਾਰ 'ਚ ਵਾਧੇ ਕਾਰਨ ਅਸੀਂ ਅਜਿਹੀ ਕਿਸੇ ਸਥਿਤੀ ਨਾਲ ਨਜਿੱਠਣ ਦੇ ਲਿਹਾਜ਼ ਨਾਲ ਬਿਹਤਰ ਸਥਿਤੀ 'ਚ ਹਾਂ। ਆਲਮੀ ਪੱਧਰ 'ਤੇ ਮਹਿੰਗਾਈ ਅਤੇ ਸੁਸਤ ਆਰਥਿਕ ਵਿਕਾਸ ਦਾ ਅਸਰ ਆਲਮੀ ਮੰਗ 'ਤੇ ਪੈ ਸਕਦਾ ਹੈ। ਕੁਝ ਮਹੀਨਿਆਂ ਦੇ ਨਿਰਯਾਤ 'ਚ ਜਾਰੀ ਤੇਜ਼ੀ ਇਸ ਕਾਰਨ ਠੰਢੀ ਪੈ ਸਕਦੀ ਹੈ। ਚੀਨ 'ਚ ਕੋਵਿਡ ਦੇ ਫਿਰ ਤੋਂ ਸਿਰ ਚੁੱਕਣ ਨਾਲ ਆਰਥਿਕ ਵਸੂਲੀ ਯਾਨੀ ਇਕੋਨਾਮਿਕ ਰਿਕਵਰੀ 'ਚ ਅੜਿੱਕਾ ਆਉਣ ਦੀ ਸੰਭਾਵਨਾ ਹੈ। ਆਲਮੀ ਸਪਲਾਈ ਲੜੀ ਹਾਲੇ ਵੀ ਚੀਨ ਕੇਂਦਰਤ ਹੈ, ਇਸ ਲਈ ਉੱਥੇ ਆਰਥਿਕ ਗਤੀਵਿਧੀਆਂ ਦੇ ਸੁਸਤ ਪੈਣ ਨਾਲ ਆਲਮੀ ਉਤਪਾਦਨ ਲੜੀ 'ਤੇ ਅਸਰ ਪੈਣਾ ਤੈਅ ਹੈ। ਇਸ ਤਰ੍ਹਾਂ ਦੇਖਿਆ ਜਾਵੇ ਤਾਂ ਪੂਰੀ ਦੁਨੀਆ ਤੇ ਭਾਰਤ ਇਸ ਸਮੇਂ ਬਹੁਪੱਧਰੀ ਆਰਥਿਕ ਚੁਣੌਤੀਆਂ ਨਾਲ ਜੂਝ ਰਹੇ ਹਨ।



ਅਜਿਹੇ ਮੁਸ਼ਕਲ ਮਾਹੌਲ 'ਚ ਵੀ ਕੁਝ ਹਾਂ-ਪੱਖੀ ਸੰਕੇਤ ਦਿਸਦੇ ਹਨ। ਪਹਿਲਾ ਇਹ ਕਿ ਸਰਕਾਰ ਦੇ ਮਾਲੀਏ 'ਚ ਤੇਜ਼ ਵਾਧਾ ਹੋ ਰਿਹਾ ਹੈ।

ਅਪ੍ਰੈਲ 'ਚ ਰਿਕਾਰਡ 1.68 ਲੱਖ ਕਰੋੜ ਰੁਪਏ ਦਾ ਜੀਐੱਸਟੀ ਸੰਗ੍ਰਹਿ ਹੋਇਆ। ਹਾਲਾਂਕਿ ਇਸ ਦਾ ਕੁਝ ਸਬੰਧ ਵਧਦੀ ਹੋਈ ਮਹਿੰਗਾਈ ਨਾਲ ਵੀ ਹੈ ਕਿਉਂਕਿ ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਵਧਣ ਨਾਲ ਉਨ੍ਹਾਂ 'ਤੇ ਕਰ ਵੀ ਉਸੇ ਅਨੁਪਾਤ 'ਚ ਵਧੇਗਾ। ਦੂਜਾ ਹਾਂ-ਪੱਖੀ ਪਹਿਲੂ ਇਹ ਹੈ ਕਿ ਕੋਵਿਡ ਮਹਾਮਾਰੀ ਤੋਂ ਬਾਅਦ ਬਾਜ਼ਾਰ 'ਚ ਬਹੁਤ ਤੇਜ਼ੀ ਨਾਲ ਸੁਧਾਰ ਹੋ ਰਿਹਾ ਹੈ।

ਖ਼ਾਸ ਤੌਰ 'ਤੇ ਜਿਨ੍ਹਾਂ ਸੇਵਾਵਾਂ 'ਤੇ ਕੋਵਿਡ ਦੀ ਸਭ ਤੋਂ ਵੱਧ ਗਾਜ਼ ਡਿੱਗੀ ਸੀ, ਉਨ੍ਹਾਂ ਦੀ ਸਥਿਤੀ 'ਚ ਸੁਧਾਰ ਦੇਖਣ ਨੂੰ ਮਿਲ ਰਿਹਾ ਹੈ। ਹੋਟਲ, ਜਹਾਜ਼ਰਾਨੀ, ਰੈਸਟੋਰੈਂਟ ਤੇ ਸਿਨੇਮਾ ਜਿਹੀਆਂ ਤਮਾਮ ਸੇਵਾਵਾਂ 'ਚ ਕੋਰੋਨਾ ਕਾਲ ਦੌਰਾਨ ਜੋ ਭਾਰੀ ਗਿਰਾਵਟ ਆਈ ਸੀ, ਉਹ ਹੁਣ ਤੇਜ਼ੀ ਦੇ ਰਥ 'ਤੇ ਸਵਾਰ ਹਨ। ਇਨ੍ਹਾਂ 'ਚ ਆਈ ਗਿਰਾਵਟ ਨੇ ਸ਼ਹਿਰਾਂ 'ਚ ਗ਼ਰੀਬੀ ਵਧਾਉਣ ਦਾ ਕੰਮ ਕੀਤਾ ਸੀ ਕਿਉਂਕਿ ਇਹ ਸੇਵਾਵਾਂ ਮੁੱਖ ਤੌਰ 'ਤੇ ਸ਼ਹਿਰ ਕੇਂਦਰਤ ਹਨ। ਉਦੋਂ ਹਾਲਾਤ ਏਨੇ ਗੰਭੀਰ ਹੋ ਗਏ ਸਨ ਕਿ ਸ਼ਹਿਰਾਂ ਤੋਂ ਪਿੰਡਾਂ ਵੱਲ ਵੱਡੇ ਪੱਧਰ 'ਤੇ ਪਲਾਇਨ ਹੋਇਆ ਸੀ ਪਰ ਹੁਣ ਸਥਿਤੀ ਖ਼ਾਸੀ ਸੁਧਰ ਗਈ ਹੈ।

ਗੂਗਲ ਰਿਟੇਨ ਮੋਬਿਲਿਟੀ ਡਾਟਾ ਅਨੁਸਾਰ ਕੋਰੋਨਾ ਦੀ ਪਹਿਲੀ ਲਹਿਰ 'ਚ ਤਕਰੀਬਨ 86 ਫ਼ੀਸਦੀ ਲੋਕ ਘਰੋਂ ਬਾਹਰ ਨਹੀਂ ਸਨ ਨਿਕਲ ਰਹੇ। ਦੂਜੀ ਲਹਿਰ ਦੌਰਾਨ ਇਹ ਅੰਕੜਾ ਵਧਣ ਦੀ ਬਜਾਏ ਘਟ ਕੇ 66 ਫ਼ੀਸਦੀ ਰਿਹਾ ਤੇ ਇਸ ਸਾਲ ਜਨਵਰੀ 'ਚ ਆਈ ਤੀਜੀ ਲਹਿਰ ਸਮੇਂ ਕੇਵਲ 15 ਫ਼ੀਸਦੀ। ਇਹ ਸਪੱਸ਼ਟ ਸੰਕੇਤ ਕਰਦਾ ਹੈ ਕਿ ਲੋਕਾਂ ਦੀ ਆਵਾਜਾਈ ਵਧ ਰਹੀ ਹੈ ਤੇ ਉਨ੍ਹਾਂ ਨੇ ਕੋਵਿਡ ਨਾਲ ਸੰਤੁਲਨ ਸਿੱਖ ਲਿਆ ਹੈ। ਇਸ ਤੋਂ ਵੀ ਚੰਗੀ ਗੱਲ ਇਹ ਹੈ ਕਿ ਕੋਰੋਨਾ ਦੀ ਕਿਸੇ ਨਵੀਂ ਲਹਿਰ ਤੋਂ ਵੱਡੇ ਨੁਕਸਾਨ ਦੀ ਸੰਭਾਵਨਾ ਨਹੀਂ ਰਹਿ ਗਈ। ਇਸ ਦਾ ਇਕ ਵੱਡਾ ਕਾਰਨ ਸਫ਼ਲ ਤੇ ਵਿਆਪਕ ਪੱਧਰ 'ਤੇ ਕੀਤਾ ਗਿਆ ਟੀਕਾਕਰਨ ਪ੍ਰੋਗਰਾਮ ਹੈ, ਜਿਸ ਨੇ ਕੋਵਿਡ ਦੇ ਮਾਮਲੇ 'ਚ ਦੇਸ਼ ਨੂੰ ਜ਼ਰੂਰੀ ਸੁਰੱਖਿਆ ਪ੍ਰਦਾਨ ਕੀਤੀ ਹੈ।

ਹੁਣ ਤਕ ਮੌਨਸੂਨ ਦੇ ਸਾਰੇ ਅਨੁਮਾਨ ਵੀ ਆਸ਼ਾਵਾਦੀ ਹਨ। ਮੌਨਸੂਨ ਦੇ ਆਮ ਰਹਿਣ ਦੀ ਸਥਿਤੀ ਨਾ ਸਿਰਫ਼ ਪੇਂਡੂ ਮੰਗ ਨੂੰ ਸਹਾਰਾ ਦੇਵੇਗੀ ਸਗੋਂ ਬਿਹਤਰ ਖ਼ੁਰਾਕੀ ਪੈਦਾਵਾਰ ਨਾਲ ਖ਼ੁਰਾਕੀ ਸੁਰੱਖਿਆ ਵੀ ਯਕੀਨੀ ਬਣਾਵੇਗੀ। ਹਾਲਾਂਕਿ ਜਲਵਾਯੂ ਪਰਿਵਰਤਨ ਕਾਰਨ ਵਧ ਰਹੀਆਂ ਮੌਸਮੀ ਤਬਦੀਲੀਆਂ ਨਾਲ ਫ਼ਸਲ ਨੂੰ ਨੁਕਸਾਨ ਪਹੁੰਚਣ ਦੀ ਸੰਭਾਵਨਾ ਨੂੰ ਦੇਖਦਿਆਂ ਨੀਤੀ ਘਾੜਿਆਂ ਨੂੰ ਸਮਾਂ ਰਹਿੰਦਿਆਂ ਜ਼ਰੂਰੀ ਹੱਲ ਵੀ ਤਲਾਸ਼ਣੇ ਪੈਣਗੇ।

ਕੁੱਲ ਮਿਲਾ ਕੇ ਆਰਥਿਕ ਮੋਰਚੇ 'ਤੇ ਮੌਜੂਦਾ ਹਾਲਾਤ ਦੀ ਪੜਤਾਲ ਇਹੋ ਸੰਕੇਤ ਕਰਦੀ ਹੈ ਕਿ ਤਮਾਮ ਚੁਣੌਤੀਆਂ ਦਰਮਿਆਨ ਉਮੀਦ ਦੀਆਂ ਕੁਝ ਕਿਰਨਾਂ ਵੀ ਜਗਮਗਾ ਰਹੀਆਂ ਹਨ। ਆਉਣ ਵਾਲਾ ਵਕਤ ਸਥਿਤੀ ਨੂੰ ਹੋਰ ਸਪੱਸ਼ਟ ਕਰੇਗਾ।

# ਸਿਆਸੀ ਮੰਝਧਾਰ 'ਚ ਫਸਿਆ ਵਿਸ਼ਵ



ਦਰਬਾਰਾ ਸਿੰਘ ਕਾਹਲੋਂ

ਵਿਸ਼ਵ 'ਤੇ ਜੇ ਗਹੁ ਨਾਲ ਝਾਤ ਮਾਰੀ ਜਾਵੇ ਤਾਂ ਵੱਖ-ਵੱਖ ਮਹਾਦੀਪਾਂ ਵਿਚ ਵਸੇ ਦੇਸ਼ਾਂ ਅੰਦਰ ਵੱਡੀਆਂ ਰਾਜਨੀਤਕ, ਵਿਚਾਰਧਾਰਕ, ਆਰਥਿਕ ਅਤੇ ਖੇਤਰੀ ਤਬਦੀਲੀਆਂ ਵੇਖਣ ਨੂੰ ਮਿਲ ਰਹੀਆਂ ਹਨ। ਅਜਿਹੀ ਉਥਲ-ਪੁਥਲ ਪੂਰੇ ਵਿਸ਼ਵ ਅੰਦਰ ਜਵਾਰਭਾਟਿਆਂ ਦੀ ਤਰ੍ਹਾਂ ਹਲਚਲ ਮਚਾ ਰਹੀ ਹੈ। ਕਈ ਥਾਵਾਂ 'ਤੇ ਸੱਜੇ-ਪੱਖੀ ਅਤੇ ਕਈ ਥਾਵਾਂ ਤੇ ਖੱਬੇ-ਪੱਖੀ ਸ਼ਕਤੀਆਂ ਸੱਤਾ 'ਤੇ ਕਾਬਜ਼ ਹੁੰਦੀਆਂ ਵੇਖੀਆਂ ਜਾ ਰਹੀਆਂ ਹਨ। ਵਿਸ਼ਵ ਦੇ ਵੱਡੇ-ਵੱਡੇ ਦੇਸ਼ ਸਥਾਪਤ ਨਿਜ਼ਾਮ ਦੀਆਂ ਨਾਕਾਮੀਆਂ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹਨ। ਇਨ੍ਹਾਂ ਵਿਚ ਅਮਰੀਕਾ, ਰੂਸ, ਭਾਰਤ, ਬ੍ਰਿਟੇਨ ਆਦਿ ਵਰਗੇ ਦੇਸ਼ ਸ਼ਾਮਲ ਹਨ। ਕੋਰੋਨਾ-19 ਮਹਾਮਾਰੀ ਦੇ ਬਾਵਜੂਦ ਇਹ ਤਬਦੀਲੀਆਂ ਵੇਖਣ ਨੂੰ ਮਿਲ ਰਹੀਆਂ ਹਨ।

ਯੂਰਪ ਦੇ ਕਈ ਦੇਸ਼, ਮੁਸਲਿਮ ਅਤੇ ਅਫ਼ਰੀਕਨ ਦੇਸ਼ਾਂ ਤੋਂ ਵੱਡੇ ਪਰਵਾਸ ਤੋਂ ਅਵਾਜ਼ਾਰ ਵਿਖਾਈ ਦਿੰਦੇ ਹਨ। ਇਨ੍ਹਾਂ ਵਿਚ ਸਪੇਨ, ਫਰਾਂਸ, ਪੋਲੈਂਡ, ਹੰਗਰੀ, ਗਰੀਸ, ਇਟਲੀ, ਪੁਰਤਗਾਲ ਆਦਿ ਸ਼ਾਮਲ ਹਨ। ਹੁਣ ਤਾਜ਼ਾ ਰੂਸ-ਯੂਕਰੇਨ ਯੁੱਧ ਨੇ ਤਰਥਲੀ ਮਚਾ ਰੱਖੀ ਹੈ। ਅਜੋਕੀਆਂ ਤਬਦੀਲੀਆਂ 17 ਦਸੰਬਰ 2010 ਨੂੰ ਫੁਨੇਸ਼ੀਆ 'ਚੋਂ ਉੱਠੀ 'ਅਰਬ ਬਹਾਰ' ਲਹਿਰ ਜਿਸ ਨੇ ਕਰੀਬ 10 ਸਾਲ ਅਰਬ ਖਿੱਤੇ ਦੇ ਵੱਖ-ਵੱਖ ਦੇਸ਼ਾਂ ਜਿਵੇਂ ਟਿਊਨੇਸ਼ੀਆ, ਯਮਨ, ਮਿਸਰ ਬਹਿਰੀਨ, ਲੀਬੀਆ, ਸੀਰੀਆ, ਜਾਰਡਨ, ਅਲਜੀਰੀਆ, ਮੋਰਾਕੋ, ਓਮਾਨ ਤੇ ਸੂਡਾਨ ਆਦਿ 'ਚ ਵੱਡੀ ਹਲਚਲ ਮਚਾਈ ਸੀ। ਮਿਸਰ ਵਿਚ ਰਾਸ਼ਟਰਪਤੀ ਹੋਸਨੀ ਮੁਬਾਰਕ, ਲੀਬੀਆ ਵਿਚ ਕਰਨਲ ਗੱਦਾਫੀ ਟਿਊਨੇਸ਼ੀਆ ਵਿਚ ਰਾਸ਼ਟਰਪਤੀ ਜਾਈਨ ਅਲ-ਅਬਦੀਨ ਬੇਨ ਅਲੀ ਦੇ ਸ਼ਾਸਨ ਉਲਟਾ ਦਿੱਤੇ ਗਏ। ਜੇ ਰੂਸ ਮਦਦ ਨਾ ਕਰਦਾ ਤਾਂ ਸੀਰੀਆ ਵਿਚ ਵੀ ਰਾਸ਼ਟਰਪਤੀ ਬਸ਼ਰ ਅਲ ਅਸਦ ਦਾ ਤਖਤਾ ਪਲਟ ਜਾਣਾ ਸੀ। ਬਹੁਤ ਸਾਰੇ ਦੇਸ਼ਾਂ ਨੇ 'ਅਰਬ ਬਹਾਰ' ਲਹਿਰ ਦੀਆਂ ਮੰਗਾਂ ਸਵੀਕਾਰ ਕਰਦੇ ਹੋਏ ਆਪਣਾ ਸਥਾਪਤ ਨਿਜ਼ਾਮ ਬਚਾਅ ਲਿਆ। ਲਗਪਗ 10 ਸਾਲਾਂ ਤਕ ਚੱਲੀ ਇਸ ਲਹਿਰ ਕਾਰਨ ਅਰਬ ਦੇਸ਼ਾਂ ਦੇ 61,000 ਲੋਕ ਮਾਰੇ ਗਏ। ਇਹ ਲਹਿਰ ਏਕਾਧਿਕਾਰਵਾਦੀ ਤਾਨਾਸ਼ਾਹ, ਮਨੁੱਖੀ ਅਧਿਕਾਰਾਂ ਦੇ ਖ਼ਾਤਮੇ, ਬੇਰੁਜ਼ਗਾਰੀ, ਗੁਰਬਤ, ਭ੍ਰਿਸ਼ਟਾਚਾਰ, ਲੋਕਸ਼ਾਹੀ ਅਤੇ ਚੋਣ ਪ੍ਰਕਿਰਿਆ ਨੂੰ ਦਬਾਉਣ ਵਿਰੁੱਧ ਉੱਠੀ ਸੀ। ਲੋਕ ਤਾਨਾਸ਼ਾਹ-ਏਕਾਧਿਕਾਰਵਾਦ ਸ਼ਾਸਕਾਂ ਦੀ ਥਾਂ ਲੋਕਤੰਤਰੀ ਵਿਵਸਥਾ ਲਾਗੂ ਕਰਵਾਉਣਾ ਚਾਹੁੰਦੇ ਸਨ ਪਰ ਅਰਬ ਸੱਭਿਆਚਾਰ, ਏਕਾਧਿਕਾਰ ਸ਼ਕਤੀਆਂ, ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ ਅਤੇ ਉਨ੍ਹਾਂ ਦੇ ਹਮਾਇਤੀਆਂ ਨੇ ਇਸ ਲਹਿਰ ਦੇ ਪੈਰ ਪੱਕੇ ਨਹੀਂ ਹੋਣ ਦਿੱਤੇ। ਪਰ ਇਹ ਲਹਿਰ ਅਜੇ ਵੀ ਆਮ ਜਨਤਾ ਦੇ ਦਿਲਾਂ ਵਿਚ ਵਸੀ ਹੋਈ ਹੈ।

| Country | Nominal GDP | Share in global GDP |
| --- | --- | --- |
| United States | 21,922 | 24.2 |
| China | 16,835 | 18.6 |
| Japan | 5,103 | 5.6 |
| Germany | 4,318 | 4.8 |
| France | 2,918 | 3.2 |
| United Kingdom | 2,856 | 3.1 |
| India | 2,834 | 3.1 |

ਪਰ ਲਾਤੀਨੀ ਅਮਰੀਕਾ 'ਚ ਵੱਡੀ ਜਨਤਕ ਹਮਾਇਤ ਤੇ ਵਿਚਾਰਧਾਰਕ ਜਾਗ੍ਰਿਤੀ ਕਾਰਨ ਖੱਬੇ-ਪੱਖੀਆਂ ਵੱਲੋਂ ਸੱਜ-ਪਿਛਾਕੜੀ ਅਮਰੀਕੀ ਪੱਖੀਆਂ ਦੇ ਰਾਜਪਲਟੇ ਧੜਾਧੜ ਜਾਰੀ ਹਨ। ਕਿਊਬਾ ਦੇ ਲੰਬਾ ਚਿਰ ਰਹੇ ਕਮਿਊਨਿਸਟ ਸ਼ਾਸਕ ਫੀਦਲ ਕਾਸਤਰੋ, ਇਨਕਲਾਬੀ ਯੋਧੇ ਚੀ ਗਵੇਰਾ, ਚਿੱਲੀ ਦੇ ਮਰਹੂਮ ਰਾਸ਼ਟਰਪਤੀ ਸਲਵਾਡੋਰ ਅਲੈਂਡੇ ਆਦਿ ਵੱਲੋਂ ਪੈਦਾ ਵਿਚਾਰਧਾਰਕ ਅਤੇ ਇਨਕਲਾਬੀ ਸੰਘਰਸ਼ ਦੇ ਬੀਜ ਲਗਾਤਾਰ ਫੁੱਟ ਰਹੇ ਹਨ। ਚਿੱਲੀ 'ਚ ਖੱਬੇ-ਪੱਖੀ ਪ੍ਰਧਾਨ ਗੈਬਰੀਲ ਬੋਰਿਸ਼ ਦੀ ਜਿੱਤ ਨੇ ਮੈਕਸੀਕੋ, ਅਰਜਨਟਾਈਨਾ, ਬੋਲਵੀਆ, ਪੇਰੂ ਤੇ ਹੌਂਡੂਰਸ ਆਦਿ ਦੇਸ਼ਾਂ ਵਿਚ ਖੱਬੇ-ਪੱਖੀ ਸ਼ਾਸਨਾਂ ਦੇ ਕਬਜ਼ੇ ਨੂੰ ਪ੍ਰਪੱਕ ਕਰ ਦਿੱਤਾ ਹੈ। ਬ੍ਰਾਜ਼ੀਲ ਅੰਦਰ ਸਾਬਕਾ ਰਾਸ਼ਟਰਪਤੀ ਲੂਲਾ ਡੀ ਸਿਲਵਾ ਇਸ ਸਾਲ ਹੋਣ ਜਾ ਰਹੀਆਂ ਰਾਸ਼ਟਰਪਤੀ ਚੋਣਾਂ ਵਿਚ ਕੱਟੜਵਾਦੀ ਸੱਜੇ-ਪੱਖੀ ਰਾਸ਼ਟਰਪਤੀ ਜਾਇਰ ਬਾਲਸੋਨਾਰੋ ਜਿਸ ਨੂੰ 'ਬ੍ਰਾਜ਼ੀਲ ਦਾ ਡੋਨਾਲਡ ਟਰੰਪ' ਕਿਹਾ ਜਾਂਦਾ ਹੈ, ਦਾ ਤਖ਼ਤਾ ਪਲਟ ਦੇਵੇਗਾ, ਇੰਜ ਪ੍ਰਤੱਖ ਪ੍ਰਤੀਤ ਹੋ ਰਿਹਾ ਹੈ। ਦਰਅਸਲ, ਬ੍ਰਾਜ਼ੀਲ ਸਮੇਤ ਲਾਤੀਨੀ ਅਮਰੀਕਾ ਵਿਚ ਆਰਥਿਕ ਮੰਦਹਾਲੀ, ਬੇਰੁਜ਼ਗਾਰੀ, ਭੁੱਖਮਰੀ, ਗ਼ਰੀਬ ਅਤੇ ਅਮੀਰ ਲੋਕਾਂ ਦੇ ਰਹਿਣ-ਸਹਿਣ ਵਿਚ ਪੈਦਾ ਹੋ ਰਹੇ ਵੱਡੇ ਪਾੜੇ, ਲੋਕਾਂ ਤੇ ਪੁਲਿਸ ਅਤੇ ਫ਼ੌਜੀ ਬਲਾਂ ਦੇ ਵਧਦੇ ਦਬਾਅ, ਜਨਤਕ ਅਧਿਕਾਰਾਂ ਅਤੇ ਆਜ਼ਾਦੀਆਂ ਦੇ ਘਾਣ ਕਾਰਨ ਖੱਬੇ-ਪੱਖੀ ਸ਼ਕਤੀਆਂ ਦੀ ਹਮਾਇਤ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਅਮਰੀਕਾ ਖ਼ੁਦ ਇਸ ਸਮੇਂ ਆਰਥਿਕ ਮੰਦਹਾਲੀ ਨਸਲੀ ਹਿੰਸਾ, ਰਾਜਨੀਤਕ ਟਕਰਾਅ, ਸੱਭਿਆਚਾਰਕ ਨਫ਼ਰਤ ਕਾਰਨ ਘਰੇਲੂ ਸਮੱਸਿਆਵਾਂ ਵਿਚ ਫਸਿਆ ਪਿਆ ਹੈ। ਚਿੱਲੀ ਅੰਦਰ ਸਭ ਤੋਂ ਛੋਟੀ ਉਮਰ ਦੇ ਚੁਣੇ ਖੱਬੇ-ਪੱਖੀ ਰਾਸ਼ਟਰਪਤੀ ਬੋਰਿਸ ਨੇ 24 ਮੈਂਬਰੀ ਕੈਬਨਿਟ ਵਿਚ 14 ਔਰਤਾਂ ਨੂੰ ਥਾਂ ਦੇ ਕੇ ਪੂਰੇ ਵਿਸ਼ਵ ਨੂੰ ਹੈਰਾਨ ਕਰ ਦਿੱਤਾ ਹੈ। ਇਸ ਨੇ ਦੂਸਰੇ ਲਾਤੀਨੀ ਦੇਸ਼ਾਂ ਵਿਚ ਖੱਬੇ-ਖੱਬੀ ਸੰਘਰਸ਼ਸ਼ੀਲ ਅੰਦੋਲਨਾਂ ਨੂੰ ਬਹੁਤ ਵੱਡਾ ਹਾਂ-ਪੱਖੀ ਹੁੰਗਾਰਾ ਦਿੱਤਾ ਹੈ।

ਉਸ ਨੇ ਜਨਤਕ ਬੁਢਾਪਾ ਪੈਨਸ਼ਨ, ਸਿਹਤ ਪ੍ਰਣਾਲੀ ਵਿਚ ਗੁਣਾਤਮਕ ਤਬਦੀਲੀ, ਹਫ਼ਤੇ ਵਿਚ 45 ਦੀ ਥਾਂ 40 ਘੰਟੇ ਕੰਮ ਕਰਨ, ਸਮਾਜਿਕ ਇਨਸਾਫ਼, ਅਮੀਰ-ਗ਼ਰੀਬ ਦੇ ਵੱਡੇ ਆਰਥਿਕ ਪਾੜੇ ਨੂੰ ਘਟਾਉਣ, ਬਾਹਰੀ ਨਿਵੇਸ਼ ਨੂੰ ਉਤਸ਼ਾਹਿਤ ਕਰਨ, ਚਿੱਲੀ ਦੇ ਮੂਲ ਵਾਸੀਆਂ ਦੀ ਰਾਖੀ ਆਦਿ ਨੂੰ ਲੈ ਕੇ ਨੀਤੀਗਤ ਐਲਾਨ ਕੀਤੇ ਹਨ। ਉਸ ਦੇ ਅਜਿਹੇ ਲੋਕ-ਪੱਖੀ ਸਾਰਥਕ ਏਜੰਡੇ ਦਾ ਲਾਤੀਨੀ ਅਮਰੀਕਾ ਦੇ ਦੂਜੇ ਦੇਸ਼ਾਂ ਅੰਦਰ ਚੱਲ ਰਹੀਆਂ ਖੱਬੇ-ਪੱਖੀ ਲਹਿਰਾਂ ਨੂੰ ਵੱਡਾ ਬਲ ਮਿਲਿਆ ਹੈ। ਪੁਰਤਗਾਲ ਅੰਦਰ ਸੰਨ 2011-14 ਦੌਰਾਨ ਕਰਜ਼ੇ ਦੇ ਸੰਕਟ ਤੋਂ ਬਾਅਦ ਦੇਸ਼ ਨੇ ਐਨਟੋਨੀਓ ਕੋਸਟਾ ਦੀ ਅਗਵਾਈ ਵਿਚ ਸਮਾਜਵਾਦੀ ਸ਼ਕਤੀਆਂ ਨੂੰ ਸੱਤਾ ਵਿਚ ਲਿਆਂਦਾ। ਉਸ ਨੇ ਦੇਸ਼ ਨੂੰ ਆਰਥਿਕ ਮੰਦਹਾਲੀ ਅਤੇ ਕਰਜ਼ੇ ਦੀ ਜਿੱਲਣ 'ਚੋਂ ਬਾਹਰ ਕੱਢਣ 'ਚ ਸਫਲਤਾ ਹਾਸਲ ਕੀਤੀ। ਨਤੀਜੇ ਵਜੋਂ ਤਾਜ਼ੇ ਐਗਜ਼ਿਟ ਪੋਲ ਅਨੁਸਾਰ ਕੋਸਟਾ ਪੱਖੀਆਂ ਨੂੰ 37 ਤੋਂ 42.5 ਫ਼ੀਸਦੀ ਹਮਾਇਤ ਪ੍ਰਾਪਤ ਹੋਈ। ਵਿਰੋਧੀ ਸੈਂਟਰ ਰਾਈਟ ਸੋਸ਼ਲ ਡੈਮੋਕ੍ਰੈਟ 26.7 ਫ਼ੀਸਦੀ ਹਮਾਇਤ ਨਾਲ ਸੁੰਗੜ ਕੇ ਬੈਠ ਗਏ। ਇਸ 'ਤੇ ਕੋਸਟਾ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਆਸ ਨਾਲੋਂ ਕਿਤੇ ਵੱਧ ਹਮਾਇਤ ਪ੍ਰਾਪਤ ਹੋਈ ਹੈ।

ਯਾਦ ਰਹੇ ਕਿ ਪੁਰਤਗਾਲ ਯੂਰਪ ਦਾ ਸਭ ਤੋਂ ਗ਼ਰੀਬ ਦੇਸ਼ ਹੈ ਜਿਸ ਲਈ ਸਾਬਕਾ ਸੱਜ-ਪਿਛਾਖੜੀ ਸ਼ਾਸਕ

(ਬਾਕੀ ਅਗਲੇ ਸਫੇ 'ਤੇ)

# ਵਿਦੇਸ਼ਾਂ ’ਚ ਜਾ ਰਹੇ ਵਿਦਿਆਰਥੀਆਂ ਦੇ ਮਸਲੇ



ਗਿਆਨ ਸਿੰਘ

ਵਿਦੇਸ਼ਾਂ ਵਿਚ ਪੜ੍ਹਾਈ ਕਰਨ ਦੇ ਬਹਾਨੇ ਪਿਛਲੇ ਦੋ ਦਹਾਕਿਆਂ ਤੋਂ ਪਲੱਸ ਟੂ ਦੀ ਪੜ੍ਹਾਈ ਖ਼ਤਮ ਹੁੰਦਿਆਂ ਹੀ ਮਾਪੇ ਨਸ਼ਿਆਂ ਦੀ ਦਲਦਲ ’ਚੋਂ ਆਪਣੇ ਬੱਚਿਆਂ ਨੂੰ ਕੱਢਣ ਲਈ ਮਜਬੂਰ ਹਨ। ਸਭ ਤੋਂ ਵੱਡਾ ਕਾਰਨ ਦੇਸ਼ ਵਿਚਲੀ ਬੇਰੁਜ਼ਗਾਰੀ ਤੋਂ ਤੰਗ ਆ ਕੇ ਵਿਦਿਆਰਥੀ ਬਾਹਰ ਭੱਜਣ ਲਈ ਮਜਬੂਰ ਹੋ ਰਹੇ ਹਨ। ਕਿਸੇ ਵੀ ਸਰਕਾਰ ਨੇ ਵਿਦਿਆਰਥੀਆਂ ਦੇ ਭਵਿੱਖ ਨੂੰ ਮੁੱਖ ਰੱਖਦਿਆਂ ਲੰਬੇ ਸਮੇਂ ਦੀ ਯੋਜਨਾ ਤਿਆਰ ਨਹੀਂ ਕੀਤੀ।

ਭਾਰਤ ਅੰਦਰ ਆਬਾਦੀ ਦੂਜੇ ਦੇਸ਼ਾਂ ਦੇ ਮੁਕਾਬਲੇ ਬਹੁਤੀ ਹੋਣ ਕਰਕੇ ਵਿਦੇਸ਼ੀ ਸਰਕਾਰਾਂ ਨੇ ਸਿੱਖਿਅਤ ਮਨੁੱਖੀ ਸ਼ਕਤੀ ਤੇ ਸਰਮਾਇਆ ਆਪਣੇ ਦੇਸ਼ਾਂ ਵੱਲ ਖਿੱਚਣ ਲਈ ਯੋਜਨਾਵਾਂ ਬਣਾ ਲਈਆਂ। ਵਿਦੇਸ਼ੀ ਸਰਕਾਰਾਂ ਨੇ ਯੂਨੀਵਰਸਿਟੀਆਂ/ਕਾਲਜ ਸਥਾਪਤ ਕਰਨ ਲਈ ਮਨਜ਼ੂਰੀਆਂ ਦੇ ਦਿੱਤੀਆਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਵਿਦੇਸ਼ਾਂ ਵਿਚ ਸਾਡੇ ਦੇਸ਼ ਦੇ ਮੁਕਾਬਲੇ ਹਰ ਕੰਮ ਵਿਚ ਇਮਾਨਦਾਰੀ ਅਤੇ ਪਾਰਦਰਸ਼ਤਾ ਹੈ। ਭਾਰਤੀ ਲੋਕ ਤੇ ਖ਼ਾਸ ਤੌਰ ’ਤੇ ਪੰਜਾਬੀ ਜਿਹੜੇ ਮੁਲਕਾਂ ਵਿਚ ਪੁੱਜ ਗਏ ਉਨ੍ਹਾਂ ਨੇ ਵਿਦੇਸ਼ੀ ਲੋਕਾਂ ਨੂੰ ਵੀ ਆਪਣੇ ਰੰਗ ਵਿਚ ਰੰਗ ਲਿਆ।

ਦੇਸ਼ ਅੰਦਰ ਤੇ ਖ਼ਾਸ ਤੌਰ ’ਤੇ ਪੰਜਾਬ ਵਿਚ ਖੁੱਲ੍ਹੇ ਇਮੀਗ੍ਰੇਸ਼ਨ/ਆਈਲੈਟਸ ਸੈਂਟਰਾਂ ਰਾਹੀਂ ਵਿਦੇਸ਼ਾਂ ਵਿਚ ਪੜ੍ਹਨ ਜਾ ਰਹੇ ਵਿਦਿਆਰਥੀਆਂ ਦੀ ਅੰਨ੍ਹੀ ਲੁੱਟ ਹੋ ਰਹੀ ਹੈ ਜਿਸ ਦੀ ਕੇਂਦਰੀ/ਰਾਜ ਸਰਕਾਰਾਂ ਵੱਲੋਂ ਨਿਰੰਤਰ ਚੈਕਿੰਗ ਦੀ ਲੋੜ ਹੈ। ਇਮੀਗ੍ਰੇਸ਼ਨ/ਆਈਲੈਟਸ ਸੈਂਟਰ ਯੋਗਤਾ ਦੇ ਆਧਾਰ ’ਤੇ ਵਿਦੇਸ਼ਾਂ ਦੀਆਂ ਯੂਨੀਵਰਸਿਟੀਆਂ/ਕਾਲਜਾਂ ਤੋਂ ਵਿਦਿਆਰਥੀਆਂ ਨੂੰ ਦਾਖ਼ਲਾ ਲੈਣ ਲਈ ਆਪਣੇ ਮਿਹਨਤਾਨੇ ਦਾ ਇਕਰਾਰਨਾਮਾ ਕਰ ਕੇ, ਅਸਲ ਦਸਤਾਵੇਜ਼ ਜਮ੍ਹਾ ਕਰਵਾ ਕੇ, 100/150 ਡਾਲਰ ਫੀਸ ਭਰ ਕੇ ਯੂਨੀਵਰਸਿਟੀਆਂ/ਕਾਲਜਾਂ ਤੋਂ ਔਫਰ ਲੈਟਰ ਪ੍ਰਾਪਤ ਕਰ ਕੇ ਦਿੰਦੇ ਹਨ। ਇਮੀਗ੍ਰੇਸ਼ਨ/ਆਈਲੈਟਸ ਸੈਂਟਰਾਂ ਦੇ ਮਾਲਕ ਦਾਖ਼ਲੇ ਦਾ ਮੁੱਢਲਾ ਪੱਤਰ ਪ੍ਰਾਪਤ ਹੋਣ ਉਪਰੰਤ ਵਿਦਿਆਰਥੀ ਦੀ ਸੀਟ ਰਾਖਵੀਂ ਕਰਨ ਲਈ ਲੋੜੀਂਦੀ ਫੀਸ ਡਾਲਰਾਂ ਵਿਚ ਜਮ੍ਹਾ ਕਰਵਾ ਦਿੰਦੇ ਹਨ। ਇਮੀਗ੍ਰੇਸ਼ਨ/ਆਈਲੈਟਸ ਸੈਂਟਰ ਸਬੰਧਤ ਦੇਸ਼ ਦੀ ਅੰਬੈਂਸੀ ਨੂੰ ਵਿਦਿਆਰਥੀ ਦੀ ਪੜ੍ਹਾਈ ਲਈ ਵੀਜ਼ਾ ਪ੍ਰਾਪਤ ਕਰਨ ਲਈ ਨਿਸ਼ਚਿਤ ਵੀਜ਼ਾ ਫੀਸ ਭਰ ਕੇ ਅਰਜ਼ੀ ਦਾਖ਼ਲ ਕਰ ਦਿੰਦੇ ਹਨ।

ਵੀਜ਼ਾ ਅਰਜ਼ੀ ਦਾਖ਼ਲ ਕਰਨ ਸਮੇਂ ਵਿਦਿਆਰਥੀ ਕੋਲ ਪੜ੍ਹਾਈ ਲਈ ਬੈਂਕ ਖਾਤੇ ਵਿਚ ਭਵਿੱਖ ਦੇ ਖ਼ਰਚੇ ਲਈ ਪੂੰਜੀ ਦਿਖਾਉਣ ਅਤੇ ਜਮ੍ਹਾ ਦੋ ਤੋਂ ਬਾਅਦ ਵਕਫਾ ਪੂਰਾ ਕਰਨ ਲਈ ਜਾਅਲੀ ਡਿਗਰੀਆਂ/ਤਜਰਬੇ ਦੇ ਸਰਟੀਫਿਕੇਟ ਤਿਆਰ ਕਰਨ ਲਈ ਵਿਚੋਲਗਿਰੀ ਫੀਸਾਂ ਦੇਣੀਆਂ ਪੈਂਦੀਆਂ ਹਨ। ਵਿਦੇਸ਼ਾਂ ਵਿਚ ਪੜ੍ਹਨ ਜਾ ਰਹੇ ਵਿਦਿਆਰਥੀਆਂ ਹੋ ਰਹੀ ਅੰਨ੍ਹੀ ਲੁੱਟ ਲਈ ਵਿਦੇਸ਼ੀ ਯੂਨੀਵਰਸਿਟੀਆਂ/ਕਾਲਜ ਬਰਾਬਰ ਦੇ ਜ਼ਿੰਮੇਵਾਰ ਹਨ। ਵਿਦੇਸ਼ੀ ਯੂਨੀਵਰਸਿਟੀਆਂ/ਕਾਲਜਾਂ ਵਿਚ ਤਿੰਨ ਵਾਰ ਜਨਵਰੀ/ਮਈ ਅਤੇ ਸਤੰਬਰ ਵਿਚ ਦਾਖ਼ਲੇ ਹੁੰਦੇ ਹਨ। ਵਿਦੇਸ਼ੀ ਯੂਨੀਵਰਸਿਟੀਆਂ/ਕਾਲਜ ਹਰ ਵਿਸ਼ੇ/ਸਮੈਸਟਰ ਲਈ ਨਿਸ਼ਚਿਤ ਸੀਟਾਂ ਦੇ ਮੁਕਾਬਲੇ ਕਈ ਗੁਣਾ ਵੱਧ ਔਫਰ ਲੈਟਰ ਜਾਰੀ ਕਰ ਦਿੰਦੇ ਹਨ।

ਵਿਦਿਆਰਥੀਆਂ ਦੀਆਂ ਫੀਸਾਂ ਵੀ ਜਮ੍ਹਾ ਹੋ ਜਾਂਦੀਆਂ ਹਨ। ਵਿਦਿਆਰਥੀ ਨੂੰ ਇਕ ਮਹੀਨਾ ਪਹਿਲਾਂ ਹੀ ਵਿਦੇਸ਼ੀ ਯੂਨੀਵਰਸਿਟੀਆਂ/ਕਾਲਜਾਂ ਵੱਲੋਂ ਪੜ੍ਹਾਈ ਲਈ ਵੀਜ਼ਾ ਜਮ੍ਹਾ ਕਰਵਾਉਣ ਜਾਂ ਸਮੈਸਟਰ ਅੱਗੇ ਪਾਉਣ ਦੇ ਸੰਦੇਸ਼ ਆਉਣੇ ਸ਼ੁਰੂ ਹੋ ਜਾਂਦੇ ਹਨ ਜਦਕਿ ਔਫਰ ਲੈਟਰ ਵਿਚ ਅਜਿਹੀ ਕੋਈ ਸ਼ਰਤ ਨਹੀਂ ਹੁੰਦੀ। ਵਿਦਿਆਰਥੀ ਦਾ ਪੜ੍ਹਾਈ ਵੀਜ਼ਾ ਸਬੰਧਤ ਦੇਸ਼ ਦੀ ਅੰਬੈਸੀ ਵੱਲੋਂ ਲਗਾਇਆ



ਜਾਣਾ ਹੁੰਦਾ ਹੈ। ਕੋਰੋਨਾ ਮਹਾਮਾਰੀ ਤੇ ਅੰਬੈਸੀਆਂ ਵਿਚ ਅਰਜ਼ੀਆਂ ਦੀ ਬਹੁਤਾਤ ਕਾਰਨ ਵੀਜ਼ੇ ਪੂਰੇ ਸਮੇਂ ’ਤੇ ਨਹੀਂ ਮਿਲਦੇ ਜਾਂ ਕੁਝ ਪੱਛੜ ਕੇ ਮਿਲਦੇ ਹਨ। ਕੈਨੇਡਾ ਵਿਚ ਬਹੁਤ ਸਾਰੇ ਅਜਿਹੇ ਵਿਦਿਆਰਥੀ ਹਨ ਜੋ ਔਫਰ ਲੈਟਰ ਅਨੁਸਾਰ ਨਿਰਧਾਰਤ ਮਿਤੀ ’ਤੇ ਕਾਲਜ ਪਹੁੰਚ ਗਏ। ਉਨ੍ਹਾਂ ਨੂੰ ਅਗਾਊਂ ਫੀਸ ਜਮ੍ਹਾ ਕਰਵਾਉਣ ਦੇ ਬਾਵਜੂਦ ਸੀਟ ਨਹੀਂ ਮਿਲੀ। ਕੈਨੇਡਾ ਪਹੁੰਚ ਚੁੱਕੇ ਅਜਿਹੇ ਵਿਦਿਆਰਥੀਆਂ ਨੂੰ ਅਗਲੇ ਸਮੈਸਟਰ ਤਕ ਗ਼ੈਰ-ਕਾਨੂੰਨੀ ਤੌਰ ’ਤੇ ਰਹਿਣਾ ਪਵੇਗਾ।

ਗ਼ੈਰ-ਕਾਨੂੰਨੀ ਤੌਰ ’ਤੇ ਕੰਮ ਕਰਨ ਲਈ ਮਜਬੂਰ ਹੋਣਾ ਪਵੇਗਾ। ਕੈਨੇਡਾ ਤੇ ਦੂਸਰੇ ਦੇਸ਼ਾਂ ਦੀਆਂ ਸਰਕਾਰਾਂ ਚੈਕਿੰਗ ਕਰਨ, ਜਿਹੜੇ ਵਿਦਿਆਰਥੀ ਵੀਜ਼ੇ ਲੈ ਕੇ ਪਹੁੰਚ ਗਏ, ਉਨ੍ਹਾਂ ਦੇ ਸਮੈਸਟਰ ਕਿਉਂ ਅੱਗੇ ਕੀਤੇ ਗਏ? ਅਜਿਹੀਆਂ ਯੂਨੀਵਰਸਿਟੀਆਂ/ਕਾਲਜਾਂ ਦੀ ਮਾਨਤਾ ਰੱਦ ਕੀਤੀ ਜਾਵੇ ਜਾਂ ਵਿਦਿਆਰਥੀਆਂ ਨੂੰ ਦਾਖ਼ਲਾ ਦਿਵਾਇਆ ਜਾਵੇ। ਕੈਨੇਡਾ ਜਾਂ ਦੂਸਰੇ ਦੇਸ਼ਾਂ ਵਿਚ ਪਹੁੰਚ ਚੁੱਕੇ ਹਰ ਵਿਦਿਆਰਥੀ ਨੂੰ ਕੰਮ ਕਰਨ ਲਈ ਆਰਜ਼ੀ ਮਨਜ਼ੂਰੀ ਪੱਤਰ ਜਾਰੀ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਉਨ੍ਹਾਂ ਨੂੰ ਕੰਮ ਬਦਲੇ ਨਿਸ਼ਚਿਤ ਪ੍ਰਤੀ ਘੰਟਾ ਰਕਮ ਮਿਲ ਸਕੇ।

ਵਿਦੇਸ਼ੀ ਸਰਕਾਰਾਂ ਛੋਟੀ ਉਮਰ ਦੇ ਵਿਦਿਆਰਥੀਆਂ ਨੂੰ ਜਮ੍ਹਾ ਦੋ ਦੀ ਸਿੱਖਿਆ ਤੋਂ ਬਾਅਦ ਉਚੇਰੀ ਸਿੱਖਿਆ ਲਈ ਦਾਖ਼ਲਾ ਬੰਦ ਕਰੇ ਕਿਉਂਕਿ ਜਮ੍ਹਾ ਦੋ ਪਾਸ ਵਿਦਿਆਰਥੀ ਦਾ ਬੌਧਿਕ ਗਿਆਨ ਜ਼ਿੰਦਗੀ ਵਿਚ ਅੱਗੇ ਵਧਣ ਲਈ ਮੁਕੰਮਲ ਨਹੀਂ। ਵਿਦੇਸ਼ਾਂ ਵਿਚ ਦਾਖ਼ਲੇ ਲਈ ਗ੍ਰੈਜੂਏਟ ਜਾਂ ਇਸ ਦੇ ਬਰਾਬਰ ਦੀ ਡਿਗਰੀ ਹੋਣੀ ਚਾਹੀਦੀ ਹੈ। ਵਿਦੇਸ਼ਾਂ ਵੱਲ ਜਮ੍ਹਾ ਦੋ ਤੋਂ ਬਾਅਦ ਜਾ ਰਹੇ ਵਿਦਿਆਰਥੀ ਦਾ ਵਿਦੇਸ਼ਾਂ ਵਿਚ ਪੜ੍ਹਾਈ ਵੱਲ ਘੱਟ, ਕਮਾਈ ਵੱਲ ਵਧੇਰੇ ਧਿਆਨ ਹੁੰਦਾ ਹੈ।

ਇਸ ਲਈ ਉਹ ਥੋੜ੍ਹੇ ਸਮੇਂ ਦੇ ਕੋਰਸ ਲੈਂਦੇ ਹਨ। ਵਿਦੇਸ਼ਾਂ ਵਿਚ ਪੜ੍ਹਾਈ ਜਾਂ ਪੱਕੇ ਤੌਰ ’ਤੇ ਜਾਣ ਲਈ ਆਈਲੈਟਸ/ਪੀਟੀਈ ਟੈਸਟ ਵਿਚ ਲਏ ਬੈਂਡਾਂ ਦੇ ਆਧਾਰ ’ਤੇ ਦਾਖ਼ਲਾ ਮਿਲਦਾ ਹੈ,ਇਹ ਟੈਸਟ ਲੈਣ ਵਾਲੀਆਂ ਕੰਪਨੀਆਂ ਵੀ ਚਰਚਾ ਵਿਚ ਹਨ। ਪੜ੍ਹਾਈ ਵਿਚ ਮੁੰਡਿਆਂ ਨਾਲੋਂ ਲੜਕੀਆਂ ਹੁਸ਼ਿਆਰ ਹਨ, ਵਧੇਰੇ ਬੈਂਡ ਲੈ ਲੈਂਦੀਆਂ ਹਨ। ਉਨ੍ਹਾਂ ਦੇ ਮਾਤਾ/ਪਿਤਾ ਲੜਕੀਆਂ ਦੇ ਪੜ੍ਹਾਈ ਦੇ ਖ਼ਰਚੇ ਦੀ ਸ਼ਰਤ ’ਤੇ ਰਿਸ਼ਤੇ ਵੀ ਪੱਕੇ ਕਰ ਲੈਂਦੇ ਹਨ।

ਲੜਕੀਆਂ ਦੀ ਪੜ੍ਹਾਈ ਲਈ ਵੱਡੇ ਖ਼ਰਚੇ ਕਰ ਕੇ ਵੀ ਆਪਣੇ ਲੜਕਿਆਂ ਨੂੰ ਵਿਦੇਸ਼ ਭੇਜਣ ਤੋਂ ਅਸਮਰੱਥ ਹਨ ਕਿਉਂਕਿ ਕਾਫ਼ੀ ਲੜਕੀਆਂ ਬਾਹਰ ਜਾ ਕੇ ਜਵਾਬ ਦੇ ਦਿੰਦੀਆਂ ਹਨ। ਕੈਨੇਡਾ ਦੇ ਕਈ ਕਾਲਜਾਂ ਦੀ ਮਾਨਤਾ ਰੱਦ ਹੋਣ ਕਾਰਨ ਬਹੁਤ ਸਾਰੇ ਵਿਦਿਆਰਥੀਆਂ ਨੂੰ ਮੁਸ਼ਕਲ ਪੇਸ਼ ਆ ਰਹੀ ਹੈ। ਅਜਿਹੇ ਵਿਦਿਆਰਥੀਆਂ ਪ੍ਰਤੀ ਕੈਨੇਡਾ ਤੇ ਹੋਰ ਸਰਕਾਰਾਂ ਹਮਦਰਦੀ ਵਾਲਾ ਵਤੀਰਾ ਅਪਨਾਉਣ ਤੇ ਸਬੰਧਤ ਦੇਸ਼ਾਂ ਦੀਆਂ ਸਰਕਾਰਾਂ ਨੂੰ ਇਮੀਗ੍ਰੇਸ਼ਨ/ਆਈਲੈਟਸ ਸੈਂਟਰਾਂ ਦੇ ਮਾਲਕਾਂ ਵਿਰੁੱਧ ਕਾਰਵਾਈ ਕਰਨ ਲਈ ਲਿਖਣ। ਪੰਜਾਬ ਤੋਂ ਜਮ੍ਹਾ ਦੋ ਤੋਂ ਬਾਅਦ ਵਕਫਾ ਪੂਰਾ ਕਰਨ ਲਈ ਜਾਅਲੀ ਡਿਗਰੀਆਂ/ਤਜਰਬੇ ਦੇ ਸਰਟੀਫਿਕੇਟ ਲੈ ਕੇ ਗਏ ਵਿਦਿਆਰਥੀਆਂ ਨੂੰ ਵਿਦੇਸ਼ਾਂ ’ਚ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਜਬਰੀ ਭਾਰਤ ਭੇਜੇ ਜਾਣ ਦਾ ਹਰ ਵੇਲੇ ਭੈਅ ਬਣਿਆ ਰਹਿੰਦਾ ਹੈ। ਪੰਜਾਬ ਦੇ ਬਹੁਤ ਸਾਰੇ ਅਜਿਹੇ ਵਿਦਿਆਰਥੀ ਹਨ ਜਿਨ੍ਹਾਂ ਨੇ ਪੜ੍ਹਾਈ ਲਈ ਫੀਸਾਂ ਅਤੇ ਖਾਤਿਆਂ ਵਿਚ ਭਵਿੱਖ ਲਈ ਖ਼ਰਚੇ ਦੀ ਪੂੰਜੀ ਵਿਖਾਉਣ ਲਈ ਜ਼ਮੀਨਾਂ/ਘਰ ਬੈਅ/ਗਹਿਣੇ ਕੀਤੇ, ਬੈਂਕ ਬੈਲੇਂਸ ਵਿਖਾਉਣ ਲਈ ਫਾਈਨਾਂਸਰਾਂ ਨੂੰ ਰਕਮਾਂ ਦਿੱਤੀਆਂ, ਰਿਸ਼ਤੇਦਾਰਾਂ, ਦੋਸਤਾਂ, ਮਿੱਤਰਾਂ ਤੋਂ ਮਦਦ ਲਈ। ਇਮੀਗ੍ਰੇਸ਼ਨ/ਆਈਲੈਟਸ ਸੈਂਟਰਾਂ ਰਾਹੀਂ ਅੰਬੈਸੀਆਂ ਨੂੰ ਵੀਜ਼ੇ ਲਈ ਭੇਜੀਆਂ ਅਰਜ਼ੀਆਂ ਰੱਦ ਹੋਣ ’ਤੇ ਯੂਨੀਵਰਸਿਟੀਆਂ/ਕਾਲਜਾਂ ਵੱਲੋਂ ਫੀਸਾਂ ਵਾਪਸ ਕਰਨ ਸਮੇਂ ਪੈਸੇ ਦੀ ਵਰਤੋਂ ਬਦਲੇ ਵਾਧੂ ਪੈਸੇ ਦੇਣ ਦੀ ਬਜਾਏ ਜਮ੍ਹਾ ਕਰਵਾਈਆਂ ਰਕਮਾਂ ’ਚੋਂ ਵੱਡੀ ਕਟੌਤੀ ਕੀਤੀ ਜਾਂਦੀ ਹੈ। ਪੰਜਾਬ ਸਰਕਾਰ, ਕੇਂਦਰ ਸਰਕਾਰ ਦੀ ਮਦਦ ਨਾਲ ਦੂਜੇ ਦੇਸ਼ਾਂ ਨਾਲ ਸਮਝੌਤੇ ਕਰ ਕੇ ਸਾਰੀਆਂ ਯੂਨੀਵਰਸਿਟੀਆਂ ’ਚ ਵਿਦੇਸ਼ਾਂ ਦੀ ਲੋੜ ਅਨੁਸਾਰ ਕੋਰਸ ਸ਼ੁਰੂ ਕਰਵਾ ਸਕਦੀ ਹੈ। ਪੰਜਾਬ ਸਰਕਾਰ, ਰੁਜ਼ਗਾਰ ਵਿਭਾਗ ਅਧੀਨ ਚੱਲ ਰਹੇ ਵਿਦੇਸ਼ੀ ਸੈੱਲ ਨੂੰ ਮਜ਼ਬੂਤ ਕਰੇ ਤੇ ਹਰ ਜ਼ਿਲ੍ਹੇ ਵਿਚ ਯੋਗ ਅਗਵਾਈ ਲਈ ਇਮੀਗ੍ਰੇਸ਼ਨ/ਆਈਲੈਟਸ ਸੈਂਟਰ ਸਥਾਪਤ ਕਰਨ ਵੱਲ ਧਿਆਨ ਦੇਵੇ। ਪੰਜਾਬ ਸਰਕਾਰ ਵਿਦੇਸ਼ੀ ਸਰਕਾਰਾਂ ਨਾਲ ਲੋੜ ਮੁਤਾਬਕ ਸਿੱਖਿਅਤ ਮਨੁੱਖੀ ਸ਼ਕਤੀ ਪ੍ਰਦਾਨ ਕਰਨ ਲਈ ਸਮਝੌਤੇ ਕਰ ਕੇ ਯੋਗ ਵਿਅਕਤੀਆਂ ਦੀ ਚੋਣ ਕਰਦੀ ਹੋਈ ਪੰਜਾਬ ’ਚ ਸਿੱਖਿਆ ਦੇਣ ਪਿੱਛੋਂ ਕਾਨੂੰਨੀ ਤੌਰ ’ਤੇ ਭੇਜਣ ਲਈ ਮਦਦ ਪ੍ਰਦਾਨ ਕਰੇ। ਪੰਜਾਬ ਸਰਕਾਰ ਵਿਦੇਸ਼ਾਂ ਤੇ ਖ਼ਾਸ ਤੌਰ ’ਤੇ ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਯੂਕੇ ਤੇ ਹੋਰ ਦੇਸ਼ਾਂ ਵਿਚ ਤਾਲਮੇਲ ਲਈ ਦਫ਼ਤਰ ਸਥਾਪਤ ਕਰ ਸਕਦੀ ਹੈ। ਪੰਜਾਬ ਤੋਂ ਵਿਦੇਸ਼ਾਂ ਨਾਲ ਤਾਲਮੇਲ ਕਰਨ ਅਤੇ ਵਿਦੇਸ਼ਾਂ ਦੀਆਂ ਸਿੱਖਿਅਤ ਮਨੁੱਖੀ ਸ਼ਕਤੀ ਦੀਆਂ ਲੋੜਾਂ ਸਬੰਧੀ ਸਬੰਧਤ ਮੰਤਰੀ ਦੀ ਅਗਵਾਈ ਹੇਠ ਅਧਿਕਾਰੀਆਂ/ਯੂਨਵਿਰਸਿਟੀਆਂ ਦੇ ਵਾਈਸ ਚਾਂਸਲਰਾਂ ਅਤੇ ਮਾਹਿਰ ਵਿਅਕਤੀਆਂ ਦਾ ਵਫ਼ਦ ਭੇਜਿਆ ਜਾ ਸਕਦਾ ਹੈ। ਪੰਜਾਬ ਨਾਲ ਸਬੰਧਤ ਐੱਨਆਰਆਈਜ਼ ਦੀ ਮਦਦ ਲਈ ਜਾ ਸਕਦੀ ਹੈ।

# ਪੰਜਾਬ ਬਿਜਲੀ ਦੀ ਮੰਗ ਨਾਲ ਕਿਵੇਂ ਨਜਿੱਠੇ



ਇੰਜ ਦਰਸ਼ਨ ਸਿੰਘ ਭੁੱਲਰ

ਪੀਐੱਸਪੀਸੀਐੱਲ ਨੇ 2022-23 ਲਈ ਊਰਜਾ ਦੀ ਕੁੱਲ ਮੰਗ 65016 ਮਿਲੀਅਨ ਯੂਨਿਟ (ਸਾਲ ਵਿਚ ਕੁੱਲ ਲੋੜੀਂਦੀਆਂ) ਅਨੁਮਾਨੀ ਹੈ ਜਿਸ ਨੂੰ ਪੈਦਾ ਕਰਨ ਲਈ 85% ਉਪਲਬਧਤਾ ਮੰਨਦਿਆਂ ਕੁੱਲ ਸਮਰੱਥਾ 8732 ਮੈਗਾਵਾਟ ਚਾਹੀਦੀ ਹੈ। ਪੰਜਾਬ ਕੋਲ ਕੁੱਲ ਮੌਜੂਦਾ ਸਮਰੱਥਾ 13844 ਮੈਗਾਵਾਟ ਹੈ ਜੋ ਲੋੜ ਨਾਲੋਂ 59% ਜ਼ਿਆਦਾ ਹੈ। 19ਵੇਂ ਪਾਵਰ ਸਰਵੇਖਣ ਮੁਤਾਬਕ 2031-32 ਵਿਚ ਪੰਜਾਬ ਦੀ ਊਰਜਾ ਦੀ ਕੁੱਲ ਮੰਗ 85534 ਮਿਲੀਅਨ ਯੂਨਿਟ ਤੱਕ ਅੱਪੜੇਗੀ ਜਿਸ ਦੀ ਪੂਰਤੀ ਲਈ 11487 ਮੈਗਾਵਾਟ ਸਮਰੱਥਾ ਦੀ ਲੋੜ ਪਵੇਗੀ। ਇਸ ਹਿਸਾਬ ਹੁਣ ਜੋ ਕੁੱਲ ਸਮਰੱਥਾ ਹੈ, ਉਹ 2031-32 ਦੌਰਾਨ ਚਾਹੀਦੀ ਊਰਜਾ ਲਈ ਕਾਫੀ ਹੋਵੇਗੀ। 2031-32 ਦੌਰਾਨ ਸਾਡੀ ਸਿਖਰ ਮੰਗ (ਪਇਅਕ ਦਇਮਅਨਦ) 17149 ਮੈਗਾਵਾਟ ਕਿਆਸੀ ਹੈ ਜੋ ਹੁਣ ਵਾਲੀ ਸਮਰੱਥਾ ਤੋਂ 3305 ਮੈਗਾਵਾਟ ਵੱਧ ਹੈ। ਇਸ ਸਾਲ ਵੀ ਸਾਡੀ ਸਿਖਰ ਮੰਗ 15500 ਮੈਗਾਵਾਟ ਹੋਣ ਦੀ ਸੰਭਾਵਨਾ ਹੈ ਜੋ ਸਾਡੇ ਕੋਲ ਉਪਲਬਧ ਸਮਰੱਥਾ ਤੋਂ 1656 ਮੈਗਾਵਾਟ ਵੱਧ ਹੋਵੇਗੀ। ਇਹ ਹਕੀਕਤ ਹੈ ਕਿ 2014 ਤੋਂ ਪਹਿਲਾਂ ਪੰਜਾਬ ਵਿਚ ਗਰਮੀਆਂ ਅਤੇ ਝੋਨੇ ਦੇ ਸੀਜ਼ਨ ਵਿਚ ਬਿਜਲੀ ਦੇ ਬਹੁਤ ਕੱਟ ਲੱਗਦੇ ਸਨ ਪਰ ਇਹ ਵੀ ਹਕੀਕਤ ਹੈ ਕਿ ਬਾਕੀ ਸਮੇਂ ਦੌਰਾਨ ਬਿਜਲੀ ਦੀ ਮੰਗ ਇੰਨੀ ਘਟ ਜਾਂਦੀ ਸੀ ਕਿ ਪੀਐੱਸਪੀਸੀਐੱਲ ਨੂੰ ਕਈ ਵਾਰ ਆਪਣੇ ਯੂਨਿਟ ਬੰਦ ਵੀ ਕਰਨੇ ਪੈਂਦੇ ਸਨ। ਉਸ ਸਮੇਂ ਪ੍ਰਾਈਵੇਟ ਥਰਮਲ ਵੀ ਨਹੀਂ ਸਨ। ਜਦੋਂ 2014 ਤੋਂ ਬਾਅਦ ਪੰਜਾਬ ਵਿਚ ਤਿੰਨ ਪ੍ਰਾਈਵੇਟ ਥਰਮਲ ਆ ਗਏ ਤਾਂ ਸਰਕ-ਾਰੀ ਖੇਤਰ ਦੇ ਥਰਮਲ ਪਲਾਂਟਾਂ ਦਾ ਲੋਡ ਫੈਕਟਰ 25% ਤੋਂ ਵੀ ਘਟ ਗਿਆ ਅਤੇ ਪ੍ਰਾਈਵੇਟ ਥਰਮਲਾਂ ਦਾ ਪਲਾਂਟ ਲੋਡ ਫੈਕਟਰ ਵੀ 65-70% ਤੋਂ ਨਹੀਂ ਵਧਿਆ। ਪੰਜਾਬ ਦੀ ਲੋਡ ਰੂਪ ਰੇਖਾ ਹੀ ਇਸ ਤਰ੍ਹਾਂ ਦੀ ਹੈ ਕਿ ਗਰਮੀ/ਝੋਨੇ ਦੇ ਸੀਜ਼ਨ ਵਿਚ ਜੂਨ ਤੋਂ ਮੰਗ

**(ਬਾਕੀ ਅਗਲੇ ਸਫੇ ‘ਤੇ)**



# ਸਿਆਸੀ ਮੰਝਧਾਰ ’ਚ ਫਸਿਆ ਵਿਸ਼ਵ

**(ਸਫਾ 20 ਦੀ ਬਾਕੀ)**

ਜ਼ਿੰਮੇਵਾਰ ਹਨ। ਟਾਈਮ ਮੈਗਜ਼ੀਨ ਦੀ ਰਿਪੋਰਟ ਅਨੁਸਾਰ ਯੂਰਪ ਵੀ ਇਸ ਸਮੇਂ ਭਾਰੀ ਰਾਜਨੀਤਕ ਉਥਲ-ਪੁਥਲ ਦਾ ਸ਼ਿਕਾਰ ਹੈ। ਕੁਝ ਯੂਰਪੀ ਦੇਸ਼ਾਂ ਵਿਚ ਧੁਰ ਸੱਜੇ-ਪੱਖੀ ਸ਼ਕਤੀਆਂ ਜ਼ੋਰ ਫੜ ਰਹੀਆਂ ਹਨ। ਇਟਲੀ, ਫਰਾਂਸ, ਸਵੀਡਨ, ਜਰਮਨੀ ਤੇ ਹੰਗਰੀ ’ਚ ਅਜਿਹੀਆਂ ਗਤੀਵਿਧੀਆਂ ਤੇਜ਼ੀ ਫੜ ਰਹੀਆਂ ਹਨ। ਇਟਲੀ ’ਚ ਸੱਜ ਪਿਛਾਖੜੀ 80 ਸਾਲਾ ਸਰਜੀਓ ਮੈਟਰੇਲਾ ਨੂੰ ਮੁੜ ਰਾਸ਼ਟਰਪਤੀ ਚੁਣ ਲਿਆ ਹੈ ਭਾਵੇਂ ਉਹ ਮੁੜ ਪ੍ਰਧਾਨ ਬਣਨ ਤੋਂ ਕਿਨਾਰਾ ਕਰ ਰਿਹਾ ਸੀ। ਲਗਪਗ 1200 ਕਮਰਿਆਂ ’ਤੇ ਆਧਾਰਤ ਰਾਸ਼ਟਰਪਤੀ ਮਹੱਲ ਨੂੰ ਛੱਡਣ ਦੀ ਨੀਅਤ ਨਾਲ ਰੋਮ ਵਿਚ ਉਸ ਨੇ ਇਕ ਫਲੈਟ ਲੀਜ਼ ’ਤੇ ਲੈਣ ਲਈ ਅਪਲਾਈ ਕਰ ਰੱਖਿਆ ਸੀ ਪਰ ਉਸ ਦੇ ਹਮਾਇਤੀਆਂ ਨੇ ਉਸ ਦੀ 7 ਸਾਲਾ ਟਰਮ 3 ਫਰਵਰੀ ਨੂੰ ਖ਼ਤਮ ਹੋਣ ਤੋਂ ਬਾਅਦ ਇਕ ਹੋਰ ਟਰਮ ਲਈ ਉਸ ਨੂੰ ਮਨਾ ਲਿਆ। ਵੈਸੇ ਉਸ ਦੇ ਅਹੁਦੇ ’ਤੇ 70 ਸਾਲਾ ਪ੍ਰਧਾਨ ਮੰਤਰੀ ਮਾਰੀਓ ਡਰਾਗੀ ਦੀ ਅੱਖ ਸੀ। ਉਹ ਆਪਣੇ ਵਿਰੋਧੀਆਂ ਜਿਨ੍ਹਾਂ ਵਿਚ ਸੈਕਸ ਪਾਰਟੀਆਂ ‘ਬੁੰਗਾ-ਬੁੰਗਾ’ ਲਈ ਰੋਮ ਅਤੇ ਹੋਰ ਥਾਵਾਂ ’ਤੇ ਬਦਨਾਮ 4 ਵਾਰ ਪ੍ਰਧਾਨ ਮੰਤਰੀ ਸਿਲਵੋ ਬਰਲੁਸਕੋਨੀ ਨੂੰ ਹਰਾ ਕੇ ਪ੍ਰਧਾਨ ਮੰਤਰੀ ਮੁੜ ਤੋਂ ਬਣਨ ’ਚ ਸਫਲ ਰਿਹਾ ਹੈ। ਭਾਵੇਂ ਯੂਰਪੀ ਕਮਿਸ਼ਨ ਦੇ ਮੁਖੀ ਜੀਨ ਕਲਾਉਡੇ ਨੇ ‘ਗ਼ੈਰ ਸਿਹਤਮੰਦ ਰਾਸ਼ਟਰਵਾਦ’ ਦੀ ਭਾਰੀ ਆਲੋਚਨਾ ਕੀਤੀ ਹੈ ਜੋ ਕੁਝ ਦੇਸ਼ਾਂ ਅੰਦਰ ਤਾਕਤ ਫੜ ਰਿਹਾ ਹੈ। ਫਿਰ ਵੀ ਫਰਾਂਸ ਵਿਚ ਇਸ ਦਾ ਸ਼ਕਤੀਸ਼ਾਲੀ ਧਿਰ ਵਜੋਂ ਉਭਾਰ ਵੱਡੀ ਚਿੰਤਾ ਦਾ ਵਿਸ਼ਾ ਹੈ। ਫਰਾਂਸ ਦਾ ਸਮੁੱਚਾ ਮੀਡੀਆ ਇਨ੍ਹਾਂ ਸ਼ਕਤੀਆਂ ਇਨ੍ਹਾਂ ਗ਼ੈਰ-ਸਿਹਤਮੰਦ ਕੱਟੜ ਰਾਸ਼ਟਰਵਾਦੀ ਸ਼ਕਤੀਆਂ ਵੱਲ ਉੱਲਰਿਆ ਪਿਆ ਹੈ ਜੋ ਇਸਲਾਮਿਕ-ਫੋ-ਬੀਆ, ਪਰਵਾਸ, ਨਸਲਵਾਦ ਪ੍ਰਤੀ ਕੇਂਦ੍ਰਿਤ ਹੈ। ਐਰਿਕ ਜੈਮਰ ’ਤੇ ਅਜਿਹੇ ਦੋਸ਼ਾਂ ਤੋਂ ਇਲਾਵਾ ਜਿਸਮਫਰੋਸ਼ੀ ਦੇ ਦੋਸ਼ ਵੀ ਲੱਗੇ ਹਨ ਪਰ ਉਹ ਅਦਾਲਤਾਂ ’ਚੋਂ ਬਚਦਾ ਰਿਹਾ ਹੈ।

ਫਰਾਂਸੀਸੀ ਰਾਸ਼ਟਰਪਤੀ ਏਮੈਨੂਅਲ ਮੈਕਰਾਨ ਚੰਦ ਰੋਜ਼ ਪਹਿਲਾਂ ਚੋਣਾਂ ਜਿੱਤ ਕੇ ਮੁੜ ਫਰਾਂਸ ਦੇ ਰਾਸ਼ਟਰ-ਪਤੀ ਬਣ ਗਏ ਹਨ। ਫਰਾਂਸ ਵਰਗੇ ਅਗਾਂਹਵਧੂ ਦੇਸ਼ ’ਚ ਹਿਟਲਰੀ ਤਾਕਤਾਂ ਦਾ ਉੱਭਰਨਾ ਬਹੁਤ ਚਿੰਤਾਜਨਕ ਰੁਝਾਨ ਹੈ। ਅਜਿਹਾ ਹੀ ਹੰਗਰੀ, ਬੇਲਾਰੂਸ ਅਤੇ ਪੋਲੈਂਡ ਵਿਚ ਬਦਲ ਉੱਭਰ ਰਿਹਾ ਹੈ। ਸੋਵੀਅਤ ਯੂਨੀਅਨ ਅੰਦਰ ਜੇ ਸੰਨ 1985 ਵਿਚ ਮਿਖਾਈਲ ਗੋਰਬਚੇਵ ਦੀ ਥਾਂ ਕੋਈ ਸਟਾਲਿਨਵਾਦੀ ਆਗੂ ਸੱਤਾ ਵਿਚ ਆ ਜਾਂਦਾ ਤਾਂ ਸ਼ਾਇਦ ਅੱਜ ਗਲੋਬ ਦਾ ਨਕਸ਼ਾ ਹੋਰ ਹੀ ਹੁੰਦਾ।

ਸੋਵੀਅਤ ਯੂਨੀਅਨ 1991 ਵਿਚ ਬਿਖਰਨ ਤੋਂ ਬਾਅਦ ਰੂਸ ਅੰਦਰ ਲੋਕਤੰਤਰ ਦੇ ਉਭਾਰ ਲਈ ਗੋਰਬੀ ਨੂੰ ਸਦਰ ਵਲਾਦੀਮੀਰ ਪੂਤਿਨ ਤੋਂ ਵੱਡੀਆਂ ਆਸਾਂ ਸਨ ਜਿਨ੍ਹਾਂ ਨੂੰ ਕਦੇ ਬੂਰ ਨਹੀਂ ਪਿਆ। ਇਸੇ ਕਰਕੇ ਉਸ ਨੇ ਸੰਨ 2012 ਵਿਚ ਪੂਤਿਨ ਦੀ ਵਿਰੋਧਤਾ ਕੀਤੀ ਸੀ। ਅੱਜ-ਕੱਲ੍ਹ ਯੂਕਰੇਨ ਨੂੰ ਲੈ ਕੇ ਰੂਸ ਅਤੇ ਅਮਰੀਕਾ ਦੀ ਅਗਵਾਈ ਵਿਚ ਨਾਟੋ ਦੇਸ਼ਾਂ ਵਿਚਾਲੇ ਚੱਲ ਰਿਹਾ ਟਕਰਾਅ ਬਹੁਤ ਹੀ ਚਿੰਤਾਜਨਕ ਬਿਰਤਾਂਤ ਹੈ ਜਿਸ ਨੂੰ ਰੋਕਣ ਲਈ ਯੂਐੱਨ ਤੇ ਵਿਸ਼ਵ ਭਾਈਚਾਰੇ ਨੂੰ ਅੱਗੇ ਆਉਣਾ ਚਾਹੀਦਾ ਹੈ।

# ਪੰਜਾਬ ਸਰਕਾਰ ਸਾਹਮਣੇ ਆਰਥਿਕ ਚੁਣੌਤੀਆਂ



ਡਾ ਕੇਸਰ ਸਿੰਘ ਭੰਗੂ

ਪੰਜਾਬ ਗੰਭੀਰ ਅਤੇ ਗਹਿਰੇ ਆਰਥਿਕ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਪੰਜਾਬ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ 1981 ਤੋਂ 2001 ਤੱਕ ਪਹਿਲੇ ਸਥਾਨ ਉੱਤੇ ਰਿਹਾ, ਹੁਣ ਖਿਸਕ ਕੇ 19ਵੇਂ ਸਥਾਨ ਤੇ ਪੁੱਜ ਗਿਆ ਹੈ। ਪੰਜਾਬ ਸਿਰ ਇਸ ਵਕਤ ਲਗਭਗ ਤਿੰਨ ਲੱਖ ਕਰੋੜ ਰੁਪਏ ਦਾ ਕਰਜ਼ਾ ਹੈ ਅਤੇ ਸੂਬੇ ਦੀ ਆਮਦਨ ਦਾ ਵੱਡਾ ਹਿੱਸਾ ਕਰਜ਼ੇ ਦਾ ਵਿਆਜ਼ ਭਰਨ ਲਈ ਹੀ ਖ਼ਰਚ ਹੋ ਜਾਂਦਾ ਹੈ। ਪੂੰਜੀ ਨਿਵੇਸ਼ ਦੀ ਭਾਰੀ ਘਾਟ, ਖੇਤੀ ਖੇਤਰ ਦੇ ਗੰਭੀਰ ਆਰਥਿਕ ਸੰਕਟ ਕਾਰਨ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖ਼ੁਦ-ਕੁਸ਼ੀਆਂ, ਪਿਛਾਂਹ ਸਰਕਦੀ ਹੋਈ ਪ੍ਰਤੀ ਵਿਅਕਤੀ ਆਮਦਨ, ਸੂਬੇ ਸਿਰ ਚੜ੍ਹਿਆ ਮਣਾਂ ਮੂੰਹੀਂ ਕਰਜ਼ਾ, ਕਰਾਂ ਦੀ ਵੱਡੇ ਪੱਧਰ 'ਤੇ ਚੋਰੀ, ਕੁਲ ਘਰੇਲੂ ਉਤਪਾਦ ਦੀ ਅਨੁਪਾਤ, ਬੇਰੁਜ਼ਗਾਰੀ ਦੀਆਂ ਉਚੀਆਂ ਦਰਾਂ, ਸੂਬੇ ਦੇ ਲੋਕਾਂ ਖ਼ਾਸਕਰ ਵਿਦਿਆਰਥੀਆਂ ਦੀਆਂ ਵਿਦੇਸ਼ ਵੱਲ ਵਹੀਰਾਂ, ਨਸ਼ਿਆਂ ਦੇ ਵਗਦੇ ਦਰਿਆ ਅਤੇ ਲੰਮੇ ਸਮੇਂ ਤੱਕ ਸਮੇਂ ਸਮੇਂ ਦੀਆਂ ਸਰਕਾਰਾਂ ਦਾ ਮਾੜਾ ਤੇ ਗੈਰ ਜ਼ਿੰਮੇਵਾਰਾਨਾ ਪ੍ਰਸ਼ਾਸਨ ਇਸ ਦੇ ਮੁੱਖ ਕਾਰਨ ਹਨ। ਪਿਛਲੇ ਸਮੇਂ ਦੌਰਾਨ ਸੂਬੇ ਵਿਚ ਸਿਆਸੀ ਲੀਡਰਾਂ ਅਤੇ ਅਫਸਰਸ਼ਾਹੀ ਦੀ ਸਰਪ੍ਰਸਤੀ ਹੇਠ ਫੈਲੇ ਡਰੱਗ ਮਾਫੀਆ, ਰੇਤਾ-ਬੱਜਰੀ ਮਾਫੀਆ, ਸ਼ਰਾਬ ਮਾਫੀਆ, ਟਰਾਂਸਪੋਰਟ ਮਾਫੀਆ, ਭੂਮੀ ਮਾਫੀਆ ਅਤੇ ਸਰਕਾਰੀ ਮਹਿਕਮਿਆਂ ਤੋਂ ਲੋਕਾਂ ਨੂੰ ਆਪਣੇ ਰੋਜ਼ਮੱਰਾ ਦੇ ਕੰਮ ਕਰਵਾਉਣ ਲਈ ਪ੍ਰਚਲਤ ਰਿਸ਼ਵਤਖੋਰੀ ਨੇ ਸੂਬੇ ਦੇ ਅਰਥਚਾਰੇ ਅਤੇ ਪ੍ਰਸ਼ਾਸਨ ਨੂੰ ਖੋਖਲਾ ਬਣਾ ਦਿੱਤਾ ਹੈ। ਇਸੇ ਕਰਕੇ ਪੰਜਾਬ ਦੇ ਲੋਕਾਂ ਨੇ ਲੰਘੀਆਂ ਵਿਧਾਨ ਸਭਾ ਚੋਣਾਂ ਵਿਚ ਰਵਾਇਤੀ ਸਿਆਸੀ ਪਾਰਟੀਆਂ ਨੂੰ ਪਛਾੜ ਕੇ 'ਆਪ' ਨੂੰ ਵੱਡੇ ਬਹੁਮਤ ਨਾਲ ਜਿਤਾਇਆ ਹੈ। ਇਸ ਲਈ ਹੁਣ ਲੋਕਾਂ ਨੂੰ ਨਵੀਂ ਸਰਕਾਰ ਤੋਂ ਵੱਡੀਆਂ ਉਮੀਦਾਂ ਹਨ। ਸਰਕਾਰ ਨੂੰ ਸੂਬੇ ਦੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਲਈ ਪਹਾੜ ਜਿੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ ਜਿਸ ਦਾ ਪਹਿਲਾ ਝਲਕਾਰਾ ਆਉਣ ਵਾਲੇ ਬਜਟ ਵਿਚ ਦਿਖਾਈ ਦੇਵੇਗਾ।

ਪੰਜਾਬ ਸਰਕਾਰ ਨੇ ਬਜਟ ਦੀ ਤਿਆਰੀ ਲਈ ਲੋਕਾਂ ਤੋਂ ਸਲਾਹ ਲੈਣ ਦੇ ਮੰਤਵ ਨਾਲ ਈ-ਮੇਲ ਰਾਹੀਂ ਸੁਝਾਅ ਮੰਗੇ ਹਨ। ਇਹ ਵਧੀਆ ਗੱਲ ਹੈ ਪਰ ਨਾਕਾਫੀ ਹੈ ਕਿਉਂਕਿ ਬਜਟ ਬਣਾਉਣ ਦੀ ਪ੍ਰਕਿਰਿਆ ਕਾਫੀ ਤਕਨੀਕੀ ਹੁੰਦੀ ਹੈ। ਚਾਹੀਦਾ ਤਾਂ ਇਹ ਹੈ ਕਿ ਰਾਜ ਦੇ ਆਰਥਿਕ ਪ੍ਰਸ਼ਾਸਨ ਨੂੰ ਹੋਰ ਚੁਸਤ-ਦਰੁਸਤ ਅਤੇ ਸੰਚਾਰੂ ਬਣਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਨੂੰ ਸਲਾਹ ਦੇਣ ਲਈ ਆਰਥਿਕ ਸਲਾਹਕਾਰ ਕੌਂਸਲ ਬਣਾਈ ਜਾਵੇ ਜਿਵੇਂ ਤਾਮਿਲਨਾਡੂ ਨੇ ਬਣਾਈ ਹੈ। ਵਿੱਤ ਵਿਭਾਗ ਨੂੰ ਸੂਬੇ ਦੀ ਮਾੜੀ ਆਰਥਿਕਤਾ ਦੇ ਮੱਦੇਨਜ਼ਰ ਤੁਰੰਤ ਨਵੇਂ ਢੰਗਾਂ ਨਾਲ ਕਰਾਂ ਅਤੇ ਗੈਰ-ਕਰਾਂ ਦੇ ਆਮਦਨ ਵਧਾਉਣ ਵਾਲੇ ਵਸੀਲੇ ਲੱਭਣੇ ਚਾਹੀਦੇ ਹਨ। ਇਸ ਕੰਮ ਲਈ ਸਰਕਾਰ ਨੂੰ ਮੌਕੇ ਅਨੁਸਾਰ ਆਰਥਿਕ ਮਾਹਿਰਾਂ ਦੀ ਠੀਕ ਸਲਾਹ ਦੀ ਜ਼ਰੂਰਤ ਹੋਵੇਗੀ, ਇਸ ਲਈ ਪੰਜਾਬ ਸਰਕਾਰ ਵੀ ਕੇਂਦਰ ਵਾਂਗ ਸੂਬੇ ਦੇ ਵਿੱਤ ਮੰਤਰਾਲੇ ਵਿਚ ਆਰਥਿਕ ਨੀਤੀਆਂ ਦੇ ਮਾਹਿਰ ਨੂੰ ਮੁੱਖ ਆਰਥਿਕ ਸਲਾਹਕਾਰ ਨਿਯੁਕਤ ਕਰਨਾ ਚਾਹੀਦਾ ਹੈ। ਸੂਬੇ ਵਿਚ ਆਰਥਿਕ ਪ੍ਰਸ਼ਾਸਕੀ ਸੁਧਾਰਾਂ ਦੀ ਵੀ ਤੁਰੰਤ ਜ਼ਰੂਰਤ ਹੈ ਕਿਉਂਕਿ ਇਸ ਸਮੇਂ ਨੀਤੀਆਂ ਬਣਾਉਣ ਅਤੇ ਲਾਗੂ ਕਰਨ ਦਾ ਕੰਮ ਇਕ ਹੀ ਅਥਾਰਟੀ (ਅਫਸਰਸ਼ਾਹੀ) ਕੋਲ ਹੈ, ਜਦੋਂ ਕਿ ਇਹ ਦੋਨੋਂ ਕੰਮ ਦੋ ਅਲੱਗ-ਅਲੱਗ ਮਾਹਿਰਾਂ ਵੱਲੋਂ ਲੋਕਪੱਖੀ ਅਤੇ ਜਵਾਬਦੇਹੀ ਦੇ ਸਿਧਾਂਤ ਨੂੰ ਸਾਹਮਣੇ ਰੱਖ ਕੇ ਕਰਨੇ ਹੁੰਦੇ ਹਨ। ਅਫਸਰਸ਼ਾਹੀ ਦਾ ਨੀਤੀਆਂ ਬਣਾਉਣ ਅਤੇ ਉਨ੍ਹਾਂ ਨੂੰ ਲਾਗ ਕਰਨ ਦੇ ਕੰਮਾਂ ਵਿਚ ਏਕਾਧਿਕਾਰ ਹੋਣ ਕਾਰਨ ਭ੍ਰਿਸ਼ਟਾਚਾਰ ਵਾਲੇ ਅਤੇ




ਵਿਕਾਸ ਵਿਰੋਧੀ ਰੁਝਾਨ ਨੂੰ ਬਲ ਮਿਲ ਰਿਹਾ ਹੈ। ਇਸ ਲਈ ਸੂਬਾ ਸਰਕਾਰ ਨੂੰ ਨੀਤੀ ਬਣਾਉਣ ਅਤੇ ਲਾਗੂ ਕਰਨ ਦੇ ਕੰਮ ਵੱਖ ਵੱਖ ਕਰਨੇ ਚਾਹੀਦੇ ਹਨ ਅਤੇ ਨੀਤੀਆਂ ਦੀ ਪੜਚੋਲ ਲਈ ਮਾਹਿਰਾਂ ਦੀ ਵੱਖਰੀ ਅਤੇ ਆਜ਼ਾਦਾਨਾ ਅਥਾਰਟੀ ਬਣਾਉਣੀ ਚਾਹੀਦੀ ਹੈ ਤਾਂ ਕਿ ਨੀਤੀਆਂ ਲਾਗੂ ਕਰਨ ਵਾਲਿਆਂ ਦੀ ਜਵਾਬਦੇਹੀ ਤੈਅ ਕੀਤੀ ਜਾ ਸਕੇ। ਅਜਿਹੇ ਆਰਥਿਕ ਸੁਧਾਰ ਸੂਬੇ ਵਿਚ ਆਰਥਿਕ ਨੀਤੀਆ ਰਾਹੀਂ ਆਮਦਨ ਸਰੋਤਾਂ ਦੀ ਬਰਾਬਰ ਵੰਡ ਅਤੇ ਬਿਹਤਰ ਆਰਥਿਕ ਅਨੁਸ਼ਾਸਨ ਮੁਹੱਈਆ ਕਰਨਗੇ।

ਪੰਜਾਬ ਵਿਚ ਭਾਵੇਂ ਬਹੁਤ ਸਾਰੀਆਂ ਆਰਥਿਕ ਸਮੱਸਿਆਵਾਂ ਹਨ ਪਰ ਪੂੰਜੀ ਨਿਵੇਸ਼ ਦਾ ਅਕਾਲ, ਚੜ੍ਹੇ ਕਰਜ਼ੇ ਦਾ ਹੱਲ ਅਤੇ ਖੇਤੀ ਸੰਕਟ ਦਾ ਹੱਲ ਕਰਨਾ ਮੁੱਖ ਮੁੱਦੇ ਹਨ। ਇਹ ਮਸਲੇ ਹੱਲ ਹੋਣ ਨਾਲ ਕਾਫੀ ਸਮੱਸਿਆਵਾਂ ਦਾ ਹੱਲ ਆਪਣੇ ਆਪ ਹੋ ਜਾਵੇਗਾ। ਪਹਿਲਾਂ ਨਿਵੇਸ਼ ਦੀ ਗੱਲ ਕਰਦੇ ਹਾਂ। ਦੱਸਣਾ ਜ਼ਰੂਰੀ ਹੈ ਕਿ ਪੰਜਾਬ ਚਾਰ ਦਹਾਕਿਆ ਤੋਂ ਬੁਨਿਆਦੀ ਢਾਂਚੇ ਵਿਚ ਪੂੰਜੀ ਨਿਰਮਾਣ ਲਈ ਨਿਵੇਸ਼ ਦੀ ਅਤਿਅੰਤ ਘਾਟ ਝੱਲ ਰਿਹਾ ਹੈ। ਸੂਬੇ ਵਿਚ ਨਿਵੇਸ਼-ਘਰੇਲੂ ਉਤਪਾਦ ਦਾ ਅਨੁਪਾਤ 20 ਪ੍ਰਤੀਸ਼ਤ ਤੋਂ ਘੱਟ ਹੈ ਜੋ ਮੁਲਕ ਦੇ ਮੁੱਖ ਸੂਬਿਆਂ ਦੇ ਮੁਕਾਬਲੇ ਸਭ ਤੋਂ ਘੱਟ ਹੈ ਅਤੇ ਰਾਸ਼ਟਰੀ ਅਨੁਪਾਤ ਤੋਂ ਲਗਭਗ 15 ਪ੍ਰਤੀਸ਼ਤ ਘੱਟ ਹੈ। ਪੰਜਾਬ ਨੂੰ ਭਾਰਤ ਦੇ ਪੱਧਰ ਦਾ ਪੂੰਜੀ ਨਿਰਮਾਣ ਕਰਨ ਲਈ ਵਧੇਰੇ ਤੇ ਵਾਧੂ ਨਿਵੇਸ਼ ਦੀ ਤੁਰੰਤ ਜ਼ਰੂਰਤ ਹੈ। ਇਸ ਤੋਂ ਵੀ ਅੱਗੇ, ਪੰਜਾਬ ਦੇ ਖੇਤੀ ਖੇਤਰ ਵਿਚ ਵੀ ਪੂੰਜੀ ਨਿਵੇਸ਼ ਦੀ ਮਾਤਰਾ ਜੋ ਨਿਵੇਸ਼-ਘਰੇਲੂ ਖੇਤੀ ਉਤਪਾਦ ਦੀ ਅਨੁਪਾਤ ਹੈ, ਲਗਾਤਾਰ ਘਟ ਰਹੀ ਹੈ ਜਿਹੜੀ ਘਟ ਕੇ ਹੁਣ ਤੱਕ ਦੇ ਸਭ ਤੋਂ ਨੀਵੇਂ ਪੱਧਰ 8-9 ਪ੍ਰਤੀਸ਼ਤ 'ਤੇ ਪਹੁੰਚ ਗਈ ਹੈ। ਅਜਿਹਾ ਰਾਜ ਸਰਕਾਰ ਦੀ ਆਰਥਿਕ ਪ੍ਰਸ਼ਾਸਨ ਨੂੰ ਅਣਗੌਲਿਆ ਕਰਨ ਅਤੇ ਰਾਜਕੋਸ਼ੀ ਨੀਤੀ ਦੀ ਅਸਫਲਤਾ ਕਾਰਨ ਹੋਇਆ ਹੈ। ਜੇਕਰ ਪੰਜਾਬ ਆਪਣਾ ਆਰਥਿਕ ਮਾਣ-ਸਨਮਾਨ ਫਿਰ ਹਾਸਲ ਕਰਨਾ ਚਾਹੁੰਦਾ ਹੈ ਤਾਂ ਤੁਰੰਤ ਰਾਜਕੋਸ਼ੀ ਨੀਤੀ ਵਿਚ ਲੋੜੀਂਦੇ ਸੁਧਾਰ ਕਰੇ ਚਾਹੀਦੇ ਹਨ। ਇਸ ਲਈ ਪੰਜਾਬ ਸਰਕਾਰ ਨੂੰ ਟੈਕਸ-ਘਰੇਲੂ ਉਤਪਾਦ ਦਾ ਅਨੁਪਾਤ ਵਧਾ ਕੇ 15 ਪ੍ਰਤੀਸ਼ਤ ਦੇ ਆਸਪਾਸ ਕਰਨਾ ਚਾਹੀਦਾ ਹੈ। ਅਜਿਹਾ ਕਰਾਂ ਦੀ ਵਸੂਲੀ ਵਧਾ ਕੇ, ਕਰਾਂ ਦੀ ਚੋਰੀ ਖਤਮ ਕਰ ਕੇ ਅਤੇ ਨਵੇਂ ਕਰ ਲਗਾ ਕੇ ਸੰਭਵ ਹੈ।

ਪੰਜਾਬ ਵਿਚ ਨਿਵੇਸ਼ ਦੀ ਘਾਟ ਵੱਲ ਨਿਗ੍ਹਾ ਮਾਰੀਏ ਤਾਂ ਪਤਾ ਲਗਦਾ ਹੈ ਕਿ ਸਰਕਾਰ ਦੇ 2020-21 ਵਾਲੇ ਬਜਟ ਵਿਚ ਖ਼ਰਚ ਦਾ 11.6 ਪ੍ਰਤੀਸ਼ਤ ਸਿੱਖਿਆ ਲਈ ਰੱਖਿਆ ਸੀ, ਉਸ ਸਾਲ ਸਿੱਖਿਆ ਤੇ ਖ਼ਰਚ ਲਈ ਮੁਲਕ ਦੇ ਸਾਰੇ ਸੂਬਿਆਂ ਦੀ ਔਸਤ 15.8 ਪ੍ਰਤੀਸ਼ਤ ਸੀ। ਇਸੇ ਤਰ੍ਹਾਂ ਪੰਜਾਬ ਨੇ ਸਿਹਤ ਦੇ ਖੇਤਰ ਲਈ 4 ਪ੍ਰਤੀਸ਼ਤ ਰੱਖੇ, ਮੁਲਕ ਦੀ ਔਸਤ 5.5 ਪ੍ਰਤੀਸ਼ਤ ਸੀ। ਪੰਜਾਬ ਨੇ ਪੇਂਡੂ ਖੇਤਰਾਂ ਦੇ ਵਿਕਾਸ ਲਈ 2.2 ਪ੍ਰਤੀਸ਼ਤ ਹਿੱਸਾ ਰੱਖਿਆ ਅਤੇ ਮੁਲਕ ਦੀ ਔਸਤ 6.1 ਪ੍ਰਤੀਸ਼ਤ ਸੀ। ਸੜਕਾਂ ਅਤੇ ਪੁਲਾਂ ਦੇ ਨਿਰਮਾਣ ਲਈ ਪੰਜਾਬ ਨੇ 1.6 ਪ੍ਰਤੀਸ਼ਤ ਰੱਖੇ ਪਰਮੁਲਕ ਦੀ ਔਸਤ 4.3 ਪ੍ਰਤੀਸ਼ਤ ਸੀ। ਦੱਸਣਾ ਜ਼ਰੂਰੀ ਹੈ ਕਿ ਪੰਜਾਬ ਨੇ ਇਹ ਰਕਮ ਖ਼ਰਚ ਕਰਨ ਲਈ ਰੱਖੀ ਸੀ, ਅਸਲ ਵਿਚ ਖ਼ਰਚ ਲਈ ਰੱਖੀ ਰਕਮ ਤੋਂ ਖ਼ਰਚ ਘੱਟ ਹੀ ਹੁੰਦਾ ਹੈ। ਇਹ ਅੰਕੜੇ ਸਪੱਸ਼ਟ ਕਰਦੇ ਹਨ ਕਿ ਪੰਜਾਬ ਵਿਚ ਸਿੱਖਿਆ, ਸਿਹਤ ਸੰਭਾਲ, ਪੇਂਡੂ ਖੇਤਰਾਂ ਦੇ ਵਿਕਾਸ ਅਤੇ ਸੜਕਾਂ ਤੇ ਪੁਲਾਂ ਦੇ ਨਿਰਮਾਣ ਵਰਗੇ ਮਹੱਤਵਪੂਰਨ ਖੇਤਰਾਂ ਵਿਚ ਨਿਵੇਸ਼ ਦੀ ਘਾਟ ਹੈ। ਇਹਨਾਂ ਖੇਤਰਾਂ ਅਤੇ ਸਮੁੱਚੇ ਪੰਜਾਬ ਵਿਚ ਨਿਵੇਸ਼ ਵਧਾਉਣ ਦੀ ਗੱਲ ਕੋਈ ਧਿਰ ਨਹੀਂ ਕਰ ਰਹੀ।

ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਗੱਲ ਕਰੀਏ ਤਾਂ ਪਤਾ ਲਗਦਾ ਹੈ ਕਿ ਪੰਜਾਬ ਇਸ ਮਾਮਲੇ ਵਿਚ ਕੇਰਲ ਅਤੇ ਪੱਛਮੀ ਬੰਗਾਲ ਦੇ ਨਾਲ ਨਾਲ ਮੁਲਕ ਦਾ ਮੋਹਰੀ ਸੂਬਾ ਹੈ। ਕਿਸੇ ਵੀ ਸ਼ਖ਼ਸ ਜਾਂ ਸਰਕਾਰ ਸਿਰ ਚੜ੍ਹੇ ਕਰਜ਼ੇ ਦਾ ਭਾਰ ਮਿਣਨ ਲਈ ਚੜ੍ਹੇ ਕਰਜ਼ੇ ਅਤੇ ਕੁਲ ਆਮਦਨ ਦੀ ਅਨੁਪਾਤ ਦੇਖੀ ਜਾਂਦੀ ਹੈ। ਪੰਜਾਬ ਵਿਚ 2001 ਤੋਂ ਪਹਿਲਾਂ, ਚੜ੍ਹੇ ਕਰਜ਼ੇ ਅਤੇ ਪੰਜਾਬ ਦਾ ਕੁਲ ਘਰੇਲੂ ਉਤਪਾਦ ਅਨੁਪਾਤ 40 ਪ੍ਰਤੀਸ਼ਤ ਤੋਂ ਘੱਟ ਹੁੰਦੀ ਸੀ ਜਿਹੜੀ ਹੁਣ ਵਧ ਕੇ 52.8 ਪ੍ਰਤੀਸ਼ਤ ਹੋ ਗਈ ਹੈ; ਭਾਵ 2001 ਵਿਚ ਪੰਜਾਬ ਸਰਕਾਰ ਸਿਰ 30760 ਕਰੋੜ ਰੁਪਏ ਦਾ ਕਰਜ਼ਾ ਸੀ ਜਿਹੜਾ ਵਧਦਾ ਵਧਦਾ 2007 ਵਿਚ 40000 ਕਰੋੜ ਰੁਪਏ, 2010 ਵਿਚ 53252 ਕਰੋੜ, 2015 ਵਿਚ 86818 ਕਰੋੜ, 2017 ਵਿਚ 153773 ਕਰੋੜ ਰੁਪਏ ਅਤੇ ਅੱਜ ਕੱਲ੍ਹ 282000 ਕਰੋੜ ਰੁਪਏ ਦੇ ਨੇੜੇ-ਤੇੜੇ ਹੈ। ਜੇ ਸਰਕਾਰਾਂ ਇਵੇਂ ਹੀ ਚੱਲਦੀਆਂ ਰਹੀਆਂ ਤਾਂ 2025 ਵਿਚ ਕਰਜ਼ਾ 373988 ਕਰੋੜ ਰੁਪਏ ਹੋ ਜਾਵੇਗਾ। ਅਜਿਹਾ ਇਸ ਕਰਕੇ ਹੋਇਆ ਹੈ ਕਿਉਂਕਿ ਪੰਜਾਬ ਦੀਆਂ ਵੱਖ ਵੱਖ ਸਰਕਾਰਾਂ ਨੇ ਸਖ਼ਤ ਫ਼ੈਸਲੇ ਕਰ ਕੇ ਆਮਦਨ ਵਧਾਉਣ ਦੀ ਬਜਾਇ ਹੋਰ ਕਰਜ਼ਾ ਲੈਣ ਨੂੰ ਤਰਜੀਹ ਦਿੱਤੀ।

ਖੇਤੀ ਖੇਤਰ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ ਪਰ ਉਦਾਰੀਕਰਨ ਦੀਆਂ ਨੀਤੀਆਂ ਨੇ ਇਸ ਨੂੰ ਸੰਕਟ ਵਿਚ ਫਸਾ ਦਿੱਤਾ ਹੈ। ਖੇਤੀ ਦੀਆਂ ਲਗਾਤਾਰ ਵਧ ਰਹੀਆ ਲਾਗਤਾਂ, ਘਟਦੀ ਆਮਦਨ ਅਤੇ ਛੋਟੀ ਤੇ ਸੀਮਾਂਤ ਕਿਸਾਨੀ ਉਪਰ ਕਰਜ਼ੇ ਦੇ ਮੱਕੜਜਾਲ ਨੇ ਕਿਸਾਨਾਂ ਨੂੰ ਖ਼ੁਦਕੁਸ਼ੀਆਂ ਦੇ ਰਾਹ ਪਾ ਦਿੱਤਾ ਹੈ। ਖੇਤੀ ਸੰਕਟ ਦੀ ਬਹੁਤੀ ਮਾਰ ਛੋਟੀ ਤੇ ਸੀਮਾਂਤ ਕਿਸਾਨੀ ਅਤੇ ਖੇਤ ਮਜ਼ਦੂਰਾਂ 'ਤੇ ਪਈ ਹੈ, ਖ਼ੁਦਕੁਸ਼ੀਆਂ ਵੀ ਇਹਨਾਂ ਵਰਗਾਂ ਵਿਚ ਹੀ ਵਧੇਰੇ ਹੋਈਆਂ ਹਨ। ਖ਼ੁਦਕੁਸ਼ੀ ਵਾਲੇ ਪਰਿਵਾਰ ਦੇ ਜੀਅ ਸਮਾਜਕ ਅਤੇ ਆਰਥਕ ਸਦਮੇ ਦਾ ਸ਼ਿਕਾਰ ਹੋ ਜਾਂਦੇ ਹਨ ਜਿਹਨਾਂ ਨੂੰ ਤੁਰੰਤ ਮਨੁੱਖੀ ਹਮਦਰਦੀ ਦਿਖਾ ਕੇ ਮੁੜ ਵਸਾਉਣ ਦੀ ਲੋੜ ਹੁੰਦੀ ਹੈ। ਖੇਤੀ ਸੰਕਟ ਦੇ ਲੰਮੇ ਸਮੇਂ ਦੇ ਹੱਲ ਲਈ ਸਰਕਾਰ ਨੂੰ ਖੇਤੀ ਆਧਾਰਿਤ ਸਨਅਤਾਂ ਲਾ ਕੇ ਪੇਂਡੂ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਦੀ ਨੀਤੀ ਲਾਗੂ ਕਰਨੀ ਚਾਹੀਦੀ ਹੈ। ਕਾਰਪੋਰੇਟ ਸੈਕਟਰ/ਮੈਗਾ ਪ੍ਰਾਜੈਕਟਾਂ ਨੂੰ ਮਿਲਣ ਵਾਲੀਆਂ ਸਾਰੀਆਂ ਸਬਸਿਡੀਆਂ ਅਤੇ ਟੈਕਸ ਛੋਟਾਂ ਉਹਨਾਂ ਉਦਮੀਆਂ ਨੂੰ ਵੀ ਦੇਣੀਆਂ ਚਾਹੀਦੀਆਂ ਹਨ ਜਿਹੜੇ ਖੇਤੀ ਆਧਾਰਿਤ ਸਨਅਤਾਂ ਪਿੰਡਾਂ ਵਿਚ ਲਗਾਉਣ ਅਤੇ ਲੋਕਲ ਕੱਚਾ ਮਾਲ ਵਰਤਣ ਨੂੰ ਪਹਿਲ ਦੇਣ। ਪੰਜਾਬ ਅਰਥਚਾਰੇ ਵਿਚ ਲੰਬੇ ਸਮੇਂ ਵਿਚ ਆਰਥਿਕ ਵਿਕਾਸ ਲਈ ਪੇਂਡੂ ਖੇਤਰਾਂ ਵਿਚ ਆਰਥਿਕ ਤਬਦੀਲੀਆਂ ਲਿਆਉਣਾ ਮੁੱਖ ਮਨੋਰਥ ਹੋਣਾ ਚਾਹੀਦਾ ਹੈ। ਅਜਿਹੀ ਤਬਦੀਲੀ ਲਈ ਖੇਤੀ ਦੇ ਮੁਢਲੇ ਉਤਪਾਦਕਾਂ ਨੂੰ ਮੰਡੀਕਰਨ ਅਤੇ ਸਨਅਤੀਕਰਨ ਦੀਆਂ ਪ੍ਰਕਿਰਿਆਵਾਂ ਵਿਚ ਆਪਸੀ ਤਾਲਮੇਲ ਬਿਠਾ ਕੇ ਵਧੇਰੇ ਲਾਭ ਲਈ ਪ੍ਰੇਰਨਾ ਚਾਹੀਦਾ ਹੈ। ਉਮੀਦ ਹੈ, ਪੰਜਾਬ ਸਰਕਾਰ ਲੋਕਾਂ ਅਤੇ ਆਰਥਿਕ ਮਾਹਿਰਾਂ ਦੀਆਂ ਸਲਾਹਾਂ ਨੂੰ ਧਿਆਨ ਵਿਚ ਰੱਖ ਲੈ ਕੇ ਹੀ ਅਗਲਾ ਬਜਟ ਤਿਆਰ ਕਰੇਗੀ ਅਤੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰੇਗੀ।

# ਪੰਜਾਬ ਬਿਜਲੀ ਦੀ ਮੰਗ ਨਾਲ ਕਿਵੇਂ ਨਜਿੱਠੇ

(ਸਫਾ 21 ਦੀ ਬਾਕੀ)

ਵਧਣੀ ਸ਼ੁਰੂ ਹੁੰਦੀ ਹੈ ਅਤੇ ਜੁਲਾਈ ਵਿਚ ਸਿਖਰ 'ਤੇ ਪਹੁੰਚ ਕੇ ਸਤੰਬਰ ਦੇ ਅਖੀਰ ਤੱਕ ਘਟ ਕੇ ਤਕਰੀਬਨ ਅੱਧੀ ਰਹਿ ਜਾਂਦੀ ਹੈ। ਅਕਤੂਬਰ ਤੋਂ ਮਈ ਤੱਕ ਮੰਗ ਤਕਰੀਬਨ ਇੱਕਸਾਰ (6000 ਤੋਂ 8000 ਮੈਗਾਵਾਟ) ਰਹਿੰਦੀ ਹੈ। ਜ਼ਾਹਰ ਹੈ ਕਿ ਬਿਜਲੀ ਦੀ ਉਪਲਬਧ ਸਮਰੱਥਾ ਤੋਂ ਵਧੀ ਮੰਗ ਸਿਰਫ ਸੀਜ਼ਨਲ ਹੁੰਦੀ ਹੈ। ਪੰਜਾਬ ਵਿਚ ਭਾਵੇਂ 300 ਯੂਨਿਟਾਂ ਪ੍ਰਤੀ ਮਹੀਨਾ ਮੁਫਤ ਕਰਨ ਨਾਲ ਬਿਜਲੀ ਖਪਤ ਵਿਚ ਅਣਕਿਆਸਿਆ ਵਾਧਾ ਹੋਣ ਦੇ ਨਾਲ ਨਾਲ ਇਸ ਦੀ ਚਿਰਾਂ ਤੋਂ ਚੱਲੀ ਆ ਰਹੀ ਲੋਡ ਦੀ ਰੂਪ ਰੇਖਾ ਵੀ ਬਦਲ ਸਕਦੀ ਹੈ ਪਰ ਹਾਲ ਦੀ ਘੜੀ ਮੁੱਖ ਸਮੱਸਿਆ ਸੀਜ਼ਨਲ ਮੰਗ ਨਾਲ ਨਜਿੱਠਣ ਦੀ ਹੈ। ਮੌਜੂਦ ਸੋਮਿਆਂ ਮੁਤਾਬਿਕ ਇਹ ਮੰਗ ਪੂਰੀ ਕਰਨਾ ਸਾਡੇ ਵੱਸ ਦਾ ਰੋਗ ਨਹੀਂ ਪਰ ਪ੍ਰਬੰਧ ਤਾਂ ਹੋਣਾ ਚਾਹੀਦਾ ਹੈ। ਅਜਿਹੇ ਪ੍ਰਬੰਧਾਂ ਨੂੰ 'ਮੰਗ ਵਾਲੇ ਪਾਸੇ ਦਾ ਪ੍ਰਬੰਧ' ਆਖਦੇ ਹਨ। ਅੱਜ ਕੱਲ੍ਹ ਇਹ ਪ੍ਰਬੰਧ ਬਿਜਲੀ ਢਾਂਚਾ ਸੰਚਾਲਨ ਦੀ ਅਹਿਮ ਰਣਨੀਤੀ ਬਣ ਰਹੀ ਹੈ। ਪੰਜਾਬ ਸਰਕਾਰ ਨੂੰ ਊਰਜਾ ਸੰਜਮ ਨਾਲ ਵਰਤਣ, ਸਿਖਰ ਲੋਡ ਘਟਾਉਣ ਅਤੇ ਭਰੋਸੇਯੋਗਤਾ ਵਿਚ ਸੁਧਾਰ ਕਰਨ ਲਈ ਨਵੀਆਂ ਤਕਨੀਕਾਂ ਵਰਤ ਕੇ ਊਰਜਾ ਦੀ ਬੇਲੋੜੀ ਮੰਗ ਅਤੇ ਬਿਜਲੀ ਘਾਟਿਆਂ 'ਤੇ ਕਾਬੂ ਪਾਉਣਾ ਚਾਹੀਦਾ ਹੈ।

ਇਸ ਦੇ ਟਾਕਰੇ ਲਈ ਸਾਨੂੰ ਉਨ੍ਹਾਂ ਥਾਵਾਂ ਦੀ ਨਿਸ਼ਾਨਦੇਹੀ ਕਰਨੀ ਪਵੇਗੀ ਜਿੱਥੇ ਬਿਜਲੀ ਦੀ ਰੋਜ਼ਮੱਰਾ ਵਰਤੋਂ ਵਿਚ ਸੰਜਮ ਵਰਤਣ ਦੇ ਨਾਲ ਨਾਲ ਬੇਲੋੜੀ ਅਤੇ ਨਾਜਾਇਜ਼ ਵਰਤੋਂ ਸਖਤੀ ਨਾਲ ਰੋਕੀ ਜਾ ਸਕੇ। ਬਿਜਲੀ ਦੀ ਵੱਧ ਤੋਂ ਵੱਧ ਮੰਗ ਰਾਜ ਵਿਚ ਖੇਤੀ, ਵਪਾਰਕ, ਸਨਅਤੀ ਖੇਤਰ, ਲੋਕਾਂ ਦੀ ਜੀਵਨ ਸ਼ੈਲੀ ਆਦਿ 'ਤੇ ਨਿਰਭਰ ਕਰਦੀ ਹੈ। ਹਾਲੀਆ ਚਰਚਾ ਖੇਤੀ ਖੇਤਰ ਅਤੇ ਪਾਣੀ ਦੀ ਵਰਤੋਂ ਤੱਕ ਸੀਮਤ ਰੱਖਾਂਗੇ। ਬਿਜਲੀ ਦੀ ਸਿਖਰ ਮੰਗ ਜੂਨ ਵਿਚ ਝੋਨਾ ਸੀਜ਼ਨ ਦੀ ਸ਼ੁਰੂਆਤ ਨਾਲ ਆਮ ਨਾਲੋਂ ਦੂਢੀ ਤੋਂ ਵੀ ਟੱਪ ਜਾਂਦੀ ਹੈ। ਸੋ ਸਰਕਾਰ ਨੂੰ ਝੋਨੇ ਦੇ ਸੀਜ਼ਨ ਵੇਲੇ ਆਈ ਇਹ ਮੰਗ ਘਟਾਉਣ ਲਈ ਜੰਗੀ ਪੱਧਰ 'ਤੇ ਕੰਮ ਕਰਨਾ ਚਾਹੀਦਾ ਹੈ।

ਪੰਜਾਬ ਵਿਚ ਲੱਗਭੱਗ 13,87,681 ਟਿਊਬਵੈੱਲ ਹਨ ਜਿਨ੍ਹਾਂ ਦਾ ਕੁੱਲ ਮਨਜ਼ੂਰਸ਼ੁਦਾ ਲੋਡ ਤਕਰੀਬਨ 10377 ਮੈਗਾਵਾਟ ਹੈ ਜੋ ਪੀਐੱਸਪੀਐੱਲ ਦੇ ਕੁੱਲ ਲੋਡ ਦਾ 24% ਬਣਦਾ ਹੈ। ਖੇਤੀ ਖੇਤਰ ਦੀ ਅੰਦਾਜ਼ਨ ਖਪਤ 1226 ਕਰੋੜ ਯੂਨਿਟ ਹੈ ਜੋ ਕੁੱਲ ਖਪਤ ਦਾ 22% ਬਣਦੀ ਹੈ। ਖੇਤੀ ਪੰਪਾਂ ਨੂੰ ਕਦੇ ਵੀ ਇੱਕੋ ਵੇਲੇ ਬਿਜਲੀ ਸਪਲਾਈ ਨਹੀਂ ਦਿੱਤੀ ਜਾ ਸਕਦੀ। ਇਸ ਲਈ ਇਨ੍ਹਾਂ ਨੂੰ ਤਿੰਨ ਸ਼ਿਫਟਾਂ ਵਿਚ ਸਪਲਾਈ ਦਿੱਤੀ ਜਾਂਦੀ ਹੈ ਜਿਸ ਦਾ ਇੱਕ ਵੇਲੇ ਦਾ ਲੋਡ 3000 ਤੋਂ 4000 ਮੈਗਾਵਾਟ ਹੁੰਦਾ ਹੈ। ਇਸ ਮੰਗ 'ਤੇ ਕਾਬੂ ਪਾਉਣ ਲਈ ਖੇਤੀ ਵੰਨ-ਸਵੰਨਤਾ ਅਤੇ ਸਿੰਜਾਈ ਲਈ ਪਾਣੀ ਨੂੰ ਵਿਗਿਆਨਕ ਪਹੁੰਚ ਅਤੇ ਸੰਜਮ ਨਾਲ ਵਰਤਣ ਵੱਲ ਤਵੱਜੋਂ ਦੇਣੀ ਪਵੇਗੀ। ਪਾਣੀ ਅਤੇ ਬਿਜਲੀ ਦੀ ਬੱਚਤ ਲਈ ਪੰਜਾਬ ਸਰਕਾਰ ਨੇ 'ਪਾਣੀ ਬਚਾਓ ਪੈਸੇ ਕਮਾਓ' ਦੀ ਸਵੈ-ਇੱਛਤ ਸਕੀਮ ਲਾਗੂ ਕੀਤੀ ਸੀ। ਇਸ ਸਕੀਮ ਤਹਿਤ ਮੋਟਰ ਦੀ ਸਮਰੱਥਾ ਅਨੁਸਾਰ ਪ੍ਰਤੀ ਮਹੀਨਾ ਖਪਤ ਤੈਅ ਕੀਤੀ ਜਾਂਦੀ ਹੈ। ਜੇ ਕਿਸਾਨ ਇਸ ਤੋਂ ਵੱਧ ਬਿਜਲੀ ਵਰਤਦਾ ਹੈ ਤਾਂ ਉਸ ਨੂੰ ਕੋਈ ਬਿੱਲ ਨਹੀਂ ਭੇਜਿਆ ਜਾਂਦਾ ਪਰ ਘੱਟ ਵਰਤਣ 'ਤੇ 4 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਕਿਸਾਨ ਨੂੰ ਰਕਮ ਅਦਾ ਕੀਤੀ ਜਾਂਦੀ ਹੈ। ਇਸ ਸਕੀਮ ਨੂੰ 267 ਕਿਸਾਨਾਂ ਨੇ ਅਪਣਾਇਆ ਅਤੇ 3,08,029 ਯੂਨਿਟਾਂ ਦੀ ਬੱਚਤ ਕਰਕੇ 12,32,118 ਰੁਪਏ ਦਾ ਲਾਭ ਪ੍ਰਾਪਤ ਕੀਤਾ। ਇਸ ਸਕੀਮ ਨਾਲ ਜਿੱਥੇ ਕਿਸਾਨ ਪੈਸੇ ਕਮਾ ਸਕਦਾ ਹੈ, ਉਥੇ ਪਾਣੀ ਤੇ ਬਿਜਲੀ ਦੀ ਬੱਚਤ ਵੀ ਹੋ ਜਾਂਦੀ ਹੈ। ਇਸ ਸਕੀਮ ਨੂੰ ਵਿਆਪਕ ਪੱਧਰ 'ਤੇ ਪ੍ਰਚਾਰਨ ਅਤੇ ਅਪਣਾਉਣ ਦੀ ਲੋੜ ਹੈ। ਪਿਛਲੇ ਮਾਲੀ ਸਾਲ ਦੇ ਬੱਜਟ ਵਿਚ ਇਸ ਸਕੀਮ ਲਈ 10 ਕਰੋੜ ਰੁਪਏ ਰੱਖੇ ਸਨ। ਇਸ ਦਫਾ ਇਹ ਰਾਸ਼ੀ ਵਧਾ ਕੇ ਘੱਟੋ-ਘੱਟ 15 ਕਰੋੜ ਕਰ ਦੇਣਾ ਚਾਹੀਦਾ ਹੈ। ਇਸ ਸਕੀਮ ਨੂੰ ਉਨ੍ਹਾਂ ਬਲਾਕਾਂ ਵਿਚ ਤਰਜੀਹ ਦਿੱਤੀ ਜਾਵੇ ਜਿੱਥੇ ਪਾਣੀ ਦਾ ਪੱਧਰ ਬਹੁਤ ਨੀਵਾਂ ਹੈ। 10 ਹਾਰਸ ਪਾਵਰ ਤੱਕ ਦੇ ਖੇਤੀ ਕੁਨੈਕਸ਼ਨਾਂ ਨੂੰ 80% ਸਬਸਿਡੀ ਮੁਹੱਈਆ ਕਰਕੇ ਪੜਾਵਾਰ ਸੌਰ ਊਰਜਾ ਨਾਲ ਜੋੜ ਕੇ ਕੁੱਲ ਲੋਡ ਵਿਚ 4200 ਮੈਗਾਵਾਟ ਦੀ ਕਮੀ ਹੋਵੇਗੀ ਅਤੇ ਸਿਖਰ ਮੰਗ ਤਕਰੀਬਨ 1400 ਮੈਗਾਵਾਟ ਘਟੇਗੀ। ਮਹਿਕਮੇ ਨੂੰ ਦਿੱਤੀ ਜਾਣ ਵਾਲੀ ਸਬਸਿਡੀ ਦੀ ਰਕਮ ਵਿਚ ਵੀ ਕਮੀ ਆਵੇਗੀ। ਇਹ ਬੱਚਤ ਰਾਸ਼ੀ ਪੰਜਾਬ ਸਰਕਾਰ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦੇਣ ਲਈ ਵਰਤ ਸਕਦੀ ਹੈ।

ਖੇਤੀ ਖੇਤਰ ਨੂੰ ਦਿੱਤੀ ਜਾ ਰਹੀ ਬਿਜਲੀ ਸਪਲਾਈ ਦੇ ਲਾਈਨ ਘਾਟੇ 11% ਦੇ ਹਿਸਾਬ ਨਾਲ ਤਕਰੀਬਨ 1500 ਮਿਲੀਅਨ ਯੂਨਿਟ ਹਨ। ਜਿਨ੍ਹਾਂ ਬਲਾਕਾਂ ਵਿਚ 10 ਹਾਰਸ ਪਾਵਰ ਤੋਂ ਵੱਧ ਦੇ ਖੇਤੀ ਕਨੈਕਸ਼ਨ ਹਨ, ਉਨ੍ਹਾਂ ਵਿਚ ਖੇਤੀ ਫੀਡਰਾਂ ਦੀ 'ਜਿਓਗ੍ਰਾਫਿਕ ਇਨਫਰਮੇਸ਼ਨ ਸਿਸਟਮ' ਰਾਹੀਂ ਮੈਪਿੰਗ ਕਰਵਾ ਕੇ ਫੀਡਰਾਂ ਦੀ ਲੰਬਾਈ ਘੱਟ ਤੋਂ ਘੱਟ ਕਰਨ ਦੇ ਨਾਲ ਨਾਲ ਐੱਲਟੀ ਲਾਈਨਾਂ ਖਤਮ ਕਰ ਦੇਣੀਆਂ ਚਾਹੀਦੀਆਂ ਹਨ।

ਇਸ ਕੰਮ ਲਈ ਪੂੰਜੀ ਨਾਲੋਂ ਲੋਕਾਂ ਦੇ ਸਹਿਯੋਗ ਦੀ ਜ਼ਿਆਦਾ ਜ਼ਰੂਰਤ ਪਵੇਗੀ। ਸਾਰੇ ਖੇਤੀ ਕੁਨੈਕਸ਼ਨਾਂ 'ਤੇ ਲਾਉਣ ਲਈ ਕਪੈਸਟਰ ਸਰਕਾਰ ਨੂੰ ਦੇਣੇ ਚਾਹੀਦੇ ਹਨ ਜਿਸ ਦੀ ਵਰਤੋਂ ਕਰਨ ਨਾਲ ਮੋਟਰ ਪਾਣੀ ਵੱਧ ਕੱਢਦੀ ਹੈ। ਇਹ ਮੋਟਰ ਅਤੇ ਟਰਾਂਸਫਰਮਰ ਦੋਨਾਂ ਨੂੰ ਸੜਨ ਤੋਂ ਵੀ ਬਚਾਉਂਦਾ ਹੈ। 'ਅਨਰਜੀ ਐਫੀਸੈਂਸੀ ਸਰਵਿਸ ਲਿਮਟਿਡ' ਦੀ ਮਦਦ ਨਾਲ ਪੰਪ ਸੈੱਟਾਂ 5 ਸਟਾਰ ਰੇਟਿੰਗ ਨਾਲ ਬਦਲਣ ਦੀ ਯੋਜਨਾ ਬਣਾਉਣੀ ਚਾਹੀਦੀ ਹੈ। ਜੇ ਖੇਤੀ ਪੰਪ ਸੈੱਟ ਐਫੀਸ਼ੈਂਟ ਪੰਪ ਸੈੱਟ ਨਾਲ ਤਬਦੀਲ ਕੀਤੇ ਜਾਂਦੇ ਹਨ ਤਾਂ ਊਰਜਾ ਦੀ ਖਪਤ 10% ਘਟਾਈ ਜਾ ਸਕਦੀ ਹੈ। ਖੇਤੀਬਾੜੀ ਦੀ ਕੁੱਲ ਖਪਤ 12255 ਮਿਲੀਅਨ ਯੂਨਿਟ ਹੈ, ਇਸ ਤਰ੍ਹਾਂ ਤਕਰੀਬਨ 1226 ਮਿਲੀਅਨ ਯੂਨਿਟ ਸਾਲਾਨਾ ਬੱਚਤ ਹੋ ਸਕਦੀ ਹੈ ਅਤੇ ਝੋਨੇ ਦੇ ਸੀਜ਼ਨ ਵਿਚ ਸਿਖਰ ਮੰਗ ਵਿਚ ਤਕਰੀਬਨ 100 ਮੈਗਾਵਾਟ ਦੀ ਕਮੀ ਹੋ ਸਕਦੀ ਹੈ। ਅਨਰਜੀ ਐਫੀਸ਼ੈਂਸੀ ਸਰਵਿਸ ਲਿਮਟਿਡ ਮੁਤਾਬਕ ਭਾਰਤ ਵਿਚ 210 ਲੱਖ ਖੇਤੀ ਪੰਪਾਂ ਲਈ 54 ਬਿਲੀਅਨ ਯੂਨਿਟ ਬਿਜਲੀ ਦੀ ਸਾਲਾਨਾ ਬੱਚਤ ਹੋਵੇਗੀ ਜਿਸ ਨਾਲ 272 ਬਿਲੀਅਨ ਰੁਪਏ ਦੀ ਸਬਸਿਡੀ ਦੀ ਬੱਚਤ ਕੀਤੀ ਜਾ ਸਕਦੀ ਹੈ। ਸਰਕਾਰ ਨੂੰ ਪੰਜਾਬ ਪ੍ਰੀਜ਼ਰਵੇਸ਼ਨ ਆਫ ਸਬ-ਸੋਇਲ ਵਾਟਰ ਕਾਨੂੰਨ-2009 ਦਾ ਦਾਇਰਾ ਵਧਾਉਣਾ ਚਾਹੀਦਾ ਹੈ। ਇਸ ਵਿਚ ਖੇਤੀ ਖੇਤਰ ਤੋਂ ਇਲਾਵਾ ਸ਼ਹਿਰਾਂ ਅਤੇ ਪਿੰਡਾਂ ਵਿਚ ਹੋਰ ਕੰਮਾਂ ਲਈ ਵਰਤੇ ਜਾਣ ਵਾਲਾ ਪਾਣੀ ਵੀ ਸ਼ਾਮਿਲ ਕਰਨਾ ਚਾਹੀਦਾ ਹੈ। ਇਸ ਵਿਚ ਝੋਨਾ ਲਾਉਣ ਦੀ ਮਿਤੀ ਹੀ ਨਹੀਂ ਬਲਕਿ ਫਸਲਵਾਰ ਵਿਗਿਆਨ ਅਨੁਸਾਰ, ਪਾਣੀ ਦੀ ਮਾਤਰਾ ਦੇ ਮਾਪਦੰਡ ਵੀ ਤੈਅ ਕਰਨੇ ਚਾਹੀਦੇ ਹਨ। ਸ਼ਹਿਰਾਂ ਅਤੇ ਪਿੰਡਾਂ ਵਿਚ ਹੋਰ ਕੰਮਾਂ ਲਈ ਵੀ ਪਾਣੀ ਬੇਕਿਰਕੀ ਨਾਲ ਵਰਤਿਆ ਜਾ ਰਿਹਾ ਹੈ। ਇਸ ਕਾਨੂੰਨ ਤਹਿਤ ਸਭ ਥਾਵਾਂ 'ਤੇ ਪਾਣੀ ਵਾਲੇ ਮੀਟਰ ਲਾਜ਼ਮੀ ਕੀਤੇ ਜਾਣ। ਜਿਸ ਤਰ੍ਹਾਂ ਬਿਜਲੀ ਦੀ ਖਪਤ ਵਧਣ 'ਤੇ ਯੂਨਿਟ ਦਾ ਰੇਟ ਵਧ ਜਾਂਦਾ ਹੈ, ਉਸੇ ਤਰਜ਼ 'ਤੇ ਪਾਣੀ ਦੀ ਵਰਤੋਂ ਜਦੋਂ ਖਾਸ ਮਾਤਰਾ ਤੋਂ ਵਧ ਜਾਵੇ ਤਾਂ ਉਸ ਦਾ ਪ੍ਰਤੀ ਲਿਟਰ ਰੇਟ ਵੀ ਵਧਾ ਦੇਣਾ ਚਾਹੀਦਾ ਹੈ। ਪਾਣੀ ਦੀ ਵਰਤੋਂ ਬਿਜਲੀ ਦੀ ਖਪਤ ਨਾਲ ਸਿੱਧੇ ਤੌਰ 'ਤੇ ਜੁੜੀ ਹੋਈ ਹੈ। ਸੋ, ਪਾਣੀ ਦੀ ਬਚਤ ਨਾਲ ਬਿਜਲੀ ਦੀ ਵੀ ਬੱਚਤ ਹੋਵੇਗੀ। ਇਉਂ ਅਸੀਂ ਸਿਖਰ ਮੰਗ ਤਕਰੀਬਨ 1500 ਮੈਗਾਵਾਟ ਘਟਾ ਸਕਦੇ ਹਾਂ ਅਤੇ ਬਿਜਲੀ ਦੀ ਖਪਤ 'ਤੇ ਵੀ ਕਾਬੂ ਪਾ ਸਕਦੇ ਹਾਂ। ਇਸ ਸਭ ਦੀ ਪੂਰਤੀ ਲਈ ਸਰਕਾਰ ਦੀ ਇੱਛਾ ਸ਼ਕਤੀ, ਦੂਰ ਦ੍ਰਿਸ਼ਟੀ ਅਤੇ ਸਾਡਾ ਜ਼ਿੰਮੇਵਾਰ ਨਾਗਰਿਕ ਹੋਣਾ ਜ਼ਰੂਰੀ ਹੈ।

# ਕਿੰਨੀ ਵਾਰ ਖਾਣਾ ਖਾਈਏ, ਕੀ ਕਹਿੰਦੇ ਨੇ ਸਿਹਤ ਮਾਹਰ

ਤੁਸੀਂ ਸ਼ਾਇਦ ਦਿਨ ਵਿਚ ਤਿੰਨ ਵਾਰ ਖਾਂਦੇ ਹੋ। ਆਧੁਨਿਕ ਜੀਵਨ ਖਾਣ ਦੇ ਇਸ ਤਰੀਕੇ ਦੇ ਆਲੇ-ਦੁਆਲੇ ਹੀ ਸਿਰਜਿਆ ਗਿਆ ਹੈ।ਸਾਨੂੰ ਦੱਸਿਆ ਜਾਂਦਾ ਹੈ ਕਿ ਨਾਸ਼ਤਾ ਦਿਨ ਦਾ ਸਭ ਤੋਂ ਮਹੱਤਵਪੂਰਨ ਭੋਜਨ ਹੈ, ਸਾਨੂੰ ਕੰਮ 'ਤੇ ਦੁਪਹਿਰ ਦੇ ਖਾਣੇ ਦੀ ਬਰੇਕ ਦਿੱਤੀ ਜਾਂਦੀ ਹੈ ਅਤੇ ਫਿਰ ਸਾਡੀ ਸਮਾਜਿਕ ਅਤੇ ਪਰਿਵਾਰਕ ਜ਼ਿੰਦਗੀ ਰਾਤ ਦੇ ਖਾਣੇ ਦੇ ਆਲੇ-ਦੁਆਲੇ ਘੁੰਮਦੀ ਹੈ।

**ਪਰ ਕੀ ਇਹ ਖਾਣ ਦਾ ਸਭ ਤੋਂ ਸਿਹਤਮੰਦ ਤਰੀਕਾ ਹੈ?**

ਇਹ ਸੋਚਣ ਦੀ ਬਜਾਇ ਕਿ ਸਾਨੂੰ ਕਿਵੇਂ ਖਾਣਾ ਚਾਹੀਦਾ ਹੈ, ਸਾਇੰਸਦਾਨ ਕਹਿੰਦੇ ਹਨ ਇਸ ਬਾਰੇ ਵਧੇਰੇ ਧਿਆਨ ਦਿਓ ਕਿ ਸਾਨੂੰ ਕਦੋਂ ਨਹੀਂ ਖਾਣਾ ਚਾਹੀਦਾ। ਹਾਲ ਦੇ ਸਮੇਂ, ਇੰਟਰਮਿਟੈਂਟ ਫਾਸਟਿੰਗ ਰਿਸਰਚ ਦਾ ਇੱਕ ਵੱਡਾ ਖੇਤਰ ਜਾਂ ਵਿਸ਼ਾ ਬਣ ਗਿਆ ਹੈ। ਇੰਟਰਮਿਟੈਂਟ ਫਾਸਟਿੰਗ ਵਿੱਚ 8 ਘੰਟਿਆਂ ਜਾਂ ਹੋਰ ਵਕਫ਼ੇ ਤੱਕ ਕੁਝ ਨਹੀਂ ਖਾਣਾ ਹੁੰਦਾ। ਸਾਲਕ ਇੰਸਟੀਚਿਊਟ ਫਾਰ ਬਾਇਓਲੋਜੀਕਲ ਸਟੱਡੀਜ਼ (ਕੈਲੀਫੋਰਨੀਆ, ਅਮਰੀਕਾ) ਦੇ ਕਲਿਨੀਕਲ ਖੋਜਕਾਰ ਅਤੇ 2019 ਵਿੱਚ ਪ੍ਰਕਾਸ਼ਿਤ ਇੱਕ ਵਿਗਿਆਨਕ ਲੇਖ "ਕਦੋਂ ਖਾਣਾ ਹੈ" ਦੇ ਲੇਖਿਕਾ ਐਮਿਲੀ ਮੈਨੂਗੀਅਨ ਮੁਤਾਬਕ, ਦਿਨ ਵਿੱਚ ਘੱਟੋ-ਘੱਟ 12 ਘੰਟੇ ਲਈ ਕੁਝ ਨਾ ਖਾਣ ਨਾਲ ਸਾਡੀ ਪਾਚਨ ਪ੍ਰਣਾਲੀ ਨੂੰ ਆਰਾਮ ਮਿਲਦਾ ਹੈ। ਯੂਨੀਵਰਸਿਟੀ ਆਫ਼ ਵਿਸਕੋਨਸਿਨ ਸਕੂਲ ਆਫ਼ ਮੈਡੀਸਨ ਐਂਡ ਪਬਲਿਕ ਹੈਲਥ ਦੇ ਇੱਕ ਐਸੋਸੀਏਟ ਪ੍ਰੋਫੈਸਰ ਰੋਜ਼ਲਿਨ ਐਂਡਰਸਨ ਨੇ ਕੈਲੋਰੀਜ਼ ਪਾਬੰਦੀ ਦੇ ਲਾਭਾਂ ਦਾ ਅਧਿਐਨ ਕੀਤਾ ਹੈ, ਜੋ ਸਰੀਰ ਵਿੱਚ ਸੋਜਿਸ਼ ਦੇ ਹੇਠਲੇ ਪੱਧਰ ਨਾਲ ਜੁੜਿਆ ਹੋਇਆ ਹੈ।

ਉਹ ਕਹਿੰਦੇ ਹਨ, "ਹਰ ਰੋਜ਼ ਵਰਤ ਰੱਖਣ ਨਾਲ ਇਨ੍ਹਾਂ ਵਿੱਚੋਂ ਕੁਝ ਲਾਭ ਹੋ ਸਕਦੇ ਹਨ। ਇਹ ਇਸ ਵਿਚਾਰ ਨਾਲ ਮੇਲ ਖਾਂਦਾ ਹੈ ਕਿ ਵਰਤ ਰੱਖਣ ਨਾਲ ਸਰੀਰ ਨੂੰ ਇੱਕ ਵੱਖਰੀ ਸਥਿਤੀ ਵਿੱਚ ਲਿਆਂਦਾ ਜਾਂਦਾ ਹੈ, ਜਿੱਥੇ ਇਹ ਨੁਕਸਾਨ ਦੀ ਮੁਰੰਮਤ ਅਤੇ ਨਿਗਰਾਨੀ ਕਰਨ ਦੇ ਨਾਲ-ਨਾਲ ਮਿਸਫੋਲਡਿਡ ਪ੍ਰੋਟੀਨ ਨੂੰ ਖ਼ਤਮ ਕਰਨ ਲਈ ਵਧੇਰੇ ਤਿਆਰ ਹੁੰਦਾ ਹੈ।"

ਮਿਸਫੋਲਡਿਡ ਪ੍ਰੋਟੀਨ ਸਧਾਰਨ ਪ੍ਰੋਟੀਨ ਦੇ ਨੁਕਸਦਾਰ ਸੰਸਕਰਣ ਹਨ, ਜੋ ਕਿ ਅਣੂ ਹਨ ਤੇ ਸਰੀਰ ਵਿੱਚ ਕਈ ਤਰ੍ਹਾਂ ਦੇ ਮਹੱਤਵਪੂਰਨ ਕਾਰਜ ਕਰਦੇ ਹਨ।

ਮਿਸਫੋਲਡਿਡ ਪ੍ਰੋਟੀਨ ਕਈ ਬਿਮਾਰੀਆਂ ਨਾਲ ਜੁੜੇ ਹੋਏ ਹਨ।

**ਇੰਟਰਮਿਟੈਂਟ ਫਾਸਟਿੰਗ**

ਐਂਡਰਸਨ ਦਲੀਲ ਦਿੰਦੇ ਹਨ ਕਿ ਇੰਟਰਮਿਟੈਂਟ ਫਾਸਟਿੰਗ ਸਾਡੇ ਸਰੀਰ ਦੇ ਵਿਕਾਸ ਦੇ ਤਰੀਕੇ ਨਾਲ ਮੇਲ ਖਾਂਦਾ ਹੈ। ਉਹ ਦੱਸਦੇ ਹਨ ਕਿ ਇਹ ਸਾਡੇ ਸਰੀਰ ਨੂੰ ਇੱਕ ਵਕਫ਼ਾ ਦਿੰਦਾ ਹੈ ਤਾਂ ਜੋ ਇਹ ਭੋਜਨ ਨੂੰ ਸਟੋਰ ਕਰ ਸਕੇ ਅਤੇ ਜਿੱਥੇ ਲੋੜ ਹੋਵੇ, ਉੱਥੇ (ਸਟੋਰ ਕੀਤੀ) ਊਰਜਾ ਲੈ ਸਕੇ। ਪਡੁਆ ਯੂਨੀਵਰਸਿਟੀ (ਇਟਲੀ) ਵਿੱਚ ਕਸਰਤ ਅਤੇ ਖੇਡ ਵਿਗਿਆਨ ਦੇ ਪ੍ਰੋਫੈਸਰ ਐਂਟੋਨੀਓ ਪਾਓਲੀ ਸੰਕੇਤ ਦਿੰਦੇ ਹਨ ਕਿ ਵਰਤ ਰੱਖਣ ਨਾਲ ਸਾਡੀ ਗਲਾਈਸੈਮਿਕ ਪ੍ਰਤੀਕਿਰਿਆ ਵਿੱਚ ਵੀ ਸੁਧਾਰ ਹੋ ਸਕਦਾ ਹੈ, ਜੋ ਉਦੋਂ ਹੁੰਦਾ ਹੈ ਜਦੋਂ ਖਾਣਾ ਖਾਣ ਤੋਂ ਬਾਅਦ ਸਾਡੇ ਖ਼ੂਨ ਵਿੱਚ ਗਲੂਕੋਜ਼ ਵੱਧਦਾ ਹੈ।

ਉਹ ਅੱਗੇ ਕਹਿੰਦੇ ਹਨ ਕਿ ਖ਼ੂਨ ਵਿੱਚ ਘੱਟ ਗਲੂਕੋਜ਼ ਸਪਾਈਕ ਹੋਣ ਨਾਲ ਤੁਸੀਂ ਆਪਣੇ ਸਰੀਰ ਵਿੱਚ ਘੱਟ ਚਰਬੀ ਨੂੰ ਸਟੋਰ ਕਰ ਸਕਦੇ ਹੋ। ਪਾਓਲੀ ਕਹਿੰਦੇ ਹਨ, "ਸਾਡਾ ਡੇਟਾ ਸੁਝਾਉਂਦਾ ਹੈ ਕਿ ਰਾਤ ਦਾ ਖਾਣਾ ਜਲਦੀ ਖਾਣਾ ਅਤੇ ਖਾਲ੍ਹੀ ਪੇਟ ਰਹਿਣ ਵਾਲੇ ਸਮੇਂ ਨੂੰ ਵਧਾਉਣਾ, ਸਰੀਰ 'ਤੇ ਕੁਝ ਸਕਾਰਾਤਮਕ ਪ੍ਰਭਾਵ ਪਾਉਂਦਾ ਹੈ, ਜਿਵੇਂ ਕਿ ਬਿਹਤਰ ਗਲਾਈਸੈਮਿਕ ਨਿਯੰਤਰਣ।" ਮਾਹਰ ਅੱਗੇ ਕਹਿੰਦੇ ਹਨ ਕਿ ਗਲਾਈਕੇਸ਼ਨ ਪ੍ਰਕਿਰਿਆ ਕਾਰਨ ਸਾਰੇ ਸੈੱਲਾਂ ਵਿੱਚ ਸ਼ੂਗਰ ਦਾ ਪੱਧਰ ਘੱਟ ਹੋਣਾ ਬਿਹਤਰ ਹੁੰਦਾ ਹੈ।

ਇਹ ਉਦੋਂ ਵਾਪਰਦਾ ਹੈ ਜਦੋਂ ਗਲੂਕੋਜ਼ ਪ੍ਰੋਟੀਨ ਅਤੇ ਮਿਸ਼ਰਿਤ ਰੂਪਾਂ ਨਾਲ ਜੁੜਦਾ ਹੈ ਜਿਸ ਨੂੰ "ਐਡਵਾਂਸਡ ਗਲਾਈਕੇਸ਼ਨ ਅੰਤ ਉਤਪਾਦ" (ਐਡਵਾਂਸਡ ਗਲਾਈਕੇਸ਼ਨ ਏਂਡ ਪ੍ਰੋਡਕਟਜ਼) ਵਜੋਂ ਜਾਣਿਆ ਜਾਂਦਾ ਹੈ, ਜੋ ਸਰੀਰ ਵਿੱਚ ਸੋਜਸ਼ ਦਾ ਕਾਰਨ ਬਣ ਸਕਦਾ ਹੈ ਅਤੇ ਸ਼ੂਗਰ ਤੇ ਦਿਲ ਦੀ ਬਿਮਾਰੀ ਦੇ ਹੋਣ ਦੇ ਜੋਖ਼ਮ ਨੂੰ ਵਧਾ ਸਕਦਾ ਹੈ।

**ਮਨੋਵਿਗਿਆਨਕ ਭੁੱਖ**

ਪਰ ਜੇਕਰ ਇੰਟਰਮਿਟੈਂਟ ਫਾਸਟਿੰਗ ਇੱਕ ਸਿਹਤਮੰਦ ਤਰੀਕਾ ਹੈ, ਤਾਂ ਅਸੀਂ ਕਿੰਨੀ ਵਾਰ ਭੋਜਨ ਖਾ ਸਕਦੇ ਹਾਂ? ਕੁਝ ਮਾਹਰ ਦਲੀਲ ਦਿੰਦੇ ਹਨ ਕਿ ਦਿਨ ਵਿੱਚ ਸਿਰਫ਼ ਇਕ ਵਾਰ ਖਾਣਾ ਖਾਣਾ ਬਿਹਤਰ ਹੈ। ਮਾਹਰਾਂ ਵਿੱਚੋਂ ਇੱਕ, ਨਿਊਯਾਰਕ ਦੇ ਕਾਰਨੇਲ ਯੂਨੀਵਰਸਿਟੀ ਕਾਲਜ ਵਿੱਚ ਮਨੁੱਖੀ ਵਾਤਾਵਰਣ ਦੇ ਪ੍ਰੋਫੈਸਰ ਡੇਵਿਡ ਲੇਵਿਟਸਕੀ ਹਨ, ਜੋ ਇਸ ਆਦਤ ਦਾ ਅਭਿਆਸ ਕਰਦੇ ਹਨ। ਉਹ ਕਹਿੰਦੇ ਹਨ, "ਇੱਥੇ ਬਹੁਤ ਸਾਰਾ ਡੇਟਾ ਹੈ ਜੋ ਦਰਸਾਉਂਦਾ ਹੈ ਕਿ ਜੇ ਮੈਂ ਤੁਹਾਨੂੰ ਖਾਣ ਦੀਆਂ ਤਸਵੀਰਾਂ ਦਿਖਾਵਾਂਗਾ ਜੋ ਤੁਸੀਂ ਖਾ ਸਕਦੇ ਹੋ ਅਤੇ ਜਿੰਨਾ ਜ਼ਿਆਦਾ ਭੋਜਨ ਤੁਹਾਨੂੰ ਦਿੱਤਾ ਜਾਵੇਗਾ, ਤੁਸੀਂ ਉਸ ਦਿਨ ਓਨਾਂ ਜ਼ਿਆਦਾ ਹੀ ਖਾ ਲਓਗੇ।" ਅਜਿਹਾ ਇਸ ਲਈ ਕਿਉਂਕਿ, ਫਰਿੱਜ ਅਤੇ ਸੁਪਰਮਾਰਕੀਟਾਂ ਹੋਣ ਤੋਂ ਪਹਿਲਾਂ, ਅਸੀਂ ਖਾਣਾ ਓਦੋਂ ਹੀ ਖਾਧਾ ਹੈ ਜਦੋਂ ਉਹ ਉਪਲੱਬਧ ਹੋਇਆ। ਭੋਜਨ ਇਤਿਹਾਸਕਾਰ ਸੇਰੇਨ ਚਾਰਿੰਗਟਨ-ਹਾਲਿਨਸ ਮੁਤਾਬਕ, ਪੂਰੇ ਇਤਿਹਾਸ ਦੌਰਾਨ ਅਸੀਂ ਇੱਕ ਦਿਨ ਵਿੱਚ ਇੱਕ ਵਾਰ ਖਾਣਾ ਖਾਧਾ, ਜਿਸ ਵਿੱਚ ਪ੍ਰਾਚੀਨ ਰੋਮ ਦੇ ਲੋਕ ਵੀ ਸ਼ਾਮਲ ਹਨ ਜੋ ਦੁਪਹਿਰ ਦੇ ਆਸਪਾਸ ਖਾਣਾ ਖਾਂਦੇ ਸਨ।

ਕੀ ਇੱਕ ਦਿਨ ਦਾ ਇੱਕ ਵਾਰ ਖਾਧਾ ਖਾਣਾ ਸਾਨੂੰ ਭੁੱਖਾ ਨਹੀਂ ਛੱਡੇਗਾ? ਲੇਵਿਟਸਕੀ ਦਲੀਲ ਦਿੰਦੇ ਹਨ ਕਿ ਇਹ ਜ਼ਰੂਰੀ ਨਹੀਂ ਹੈ, ਕਿਉਂਕਿ ਭੁੱਖ ਅਕਸਰ ਇੱਕ ਮਨੋਵਿਗਿਆਨਕ ਸਥਿਤੀ ਹੁੰਦੀ ਹੈ। ਲੇਵਿਟਸਕੀ ਕਹਿੰਦੇ ਹਨ, "ਜਦੋਂ ਘੜੀ ਰਾਤ ਦੇ 12 ਵਜੇ ਦਾ ਸਮਾਂ ਦਿਖਾਉਂਦੀ ਹੈ, ਤਾਂ ਖਾਣਾ ਖਾਣ ਦਾ ਮਨ ਕਰ ਸਕਦਾ ਹੈ, ਜਾਂ ਤੁਹਾਨੂੰ ਸਵੇਰ ਦਾ ਨਾਸ਼ਤਾ ਕਰਨ ਦੀ ਆਦਤ ਹੋ ਸਕਦੀ ਹੈ, ਪਰ ਇਸ ਦਾ ਕੋਈ ਮਤਲਬ ਨਹੀਂ ਹੈ।"

"ਡੇਟਾ ਦਰਸਾਉਂਦਾ ਹੈ ਕਿ ਜੇਕਰ ਤੁਸੀਂ ਨਾਸ਼ਤਾ ਨਹੀਂ ਕਰਦੇ ਹੋ, ਤਾਂ ਤੁਸੀਂ ਦਿਨ ਭਰ ਘੱਟ ਕੈਲੋਰੀਜ਼ ਖਾਂਦੇ ਹੋ। ਸਾਡਾ ਸਰੀਰਿਕ ਵਿਗਿਆਨ ਖਾਣ ਅਤੇ ਵਰਤ ਰੱਖਣ ਲਈ ਬਣਾਇਆ ਗਿਆ ਹੈ।" ਹਾਲਾਂਕਿ, ਲੇਵਿਟਸਕੀ ਸ਼ੂਗਰ ਦੇ ਮਰੀਜ਼ਾਂ ਨੂੰ ਅਜਿਹਾ ਕਰਨ (ਇੱਕ ਵਾਰ ਖਾਣ) ਦੀ ਸਲਾਹ ਨਹੀਂ ਦਿੰਦੇ।

**ਸ਼ੂਗਰ ਪੱਧਰ ਨੂੰ ਕਾਬੂ 'ਚ ਰੱਖੋ**

ਪਰ ਮੈਨੂਗਨ ਇੱਕ ਦਿਨ ਵਿੱਚ ਸਿਰਫ਼ ਇੱਕ ਵਾਰ ਖਾਣਾ ਖਾਣ ਦੀ ਸਿਫ਼ਾਰਸ਼ ਨਹੀਂ ਕਰਦੇ, ਕਿਉਂਕਿ ਜਦੋਂ ਅਸੀਂ ਨਹੀਂ ਖਾ ਰਹੇ ਹੁੰਦੇ ਤਾਂ ਇਹ ਸਾਡੇ ਖ਼ੂਨ ਵਿੱਚ ਗਲੂਕੋਜ਼ ਦਾ ਪੱਧਰ ਵਧਾ ਸਕਦਾ ਹੈ, ਇਸ ਨੂੰ ਫਾਸਟਿੰਗ ਬਲੱਡ ਗਲੂਕੋਜ਼ ਕਿਹਾ ਜਾਂਦਾ ਹੈ। ਫਾਸਟਿੰਗ ਗਲੂਕੋਜ਼ ਦਾ ਜ਼ਿਆਦਾ ਹੋਣਾ, ਟਾਈਪ-2 ਡਾਇਬਟੀਜ਼ ਲਈ ਜੋਖ਼ਮ ਦਾ ਇੱਕ ਕਾਰਕ ਹੈ।

ਮੈਨੂਗਨ ਦੱਸਦੇ ਹਨ ਕਿ ਗਲੂਕੋਜ਼ ਦੇ ਪੱਧਰ ਨੂੰ ਘੱਟ ਰੱਖਣ ਲਈ ਦਿਨ ਵਿੱਚ ਇੱਕ ਤੋਂ ਵੱਧ ਵਾਰ ਨਿਯਮਤ ਤੌਰ 'ਤੇ ਖਾਣ ਦੀ ਲੋੜ ਹੁੰਦੀ ਹੈ, ਕਿਉਂਕਿ ਜਦੋਂ ਤੁਸੀਂ ਕੁਝ ਖਾਂਦੇ ਹੋ ਤਾਂ ਵਧੇਰੇ ਗਲੂਕੋਜ਼ ਜਾਰੀ ਹੋਣ ਕਰਕੇ ਸਰੀਰ ਇਹ ਨਹੀਂ ਸੋਚਦਾ ਕਿ ਇਹ ਭੁੱਖਾ ਹੈ। ਉਹ ਕਹਿੰਦੇ ਹਨ ਕਿ ਇੱਕ ਦਿਨ ਵਿੱਚ ਦੋ ਜਾਂ ਤਿੰਨ ਵਾਰ ਭੋਜਨ ਕਰਨਾ ਸਭ ਤੋਂ ਵਧੀਆ ਹੈ, ਖਾਸ ਤੌਰ 'ਤੇ ਜਦੋਂ ਜ਼ਿਆਦਾਤਰ ਕੈਲੋਰੀਜ਼ ਦਿਨ ਦੇ ਸ਼ੁਰੂ ਵਿੱਚ ਖ਼ਪਤ ਹੁੰਦੀਆਂ ਹਨ। ਅਜਿਹਾ ਇਸ ਲਈ ਹੈ ਕਿਉਂਕਿ ਦੇਰ ਰਾਤ ਖਾਣਾ ਕਾਰਡੀਓਮੈਟਾਬੋਲਿਕ ਬਿਮਾਰੀਆਂ ਨਾਲ ਜੁੜਿਆ ਹੋਇਆ ਹੈ, ਜਿਵੇਂ ਕਿ ਸ਼ੂਗਰ ਅਤੇ ਦਿਲ ਦੀ ਬਿਮਾਰੀ। ਮੈਨੂਗਨ ਆਖਦੇ ਹਨ, "ਜੇਕਰ ਤੁਸੀਂ ਆਪਣਾ ਜ਼ਿਆਦਾਤਰ ਭੋਜਨ ਜਲਦੀ ਖਾ ਲੈਂਦੇ ਹੋ, ਤਾਂ ਤੁਹਾਡਾ ਸਰੀਰ ਉਸ ਨੂੰ ਚਰਬੀ ਵਜੋਂ ਸਟੋਰ ਕਰਨ ਦੀ ਬਜਾਏ, ਊਰਜਾ ਦੇ ਤੌਰ 'ਤੇ ਦਿਨ ਭਰ ਲਈ ਵਰਤ ਸਕਦਾ ਹੈ।" ਪਰ ਸਵੇਰੇ ਬਹੁਤ ਜਲਦੀ ਖਾਣ ਤੋਂ ਵੀ ਪਰਹੇਜ਼ ਕਰਨਾ ਚਾਹੀਦਾ ਹੈ, ਜਿਵੇਂ ਕਿ ਉਹ ਦੱਸਦੇ ਹਨ ਕਿ ਇਸ ਨਾਲ ਤੁਹਾਡੇ ਸਰੀਰ ਨੂੰ ਖਾਲ੍ਹੀ ਪੇਟ ਰੱਖਣ ਲਈ ਕਾਫ਼ੀ ਸਮਾਂ ਨਹੀਂ ਮਿਲੇਗਾ। ਇਸ ਤੋਂ ਇਲਾਵਾ, ਜਾਗਣ ਤੋਂ ਤੁਰੰਤ ਬਾਅਦ ਖਾਣਾ ਸਾਡੀ ਸਰਕੇਡੀਅਨ ਪ੍ਰਣਾਲੀ ਦੇ ਵਿਰੁੱਧ ਕੰਮ ਕਰਦਾ ਹੈ, ਜਿਸ ਨੂੰ ਜੀਵ-ਵਿਗਿਆਨਕ ਘੜੀ ਵਜੋਂ ਜਾਣਿਆ ਜਾਂਦਾ ਹੈ।

**ਇੰਟਰਮਿਟੈਂਟ ਫਾਸਟਿੰਗ ਵਿੱਚ 8 ਘੰਟਿਆਂ ਜਾਂ ਹੋਰ ਵਕਫ਼ੇ ਤੱਕ ਕੁਝ ਨਹੀਂ ਖਾਣਾ ਹੁੰਦਾ। ਸਾਲਕ ਇੰਸਟੀਚਿਊਟ ਫਾਰ ਬਾਇਓਲੋਜੀਕਲ ਸਟੱਡੀਜ਼ (ਕੈਲੀਫੋਰਨੀਆ, ਅਮਰੀਕਾ) ਦੇ ਕਲਿਨੀਕਲ ਖੋਜਕਾਰ ਅਤੇ 2019 ਵਿੱਚ ਪ੍ਰਕਾਸ਼ਿਤ ਇੱਕ ਵਿਗਿਆਨਕ ਲੇਖ "ਕਦੋਂ ਖਾਣਾ ਹੈ" ਦੇ ਲੇਖਿਕਾ ਐਮਿਲੀ ਮੈਨੂਗੀਅਨ ਮੁਤਾਬਕ, ਦਿਨ ਵਿੱਚ ਘੱਟੋ-ਘੱਟ 12 ਘੰਟੇ ਲਈ ਕੁਝ ਨਾ ਖਾਣ ਨਾਲ ਸਾਡੀ ਪਾਚਨ ਪ੍ਰਣਾਲੀ ਨੂੰ ਆਰਾਮ ਮਿਲਦਾ ਹੈ।**

**ਨਾਸ਼ਤਾ ਇੱਕ ਨਵੀਂ ਧਾਰਨਾ**

ਇਸ ਦਾ ਮਤਲਬ ਇਹ ਨਹੀਂ ਹੈ ਕਿ ਸਾਨੂੰ ਆਪਣਾ ਨਾਸ਼ਤਾ ਛੱਡ ਦੇਣਾ ਚਾਹੀਦਾ ਹੈ, ਪਰ ਅਜਿਹੇ ਸਬੂਤ ਹਨ ਜੋ ਸਾਬਿਤ ਕਰਦੇ ਹਨ ਕਿ ਸਾਨੂੰ ਸਵੇਰੇ ਉੱਠਣ ਤੋਂ ਕਰੀਬ ਇੱਕ ਘੰਟਾ ਜਾਂ ਦੋ ਘੰਟੇ ਬਾਅਦ ਹੀ ਖਾਣਾ ਚਾਹੀਦਾ ਹੈ। ਨਾਲ ਹੀ ਇਹ ਯਾਦ ਰੱਖਣਾ ਵੀ ਜ਼ਰੂਰੀ ਹੈ ਕਿ ਨਾਸ਼ਤਾ ਸਾਡੇ ਲਈ ਕੋਈ ਬਹੁਤ ਪੁਰਾਣੀ ਚੀਜ਼ ਨਹੀਂ ਸਗੋਂ ਇੱਕ ਨਵੀਂ ਧਾਰਨਾ ਹੀ ਹੈ। ਚਾਰਿੰਗਟਨ ਹਾਲਿਨਸ ਕਹਿੰਦੇ ਹਨ, "ਸਭ ਤੋਂ ਪਹਿਲਾਂ ਨਾਸ਼ਤੇ ਦੀ ਧਾਰਨਾ ਪ੍ਰਾਚੀਨ ਯੂਨਾਨੀਆਂ ਨੇ ਪੇਸ਼ ਕੀਤੀ ਸੀ, ਉਹ ਵਾਈਨ ਵਿੱਚ ਡੁੱਬੀ ਹੋਈ ਰੋਟੀ ਖਾਂਦੇ ਸਨ, ਫਿਰ ਦੁਪਹਿਰ 'ਚ ਇੱਕ ਹਲਕਾ ਖਾਣਾ ਖਾਂਦੇ ਸਨ ਅਤੇ ਸ਼ਾਮ ਨੂੰ ਫਿਰ ਵਧੀਆ ਭੋਜਨ ਕਰਦੇ ਸਨ। ਉਹ ਦੱਸਦੇ ਹਨ ਕਿ, ਸ਼ੁਰੂ ਵਿੱਚ ਨਾਸ਼ਤਾ ਕੁਲੀਨ ਵਰਗਾਂ ਲਈ ਵਿਸ਼ੇਸ਼ ਸੀ।

ਇਹ ਪਹਿਲੀ ਵਾਰ 17ਵੀਂ ਸਦੀ ਵਿੱਚ ਪ੍ਰਸਿੱਧ ਹੋਇਆ ਸੀ, ਜਦੋਂ ਇਹ ਉਨ੍ਹਾਂ ਲੋਕਾਂ ਲਈ ਲਗਜ਼ਰੀ ਬਣ ਗਿਆ ਸੀ ਜੋ ਕਿ ਸਵੇਰ ਦੇ ਖਾਣੇ ਲਈ ਆਸਾਨੀ ਨਾਲ ਭੋਜਨ ਪ੍ਰਾਪਤ ਕਰ ਸਕਦੇ ਸਨ ਅਤੇ ਇਸਦੇ ਲਈ ਸਮਾਂ ਵੀ ਕੱਢ ਸਕਦੇ ਸਨ। ਚਾਰਿੰਗਟਨ ਆਖਦੇ ਹਨ, "ਮੌਜੂਦਾ ਧਾਰਨਾ ਕਿ ਨਾਸ਼ਤਾ ਇੱਕ ਜ਼ਰੂਰੀ ਹੈ, 19ਵੀਂ ਸਦੀ ਵਿੱਚ ਉਦਯੋਗਿਕ ਕ੍ਰਾਂਤੀ ਅਤੇ ਇਸ ਦੇ ਕੰਮ ਦੇ ਘੰਟਿਆਂ ਦੀ ਸ਼ੁਰੂਆਤ ਦੇ ਦੌਰਾਨ ਸਾਹਮਣੇ ਆਈ ਸੀ।" ਅਜਿਹੇ ਰੁਟੀਨ ਵਿੱਚ, ਇੱਕ ਦਿਨ ਵਿੱਚ ਤਿੰਨ ਵਾਰ ਭੋਜਨ ਕਰਨ ਦੀ ਗੱਲ ਕਹੀ ਜਾਂਦੀ ਹੈ। "ਪਹਿਲਾ ਖਾਣਾ ਕੰਮਕਾਜੀ ਵਰਗਾਂ ਲਈ ਕਾਫ਼ੀ ਸਧਾਰਨ ਰਿਹਾ ਹੋਵੇਗਾ, ਇਹ ਬ੍ਰੈੱਡ-ਰੋਟੀ ਜਾਂ ਸਟ੍ਰੀਟ ਫੂਡ ਹੋ ਸਕਦਾ ਹੈ।" ਸਾਡਾ ਸਰੀਰ ਸਾਨੂੰ ਸੌਣ ਵਿੱਚ ਮਦਦ ਕਰਨ ਲਈ ਰਾਤ ਨੂੰ ਮੇਲਾਟੋਨਿਨ ਛੱਡਦਾ ਹੈ, ਪਰ ਮੇਲਾਟੋਨਿਨ ਇਨਸੂਲਿਨ ਬਣਨ ਤੋਂ ਵੀ ਰੋਕਦਾ ਹੈ, ਜੋ ਕਿ ਸਰੀਰ ਵਿੱਚ ਗਲੂਕੋਜ਼ ਨੂੰ ਸਟੋਰ ਕਰਦਾ ਹੈ। ਮੈਨੂਗਨ ਦਾ ਕਹਿਣਾ ਹੈ ਕਿ ਕਿਉਂਕਿ ਮੇਲਾਟੋਨਿਨ ਨੀਂਦ ਦੌਰਾਨ ਛੱਡਿਆ ਜਾਂਦਾ ਹੈ, ਸਰੀਰ ਇਸ ਦੀ ਵਰਤੋਂ ਇਹ ਯਕੀਨੀ ਬਣਾਉਣ ਲਈ ਕਰਦਾ ਹੈ ਕਿ ਅਸੀਂ ਸੌਣ ਵੇਲੇ ਬਹੁਤ ਜ਼ਿਆਦਾ ਗਲੂਕੋਜ਼ ਨਾ ਲਈਏ ਤੇ ਜ਼ਿਆਦਾ ਨਾ ਖਾਈਏ।

ਉਹ ਕਹਿੰਦੇ ਹਨ, "ਜਦੋਂ ਮੇਲਾਟੋਨਿਨ ਵੱਧ ਹੋਵੇ ਤੇ ਤੁਸੀਂ ਕੈਲੋਰੀਜ਼ ਖਾਂਦੇ ਹੋ ਤਾਂ ਤੁਹਾਡਾ ਸ਼ੂਗਰ ਪੱਧਰ ਵਧ ਜਾਵੇਗਾ।" "ਰਾਤ ਵੇਲੇ ਬਹੁਤ ਸਾਰੀ ਕੈਲੋਰੀਜ਼ ਲੈਣੀ, ਸਰੀਰ ਲਈ ਇੱਕ ਵੱਡੀ ਚੁਣੌਤੀ ਬਣ ਸਕਦੀ ਹੈ, ਕਿਉਂਕਿ ਜੇਕਰ ਇਨਸੂਲਿਨ ਨੂੰ ਦਬਾ ਦਿੱਤਾ ਜਾਂਦਾ ਹੈ ਤਾਂ ਤੁਹਾਡਾ ਸਰੀਰ ਗਲੂਕੋਜ਼ ਨੂੰ ਸਹੀ ਢੰਗ ਨਾਲ ਜਮਾਂ ਨਹੀਂ ਕਰ ਪਾਉਂਦਾ।" ਜਿਵੇਂ ਕਿ ਪਤਾ ਹੀ ਹੈ ਕਿ ਲੰਬੇ ਸਮੇਂ ਲਈ ਗਲੂਕੋਜ਼ ਦਾ ਉੱਚ ਪੱਧਰ, ਟਾਈਪ-2 ਡਾਇਬਟੀਜ਼ ਹੋਣ ਦੇ ਜੋਖ਼ਮ ਨੂੰ ਵਧਾ ਸਕਦਾ ਹੈ।

ਪਰ ਯੁੱਧ ਤੋਂ ਬਾਅਦ, ਜਦੋਂ ਭੋਜਨ ਦੀ ਉਪਲੱਬਧਤਾ ਘਟ ਗਈ, ਤਾਂ ਭਰ ਪੇਟ ਨਾਸ਼ਤਾ ਕਰਨਾ ਸੰਭਵ ਨਹੀਂ ਰਿਹਾ ਅਤੇ ਬਹੁਤ ਸਾਰੇ ਲੋਕਾਂ ਨੇ ਇਸ ਨੂੰ ਛੱਡ ਦਿੱਤਾ।

ਚਾਰਿੰਗਟਨ ਹੋਲਿਨਸ ਮੁਤਾਬਕ, "ਦਿਨ ਵਿੱਚ ਤਿੰਨ ਵਾਰ ਖਾਣ ਦਾ ਵਿਚਾਰ ਰੁਕ ਗਿਆ। 1950 ਦੇ ਦਹਾਕੇ ਵਿੱਚ, ਨਾਸ਼ਤਾ ਉਹ ਬਣ ਗਿਆ ਜੋ ਅਸੀਂ ਅੱਜ ਜਾਣਦੇ ਹਾਂ, ਸੀਰੀਅਲ (ਦਲੀਆ ਆਦਿ) ਅਤੇ ਟੋਸਟ। ਇਸ ਤੋਂ ਪਹਿਲਾਂ, ਅਸੀਂ ਜੈਮ ਨਾਲ ਬ੍ਰੈੱਡ ਖਾਣਾ ਪਸੰਦ ਕਰਦੇ ਸੀ।"

**ਸਭ ਤੋਂ ਅਨੁਕੂਲ ਆਦਤਾਂ**

ਇਸ ਤਰ੍ਹਾਂ, ਵਿਗਿਆਨ ਕਹਿੰਦਾ ਜਾਪਦਾ ਹੈ ਕਿ ਇੱਕ ਦਿਨ ਦੌਰਾਨ ਖਾਣ ਦਾ ਸਭ ਤੋਂ ਸਿਹਤਮੰਦ ਤਰੀਕਾ ਹੈ ਕਿ ਦੋ ਜਾਂ ਤਿੰਨ ਵਾਰ ਖਾਓ, ਰਾਤ ਭਰ ਆਪਣੇ ਢਿੱਡ ਨੂੰ ਖਾਲ੍ਹੀ ਰਹਿਣ ਦਿਓ, ਦਿਨ ਵਿੱਚ ਬਹੁਤ ਜਲਦੀ ਜਾਂ ਬਹੁਤ ਦੇਰ ਨਾਲ ਨਾ ਖਾਓ ਅਤੇ ਵਧੇਰੇ ਕੈਲੋਰੀਜ਼ ਦਿਨ ਦੇ ਸ਼ੁਰੂਆਤੀ ਹਿੱਸੇ ਵਿੱਚ ਹੀ ਖਾਓ। ਪਰ ਕੀ ਇਹ ਯਥਾਰਥਵਾਦੀ ਹੈ? ਮੈਨੂਗਨ ਦਾ ਮੰਨਣਾ ਹੈ ਕਿ ਖਾਣ ਲਈ ਸਭ ਤੋਂ ਵਧੀਆ ਸਮਾਂ ਨਿਰਧਾਰਤ ਨਾ ਕਰਨਾ ਹੀ ਸਭ ਤੋਂ ਵਧੀਆ ਹੈ, ਕਿਉਂਕਿ ਇਹ ਉਨ੍ਹਾਂ ਲੋਕਾਂ ਲਈ ਮੁਸ਼ਕਿਲ ਹੋ ਸਕਦਾ ਹੈ ਜਿਨ੍ਹਾਂ ਦੀਆਂ ਜ਼ਿੰਮੇਵਾਰੀਆਂ ਅਨਿਯਮਿਤ ਅਤੇ ਅਨਿਸ਼ਚਿਤ ਹਨ, ਮਿਸਾਲ ਵਜੋਂ ਉਹ ਲੋਕ ਜੋ ਰਾਤ ਦੀ ਸ਼ਿਫਟ ਵਿੱਚ ਕੰਮ ਕਰਦੇ ਹਨ। ਉਹ ਕਹਿੰਦੇ ਹਨ, "ਲੋਕਾਂ ਨੂੰ ਸ਼ਾਮ 7 ਵਜੇ ਖਾਣਾ ਬੰਦ ਕਰਨ ਲਈ ਕਹਿਣਾ ਲਾਭਦਾਇਕ ਨਹੀਂ ਹੈ ਕਿਉਂਕਿ ਲੋਕਾਂ ਦੇ ਵੱਖੋ-ਵੱਖਰੇ ਕਾਰਜਕ੍ਰਮ ਹਨ।"

"ਜੇ ਤੁਸੀਂ ਰਾਤ ਭਰ ਖਾਲ੍ਹੀ ਪੇਟ ਰਹਿਣ ਦੀ ਕੋਸ਼ਿਸ਼ ਕਰ ਰਹੇ ਹੋ, ਤਾਂ ਕੋਸ਼ਿਸ਼ ਕਰੋ ਕਿ ਬਹੁਤ ਦੇਰ ਨਾਲ ਜਾਂ ਬਹੁਤ ਜਲਦੀ ਨਾ ਖਾਵੋ ਅਤੇ ਕੋਸ਼ਿਸ਼ ਕਰੋ ਕਿ ਦਿਨ ਦੇ ਅੰਤ ਵਿੱਚ ਭਾਰੀ ਖਾਣਾ ਨਾ ਖਾਧਾ ਜਾਵੇ। ਇਹ ਤੁਹਾਡੇ ਲਈ ਮਦਦਗਾਰ ਹੋ ਸਕਦਾ ਹੈ।" ਉਹ ਅੱਗੇ ਆਖਦੇ ਹਨ, "ਤੁਸੀਂ ਆਪਣੇ ਪਹਿਲੇ ਭੋਜਨ ਵਿੱਚ ਥੋੜ੍ਹੀ ਜਿਹੀ ਦੇਰੀ ਕਰ ਕੇ ਅਤੇ ਆਪਣੇ ਆਖਰੀ ਭੋਜਨ ਨੂੰ ਥੋੜ੍ਹਾ ਜਿਹਾ ਪਹਿਲਾਂ ਕਰ ਕੇ, ਕਾਫੀ ਤਬਦੀਲੀ ਦੇਖ ਸਕਦੇ ਹੋ। ਨਿਯਮਤ ਤੌਰ 'ਤੇ ਅਜਿਹਾ ਕਰਨਾ, ਉਹ ਵੀ ਬਿਨਾਂ ਕੀ ਹੋਰ ਬਦਲਾਅ ਕੀਤੇ, ਵਾਕਈ ਅਸਰਦਾਰ ਹੋ ਸਕਦਾ ਹੈ।" ਪਰ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਕੀ ਬਦਲਾਅ ਲਿਆਉਂਦੇ ਹੋ, ਖੋਜਕਾਰ ਇਸ ਗੱਲ ਨਾਲ ਸਹਿਮਤ ਹਨ ਕਿ ਇਕਸਾਰਤਾ ਮਹੱਤਵਪੂਰਨ ਹੈ।

ਐਂਡਰਸਨ ਕਹਿੰਦੇ ਹਨ, "ਸਰੀਰ ਪੈਟਰਨਾਂ ਵਿੱਚ ਕੰਮ ਕਰਦਾ ਹੈ। ਅਸੀਂ ਖੁਆਏ ਜਾਣ ਦੀ ਉਮੀਦ ਦਾ ਜਵਾਬ ਦਿੰਦੇ ਹਾਂ। ਇੱਕ ਚੀਜ਼ ਜੋ ਇੰਟਰਮਿਟੈਂਟ ਫਾਸਟਿੰਗ ਕਰਦੀ ਹੈ, ਉਹ ਇਹ ਹੈ ਕਿ ਇਹ ਇੱਕ ਪੈਟਰਨ ਲਾਗੂ ਕਰਦੀ ਹੈ ਅਤੇ ਸਾਡੇ ਬਾਇਓਲਾਜਿਕਲ ਸਿਸਟਮ ਪੈਟਰਨ ਨਾਲ ਚੰਗੀ ਤਰ੍ਹਾਂ ਕੰਮ ਕਰਦੇ ਹਨ।" ਉਹ ਦਾਅਵਾ ਕਰਦੇ ਹਨ ਕਿ ਸਰੀਰ ਸਾਡੇ ਖਾਣ-ਪੀਣ ਨਾਲ ਸਬੰਧਤ ਵਿਵਹਾਰਾਂ ਦਾ ਅੰਦਾਜ਼ਾ ਲਗਾਉਣ ਲਈ ਸੰਕੇਤਾਂ ਨੂੰ ਸਮਝਦਾ ਹੈ ਤਾਂ ਜੋ ਜਦੋਂ ਅਸੀਂ ਭੋਜਨ ਖਾਂਦੇ ਹਾਂ ਤਾਂ ਇਹ ਉਸ ਭੋਜਨ ਨਾਲ ਬਿਹਤਰ ਢੰਗ ਨਾਲ ਨਜਿੱਠ ਸਕੇ। ਜਦੋਂ ਇਹ ਗੱਲ ਆਉਂਦੀ ਹੈ ਕਿ ਕਿੰਨੀ ਵਾਰ ਦੇ ਭੋਜਨ ਨੂੰ ਠੀਕ ਸਮਝਿਆ ਜਾਵੇ, ਤਾਂ ਚਾਰਿੰਗਟਨ-ਹਾਲਿਨਸ ਕਹਿੰਦੇ ਹਨ ਕਿ ਉਹ ਦਿਸਹੱਦਾ (ਹੋਰੀਜ਼ਨ) 'ਤੇ ਤਬਦੀਲੀਆਂ ਦੇਖ ਰਹੇ ਹਨ।

ਉਹ ਕਹਿੰਦੇ ਹਨ, "ਸਦੀਆਂ ਤੋਂ ਅਸੀਂ ਆਪਣੇ ਆਪ ਨੂੰ ਦਿਨ ਵਿੱਚ ਤਿੰਨ ਵਾਰ ਭੋਜਨ ਕਰਨ ਦੇ ਆਦੀ ਬਣਾਇਆ ਹੋਇਆ ਹੈ ਪਰ ਹੁਣ ਇਸਨੂੰ ਚੁਣੌਤੀ ਦਿੱਤੀ ਜਾ ਰਹੀ ਹੈ ਅਤੇ ਖਾਣ ਨੂੰ ਲੈ ਕੇ ਲੋਕਾਂ ਦਾ ਰਵੱਈਆ ਬਦਲ ਰਿਹਾ ਹੈ।" "ਸਾਡੀ ਜੀਵਨ ਸ਼ੈਲੀ ਗੰਭੀਰ ਹੈ, ਅਸੀਂ ਉਸ ਪੱਧਰ ਦਾ ਕੰਮ ਨਹੀਂ ਕਰ ਰਹੇ ਜੋ ਅਸੀਂ 19ਵੀਂ ਸਦੀ ਵਿੱਚ ਕਰਦੇ ਸੀ, ਇਸ ਲਈ ਸਾਨੂੰ ਘੱਟ ਕੈਲੋਰੀਜ਼ ਦੀ ਲੋੜ ਹੈ।" "ਮੈਨੂੰ ਲੱਗਦਾ ਹੈ ਕਿ ਲੰਬੇ ਸਮੇਂ ਵਿੱਚ ਅਸੀਂ, ਕਿਸ ਪ੍ਰਕਾਰ ਦਾ ਕੰਮ ਕਰਦੇ ਹਾਂ, ਇਸ ਨੂੰ ਧਿਆਨ 'ਚ ਰੱਖਦੇ ਹੋਏ ਹਲਕੇ ਭੋਜਨ ਅਤੇ ਫਿਰ ਇੱਕ ਮੁੱਖ ਭੋਜਨ ਕਰਨ ਦੇ ਤਰੀਕੇ ਵੱਲ ਵਾਪਸ ਮੁੜ ਜਾਵਾਂਗੇ।" "ਜਦੋਂ ਅਸੀਂ ਰਾਸ਼ਨ-ਵਿਵਸਥਾ ਤੱਕ ਪਹੁੰਚੇ, ਤਾਂ ਅਸੀਂ ਦਿਨ ਵਿੱਚ ਤਿੰਨ ਵਾਰ ਖਾਣਾ ਖਾਧਾ ਕਿਉਂਕਿ ਅਚਾਨਕ ਸਾਡੇ ਕੋਲ ਬਹੁਤ ਸਾਰਾ ਭੋਜਨ ਸੀ, ਪਰ ਸਮਾਂ ਬੀਤਦਾ ਹੈ ਅਤੇ ਹੁਣ ਹਰ ਜਗ੍ਹਾ ਭੋਜਨ ਹੈ।"





# MISSION
## PEAK BROCKERS, INC

For the best possible price and highest profit, call a Business Professional.

As the **President of Mission Peak Brokers, Inc.** and also a **Commercial Real Estate Broker,** I offer you guidance that is based on extensive experience in Sales. Acquisition and Financing of Commercial Real Estate and the purchase of businesses.

Mission Peak Brokers, Inc. is a leading **Business Brokerage** firm based in the San Francisco Bay Area providing t he services required for the sale and acquisition of main street retail business opportunities and commercial real estate as well as an all-inclusive assistance with the business and commercial loan process.

We are here to secure your objectives through a standard of aggressive diligence, measurable integrity and the highest standard of excellence **knowing our client's satisfactions is our ultimate goal.**

## CALL A PROFESSIONAL AND GET THE BEST POSSIBLE PRICES AND HIGHEST PROFITS

**I am a top rated Business and Commercial Real Estate broker with vast experience in Sales.**

**Acquisition and Financing of Commercial Real Estate.**





# GET TOP DOLLAR$

## FOR YOUR COMMERCIAL PROPERTY



# CALL TODAY

## (510) 490-9705

hrsidhu@gmail.com

www.missionpeakbrokers.com

## Harpreet "Harry" Sidhu, CBB
## Broker/president

**BRE Lic #1433114**

**Broker Lic # 01792260**

